# ਕੱਕਾ ਰੇਤਾ



ਬਲਵੰਤ ਗਾਰਗੀ

www.PunjabiLibrary.com

# ਕੱਕਾ ਰੇਤਾ

(ਨਾਵਲ)

## ਲੇਖਕ ਦੀਆਂ ਹੋਰ ਪੁਸਤਕਾਂ

| | |
|---|---|
| ਅਭਿਸਾਰਿਕਾ | (ਨਾਟਕ) |
| ਲੋਹਾ ਕੁਟ | ,, |
| ਧੂਣੀ ਦੀ ਅੱਗ | ,, |
| ਸੁਲਤਾਨ ਰਜ਼ੀਆ | ,, |
| ਕਣਕ ਦੀ ਬੱਲੀ | ,, |
| ਸੌਂਕਣ | ,, |
| ਮਿਰਜ਼ਾ ਸਾਹਿਬਾਂ | ,, |
| ਕੁਆਰੀ ਟੀਸੀ | ,, |
| ਪੱਤਣ ਦੀ ਬੇੜੀ | ,, ਪੇਪਰ ਬੈਕ |
| ਐਕਟ੍ਰੈੱਸ | ,, |
| ਚਾਕੂ | ,, |
| ਪੈਂਤੜੇਬਾਜ਼ | ,, |
| ਕਾਸ਼ਨੀ ਵਿਹੜਾ | (ਯਾਦਾਂ) |
| ਨੰਗੀ ਧੁੱਪ | (ਜੀਵਨੀ) |
| ਹੁਸੀਨ ਚਿਹਰੇ | (ਰੇਖਾ ਚਿੱਤਰ) |
| ਨਿੰਮ ਦੇ ਪੱਤੇ | ,, |
| ਸੁਰਮੇ ਵਾਲੀ ਅੱਖ | ,, |
| ਕੌਡੀਆਂ ਵਾਲਾ ਸੱਪ | ,, |
| ਸ਼ਰਬਤ ਦੀਆਂ ਘੁੱਟਾਂ | |
| ਰੰਗ ਮੰਚ | |
| ਪਾਤਾਲ ਦੀ ਧਰਤੀ | |
| ਮਿਰਚਾਂ ਵਾਲਾ ਸਾਧ | (ਕਹਾਣੀਆਂ) |



# ਕੱਕਾ ਰੇਤਾ

ਬਲਵੰਤ ਗਾਰਗੀ

ਬਲਕਰਨ ਸਿੰਘ

ਨਵਯੁਗ ਪਬਲਿਸ਼ਰਜ਼
ਨਵੀਂ ਦਿੱਲੀ

KAKKA RETA (Novel)

*by*

Balwant Gargi

NAVYUG PUBLISHERS
K-24, Hauz Khas, New Delhi-110016
E-mail: navyugpublishers@gmail.com

© 2015

ਪਹਿਲੀ ਵਾਰ : 1993
ਦੂਜੀ ਵਾਰ : 2005

ਪ੍ਰਕਾਸ਼ਕ :
ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ, ਨਵੀਂ ਦਿੱਲੀ-110016
ਫ਼ੋਨ : 26802488, ਘਰ : 26518248

ਛਾਪਕ :
ਐਚ. ਐਸ. ਆਫਸੈਟ
ਦਰਿਆ ਗੰਜ, ਨਵੀਂ ਦਿੱਲੀ-110 002

ਮੁੱਲ : 80/-

ISBN 81-85267-90-1

ਮੇਰੀ ਮਾਂ

ਜਿਸ ਦੀਆਂ ਗਾਲ੍ਹਾਂ ਵੀ

ਘਿਓ ਦੀਆਂ ਨਾਲਾਂ ਸਨ

**"ਕੱਕਾ ਰੇਤਾ"** ਯਥਾਰਥਕ ਨਾਵਲ ਦੀ ਪਰੰਪਰਾ ਨੂੰ ਅੱਗੇ ਤੋਰਦਾ ਹੈ। ਇਸ ਵਿਚ ਪੇਂਡੂ ਜੀਵਨ ਦੀ ਰਸ-ਛਲਕਦੀ ਤਸਵੀਰ, ਨਿੱਕੇ ਨਿੱਕੇ ਜਜ਼ਬੇ, ਧੜਕਣਾਂ ਤੇ ਸੱਧਰਾਂ ਹਨ। ਮਾਂ, ਭੈਣ-ਭਰਾਵਾਂ ਦੇ ਪਿਆਰ, ਸਕੂਲ ਦੀ ਮੁੱਢਲੀ ਪੜ੍ਹਾਈ ਦੇ ਚਿੱਤਰ, ਖੇਤਾਂ ਦੀ ਖ਼ੂਬਸੂਰਤੀ ਤੇ ਅੱਲ੍ਹੜ ਅਵਸਥਾ ਦੇ ਸੁਚੇਤ ਤੇ ਉਪਚੇਤ ਦੇ ਸੁਫ਼ਨੇ ਕਮਾਲ ਤਰੀਕੇ ਨਾਲ ਗੁੰਦੇ ਹੋਏ ਹਨ। ਪ੍ਰਿੰਸੀਪਲ ਤੇਜਾ ਸਿੰਘ ਦੇ ਕਥਨ ਅਨੁਸਾਰ "ਕੱਕਾ ਰੇਤਾਂ ਵਿਚ ਮੇਰੇ ਬਚਪਨ ਦੀਆਂ ਪੈੜਾਂ ਹਨ।"

ਬਲਵੰਤ ਗਾਰਗੀ ਨੇ ਇਕ ਪੇਂਡੂ ਮੁੰਡੇ ਦੇ ਨਿਜੀ ਤਜਰਬੇ ਤੇ ਜਜ਼ਬੇ ਨੂੰ ਕਲਪਨਾ ਦੀ ਪਾਹ ਦੇ ਕੇ ਸਾਡੇ ਸਭਨਾਂ ਦਾ ਸਾਂਝਾ ਤਜਰਬਾ ਬਣਾ ਦਿੱਤਾ ਹੈ। ਨਾਵਲ ਦੀ ਸ਼ੈਲੀ ਵਿਚ ਸਰਲਤਾ, ਮੌਲਿਕਤਾ ਤੇ ਖਿੱਚ ਹੈ। ਇਸ ਦਾ ਉਹੀ ਸੁਆਦ ਹੈ ਜੋ ਕੱਚੇ ਦੁੱਧ ਦਾ ਹੁੰਦਾ ਹੈ।

—ਪ੍ਰਕਾਸ਼ਕ

# ਇੱਕ

ਰਾਤ ਨੂੰ ਰੋਟੀ ਖਾ ਹਟਣ ਪਿਛੋਂ ਚਿਰ ਤੀਕਰ ਮੇਰੀ ਮਾਂ ਬੈਠੀ ਅਟੇਰਨ ਉੱਤੇ ਗਲੋਟੇ ਅਟੇਰਦੀ ਰਹਿੰਦੀ। ਮੈਂ ਉਹਦੇ ਕੋਲ ਬੈਠਾ ਪਟਾਰੀ ਵਿਚ ਨੱਚਦੇ ਟੱਪਦੇ ਗਲੋਟਿਆਂ ਦਾ ਨਾਚ ਦੇਖਦਾ ਰਹਿੰਦਾ। ਸਰਹੋਂ ਦੇ ਦੀਵੇ ਦੀ ਪੀਲੀ ਰੌਸ਼ਨੀ ਵਿਚ ਕੰਧ ਉੱਤੇ ਇਕ ਵੱਡਾ ਕਾਲਾ ਅਟੇਰਨ ਓਸੇ ਤਰ੍ਹਾਂ ਮਾਂ ਦੇ ਹੱਥਾਂ ਉੱਤੇ ਘੁੰਮਦਾ ਰਹਿੰਦਾ। ਕਈ ਕਈ ਘੰਟੇ ਬੈਠਾ ਮੈਂ ਕੰਧ ਦੀਆਂ ਇਹ ਖ਼ਾਮੋਸ਼ ਮੂਰਤਾਂ ਦੇਖਦਾ ਰਹਿੰਦਾ। ਕਦੇ ਕਦੇ ਮੇਰੀ ਮਾਂ ਉਬਾਸੀ ਲੈਂਦੀ ਤਾਂ ਉਹਦੇ ਮੂੰਹ ਦੀ ਛਾਂ ਕੰਧ ਉਤੇ ਐਡੀ ਵੱਡੀ ਹੋ ਜਾਂਦੀ ਕਿ ਮੈਂ ਡਰ ਜਾਂਦਾ।

ਇਹ ਤਾਣਾ ਬਾਣਾ ਖ਼ਬਰ ਨਹੀਂ ਕਦ ਤੀਕ ਜਾਰੀ ਰਹਿੰਦਾ। ਮੈਂ ਬੈਠਾ ਸਵਾਲ ਕੱਢਦਾ ਰਹਿੰਦਾ। ਸੋਹਨ ਲਾਲ ਦਾ ਜੁਗਰਾਫ਼ੀਆ ਯਾਦ ਕਰਦਾ ਰਹਿੰਦਾ। 'ਸਾਡੇ ਗੁਆਂਢੀ', 'ਹਿਮਾਲੀਆ ਪਹਾੜ', 'ਗਰਮ ਦੇਸ਼ ਦੇ ਵਸਨੀਕ' ਵਾਰੀ ਵਾਰੀ ਸਾਰੇ ਸਬਕ ਪੜ੍ਹ ਲੈਂਦਾ ਤੇ ਮੇਰੇ ਸਾਹਮਣੇ ਕੰਧ ਉੱਤੇ ਛਾਂ ਤਰ੍ਹਾਂ ਤਰ੍ਹਾਂ ਦੇ ਖੇਡੇ ਕਰਦੀ ਰਹਿੰਦੀ। ਜਦ ਕਦੀ ਉਸ ਵਿਚ ਕਿਸੇ ਤਰ੍ਹਾਂ ਦੀ ਬਦਲੀ ਹੁੰਦੀ, ਮੇਰੀ ਨਜ਼ਰ ਝਟ ਸਲੇਟ ਤੋਂ ਉੱਡ ਕੇ ਉਥੇ ਪਹੁੰਚ ਜਾਂਦੀ। ਮੇਰੀ ਮਾਂ ਹੈਰਾਨ ਹੁੰਦੀ ਕਿ ਮੈਂ ਘੜੀ ਮੁੜੀ ਸਿਰ ਚੁੱਕ ਕੇ ਉਹਦੇ ਪਿਛਾਂਹ ਕੀ ਦੇਖਦਾ ਹਾਂ। ਫਿਰ ਮੈਨੂੰ ਉਹ ਸਮਝਾਂਦੀ ਕਿ ਛਾਂ ਵੱਲ ਨਹੀਂ ਦੇਖੀਦਾ, ਰਾਤ ਨੂੰ ਭੂਤ ਆ ਜਾਂਦੇ ਹਨ।

ਕਈ ਵਾਰ ਮੈਂ ਤੇ ਮੇਰਾ ਨਿੱਕਾ ਭਰਾ, ਕੇਵਲ, ਪਤਲੇ ਪਤਲੇ ਕਾਨਿਆਂ ਨੂੰ ਅੱਗ ਲਾ ਕੇ ਹਵਾ ਵਿਚ ਘੁਮਾਉਂਦੇ। ਫੁੱਲ ਵਰਗੇ ਨਰਮ ਚੰਗਿਆੜਿਆਂ ਦਾ ਇਕ ਸੁਹਣਾ ਚੱਕਰ ਬੱਝ ਜਾਂਦਾ। ਮੈਂ ਇਕ ਵਾਰ ਸਰਕਸ ਵਿਚ ਇਕ ਆਦਮੀ ਨੂੰ ਇਕ ਵੱਡੀ ਸਾਰੀ ਸੋਟੀ ਦੇ ਦੋਹਾਂ ਸਿਰਿਆਂ ਉੱਤੇ ਮਿੱਟੀ ਦੇ ਤੇਲ ਵਿਚ ਭਿੱਜੇ ਰੂੰ ਦੇ ਗੋਲਿਆਂ ਨੂੰ ਅੱਗ ਲਾ ਕੇ ਘੁਮਾਉਂਦੇ ਤੱਕਿਆ ਸੀ। ਉਹਦੀ ਰੀਸੀਂ ਮੈਂ ਵੀ ਟਾਂਡੇ ਦੇ ਦੋਹਾਂ ਸਿਰਿਆਂ ਨੂੰ ਅੱਗ ਲਾ ਕੇ ਹਵਾ ਵਿਚ ਘੁਮਾਉਣ ਲੱਗ ਪੈਂਦਾ। ਇਕ ਵਾਰੀ ਕੋਲ ਦੀ ਲੰਘਦੀ ਭਾਬੀ ਦਾ ਦੁਪੱਟਾ ਮੇਰੇ ਇਸ ਕਰਤਬ ਵਿਚ ਉਲਝ ਗਿਆ ਤੇ ਅੱਗ ਲਗਦੇ ਲਗਦੇ ਮਸਾਂ ਬਚਿਆ। ਉਸ

ਦਿਨ ਮੇਰੇ ਕੰਨ ਖਿੱਚੇ ਗਏ ਤੇ ਤਾੜਿਆ ਗਿਆ, "ਖ਼ਬਰਦਾਰ, ਜੇ ਕਦੇ ਅੱਗ ਨਾਲ ਖੇਡਿਆ।"

ਪਰ ਮੈਨੂੰ ਇਸ ਖੇਡ ਵਿਚ ਬੜਾ ਸੁਆਦ ਆਉਂਦਾ। ਅਸੀਂ ਦੋਵੇਂ ਭਰਾ ਆਪਣੇ ਆਪਣੇ ਟਾਂਡਿਆਂ ਨੂੰ ਅੱਗ ਲਾ ਕੇ ਇਕ ਦੂਜੇ ਨਾਲ ਗੱਤਕਾ ਖੇਡਣ ਲੱਗ ਪੈਂਦੇ ਪਰ ਇਹ ਖੇਡ ਵੀ ਘਰ ਦੇ ਕਿਸੇ ਬੰਦੇ ਤੋਂ ਨਾ ਜਰੀ ਜਾਂਦੀ ਤੇ ਸਾਨੂੰ ਦੋਹਾਂ ਨੂੰ ਉਸੇ ਤਰ੍ਹਾਂ ਕੁੱਟਿਆ ਜਾਂਦਾ।

ਜੇ ਮੈਂ ਮੰਜੀ ਉਤੇ ਬੈਠਾ ਬੈਠਾ ਟੰਗ ਹਲਾਉਣ ਲੱਗ ਜਾਂਦਾ ਤਾਂ ਝੱਟ ਮੇਰੀ ਮਾਂ ਟੋਕ ਦਿੰਦੀ, "ਨਿਚੱਲਾ ਨਹੀਂ ਬੈਠੀਦਾ, ਟੱਪੀ ਜਾਨੈਂ?" ਮੈਂ ਟੰਗਾਂ ਚੁੱਪ ਕਰਾਉਂਦਾ ਤਾਂ ਹੱਥ ਕਿਸੇ ਨਾ ਕਿਸੇ ਚੀਜ਼ ਨਾਲ ਖੇਡਣ ਲੱਗ ਜਾਂਦੇ, ਮਾਂ ਕਚੂਚ ਹੋ ਕੇ ਕਹਿੰਦੀ, "ਵੇ ਤੈਥੋਂ ਟਿੱਕ ਕੇ ਨਹੀਂ ਬੈਠੀਦਾ?" ਰੋਟੀ ਪਕਾ ਚੁਕਣ ਪਿਛੋਂ ਜਦ ਚੁਲ੍ਹੇ ਤੋਂ ਉਹ ਤਵਾ ਉਲਟਾਂਦੀ ਤਾਂ ਮੈਂ ਬੜਾ ਚਿਰ ਉਨ੍ਹਾਂ ਬਰੀਕ ਤਾਰਿਆਂ ਵੱਲ ਦੇਖਦਾ ਰਹਿੰਦਾ ਜਿਹੜੇ ਕਾਲਖ਼ ਵਿਚ ਇਕ ਅਮੁੱਕ ਸਿਲਸਿਲੇ ਵਿਚ ਉੱਠਦੇ ਤੇ ਮਰ ਜਾਂਦੇ, ਜਿਵੇਂ ਇਹ ਤਵੇ ਦੀ ਕਾਲਖ਼ ਬ੍ਰਹਿਮੰਡ ਹੋਵੇ ਤੇ ਇਹ ਛੋਟੇ ਛੋਟੇ ਚੰਗਿਆੜੇ ਅਨਗਿਣਤ ਤਾਰਿਆਂ ਵਾਂਗ ਅਨੰਤ ਵਿਥ ਤੇ ਕਾਲ ਦੇ ਨਾ ਖ਼ਤਮ ਹੋਣ ਵਾਲੇ ਚੱਕਰ ਵਿਚ ਬੰਨ੍ਹੇ ਹੋਏ ਦੌੜ ਰਹੇ ਹੋਣ।

ਸਿਆਲੇ ਵਿਚ ਅੰਗੀਠੀ ਬਾਲ ਕੇ ਅਸੀਂ ਉਹਦੇ ਆਲੇ ਦੁਆਲੇ ਭੈਣ ਭਰਾ ਹੱਥ ਪੈਰ ਸੇਕਣ ਬੈਠ ਜਾਂਦੇ। ਮੇਰੀ ਮਾਂ ਪਾਟੀਆਂ ਹੋਈਆਂ ਬਿਆਈਆਂ ਵਿਚ ਸਲਾਈ ਗਰਮ ਕਰ ਕਰ ਕੇ ਮੋਮ ਭਰਦੀ ਰਹਿੰਦੀ। ਅਸੀਂ ਭਖ਼ਦੇ ਹੋਏ ਕੋਲਿਆਂ ਨੂੰ ਵੇਖਦੇ ਰਹਿੰਦੇ। ਸੁਆਹ ਦੀ ਇਕ ਬਰੀਕ ਤਹਿ ਉਨ੍ਹਾਂ ਉੱਤੇ ਬੈਠ ਜਾਂਦੀ। ਕਿਰੇ ਹੋਏ ਤੇ ਖਿੰਡੇ ਹੋਏ ਅੰਗਿਆਰਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਸ਼ਕਲਾਂ ਬਣਦੀਆਂ ਰਹਿੰਦੀਆਂ। ਮੈਂ ਚੀਖ਼ ਕੇ ਕਹਿੰਦਾ, "ਕੇਵਲਾ, ਇਹ ਦੇਖ ਮਗਰ ਮੱਛ ਦਾ ਮੂੰਹ।"

ਥੋੜ੍ਹੇ ਚਿਰ ਪਿਛੋਂ ਇਕ ਕੋਲਾ ਖਿਸਕ ਕੇ ਇਧਰ ਉਧਰ ਹੋ ਜਾਂਦਾ ਤਾਂ ਮੇਰੀ ਵੱਡੀ ਭੈਣ ਭਗਵਤੀ ਕਹਿੰਦੀ, "ਖੂੰਜੇ ਦੇ ਅੰਗਿਆਰ ਨੂੰ ਦੇਖ, ਜਿਵੇਂ ਹਨੂਮਾਨ ਪਹਾੜ ਚੁੱਕੀ ਖੜਾ ਹੋਵੇ।"

ਦੂਜੀ ਭੈਣ ਸ਼ਾਂਤੀ ਆਖਦੀ, "ਨੀ ਵਿਚਾਲੇ ਨੂੰ ਤੱਕ, ਹੈ ਕਿ ਨਹੀਂ ਸਾਵਾਂ ਸ਼ੇਰ ਦਾ ਮੂੰਹ।"

ਇਹ ਖੇਡ ਬਹੁਤ ਚਿਰ ਤਾਈਂ ਤੁਰੀ ਜਾਂਦੀ। ਫੇਰ ਜਦ ਅੱਗ ਬੁੱਝਣ ਦੇ ਨੇੜੇ ਆਉਂਦੀ, ਮੈਂ ਚੋਰੀਓਂ ਘਿਉ ਦਾ ਤੁਪਕਾ ਛਿੜਕ ਦਿੰਦਾ। ਬੁੱਝਦੇ

ਹੋਏ ਅੰਗਾਰੇ ਵਿਚ ਸਾਹ ਆ ਜਾਂਦਾ। ਇਕ ਲਾਟ ਛੇਤੀ ਦੇ ਕੇ ਇਉਂ ਜਾਗ ਉੱਠਦੀ, ਜਿਵੇਂ ਸੱਪ ਨੂੰ ਛੇੜਨ ਨਾਲ ਉਸ ਦੀ ਜੀਭ। ਥੋੜ੍ਹੇ ਚਿਰ ਪਿਛੋਂ ਇਹ ਲਾਟ ਰਾਖ ਵਿਚ ਸਉਂ ਜਾਂਦੀ ਤੇ ਇਕ ਧੂੰ ਜਿਹਾ ਪਿਛੇ ਰਹਿ ਜਾਂਦਾ। ਇਸ ਤਰ੍ਹਾਂ ਬੈਠੇ ਅਸੀਂ ਵਾਰੀ ਵਾਰੀ ਕਹਾਣੀਆਂ ਪਾਉਂਦੇ ਰੰਹਿੰਦੇ।

ਇਕ ਰਾਤ ਮੇਰੀ ਮਾਂ ਦੀ ਦਾੜ੍ਹ ਵਿਚ ਪੀੜ ਹੁੰਦੀ ਸੀ। ਉਹ ਰੌਲਾ ਝੱਲ ਨਹੀਂ ਸੀ ਸਕਦੀ। ਸਾਡੇ ਹਾਸੇ ਨਾਲ ਉਸ ਦੀ ਚੀਸ ਸ਼ਾਇਦ ਵਧੇਰੇ ਹੋ ਜਾਂਦੀ ਸੀ, ਕਿਉਂਕਿ ਜਦ ਸਾਡੇ ਵਿਚੋਂ ਕਿਸੇ ਨੂੰ ਹੱਸਦਾ ਸੁਣਦੀ ਤਾਂ ਚਿੜ ਕੇ ਆਖਦੀ, "ਵੇ ਤੁਸੀਂ ਹੁਣ ਸੌਣਾ ਮਰਨਾ ਨਹੀਂ? ਉਪਰੋਂ ਐਡੀ ਰਾਤ ਪੈ ਗਈ ਏ ਤੇ ਬੈਠੇ ਦੰਦ ਕੱਢੀ ਜਾਨੇ ਓ!"

ਇਹ ਸੁਣ ਕੇ ਮੈਂ ਲੱਖ ਹਾਸੀ ਰੋਕਦਾ ਪਰ ਨਾ ਰੁਕਦੀ। ਆਪਣੇ ਮੂੰਹ ਉਤੇ ਹੱਥ ਦੇ ਲੈਂਦਾ ਪਰ ਮੇਰੇ ਦੰਦਾਂ ਵਿਚੋਂ, ਮੇਰੀਆਂ ਉਂਗਲਾਂ ਵਿਚੋਂ ਜ਼ਬਰ-ਦਸਤੀ ਇਕ ਹਲਕੀ ਖਿੜ ਨਾਲ ਭਰੀ ਚੀਖ਼ ਨਿਕਲ ਜਾਂਦੀ। ਅਸੀਂ ਚਾਰੇ ਜਣੇ ਕੰਬ ਉੱਠਦੇ। ਸ਼ਾਂਤੀ ਮੇਰੇ ਹੂੰਢੀ ਵੱਢ ਕੇ ਕਹਿੰਦੀ, "ਤੂੰ ਸਭ ਨੂੰ ਕੁਟ ਪੁਆਏਂਗਾ।"

ਮਸਾਂ ਮਸਾਂ ਹਾਸੇ ਦੇ ਇਸ ਤੂਫ਼ਾਨ ਨੂੰ ਰੋਕਦਾ। ਮੇਰਾ ਮੂੰਹ ਹਾਸੇ ਦੀ ਝੱਗ ਨਾਲ ਭਰਿਆ ਹੁੰਦਾ, ਮੇਰੀਆਂ ਗਲ੍ਹਾਂ ਲਾਲ ਹੋ ਜਾਂਦੀਆਂ ਤੇ ਅੱਖਾਂ ਵਿਚ ਪਾਣੀ ਆ ਜਾਂਦਾ। ਓੜਕ ਮੈਂ ਕਹਿੰਦਾ, "ਚੰਗਾ ਹੁਣ ਨਹੀਂ ਹੱਸਦਾ। ਫਿਰ ਅਗੇ ਕਹਾਣੀ ਕਹਿ।" ਤੇ ਸ਼ਾਂਤੀ ਕਹਾਣੀ ਕਹਿੰਦੀ, "ਮੈਂ ਕਿਥੇ ਸਾਂ?"

ਭਗਵਤੀ ਜਵਾਬ ਦਿੰਦੀ, "ਜਦ ਨਿਉਲਾ ਰਾਤ ਨੂੰ ਅੰਬ ਸੁੰਘ ਗਿਆ, ਤੇ ਸਭ ਤੋਂ ਛੋਟੀ ਰਾਣੀ ਨੇ ਉਹ ਅੰਬ ਖਾ ਲਿਆ।"

"ਹਾਂ।" ਸ਼ਾਂਤੀ ਜਵਾਬ ਦਿੰਦੀ। "ਬਾਕੀ ਸਭਨਾਂ ਰਾਣੀਆਂ ਦੇ ਤਾਂ ਦੁੱਧ ਵਰਗੇ ਚਿੱਟੇ ਰਾਜਕੁਮਾਰ ਹੋਏ ਪਰ ਛੋਟੀ ਰਾਣੀ ਦੇ ਨਿਉਲ ਜੰਮਿਆ।"

ਮੈਂ ਮੂੜ੍ਹੇ ਤੋਂ ਉਛਲ ਕੇ ਕਹਿੰਦਾ "ਹੈਂ?"

ਸ਼ਾਂਤੀ ਹੱਥ ਹਿਲਾ ਕੇ ਆਖਦੀ, "ਬਹੁਤਾ ਟੱਪ ਨਾ, ਆਰਾਮ ਨਾਲ ਸੁਣ। ਨਿਉਲਾ ਦੇਖ ਕੇ ਰਾਣੀ ਬਹੁਤ ਉਦਾਸ ਹੋਈ, ਪਰ ਇਹ ਸੋਚ ਕੇ ਚੁੱਪ ਹੋ ਗਈ ਕਿ ਮੇਰੇ ਭਾਗਾਂ ਵਿਚ ਇਹੋ ਕੁਝ ਲਿਖਿਆ ਸੀ।"

"ਇਸ ਪਿਛੋਂ ਸਭੇ ਫੂਲਾਂ ਰਾਣੀ ਨੂੰ ਵਿਆਹੁਣ ਜਾਣ ਦੀ ਤਿਆਰੀ ਕਰਦੇ ਨੇ। ਸਭਨਾਂ ਨੂੰ ਹਰ ਇਕ ਦੀ ਮਾਂ ਨੇ ਚੂਰੀ ਲੜ ਬੰਨ੍ਹ ਦਿੱਤੀ। ਨਿਉਲੇ ਦੀ ਮਾਂ ਨੇ ਹਉਕਾ ਭਰ ਕੇ ਆਖਿਆ, "ਪੁੱਤ, ਤੂੰ ਕੀ ਕਰੇਂਗਾ ਇਨ੍ਹਾਂ ਨਾਲ ਜਾ ਕੇ?

ਤੇਰਾ ਕਿਹੜਾ ਸੀਗਾ ਹੈ ਇਨ੍ਹਾਂ ਨਾਲ ? ਐਵੇਂ ਹੱਡ ਗੋਡੇ ਭਨਾ ਕੇ ਘਰ ਆ ਜਾਵੇਂਗਾ ।'

ਨਿਉਲੇ ਨੇ ਅੜੀ ਕਰ ਕੇ ਆਖਿਆ, 'ਨਾ ਮਾਂ, ਮੈਂ ਤਾਂ ਜ਼ਰੂਰ ਜਾਵਾਂਗਾ ।'

ਸਭੇ ਘਰੋਂ ਤੁਰ ਪੈਂਦੇ ਹਨ । ਰਸਤੇ ਵਿਚ ਭੁੱਖ ਲੱਗੀ ਤਾਂ ਸਭੇ ਆਪੋ ਆਪਣੀ ਚੂਰੀ ਕੱਢ ਕੇ ਖਾ ਲੈਂਦੇ । ਨਿਉਲ ਗ਼ਰੀਬ ਨੂੰ ਕਿਸੇ ਪੁੱਛਿਆ ਵੀ ਨਾ । ਨਾਲ ਖ਼ਰਬੂਜ਼ਿਆਂ ਦਾ ਵਾੜਾ ਸੀ, ਨਿਉਲ ਵਾੜ ਟੱਪ ਕੇ ਅੰਦਰ ਖੇਤ ਵਿਚ ਲੰਘ ਗਿਆ ਤੇ ਖ਼ੂਬ ਰੱਜ ਕੇ ਖ਼ਰਬੂਜ਼ੇ ਖਾਧੇ । ਉਸ ਦੇ ਭਰਾਵਾਂ ਨੇ ਉਸ ਦੇ ਹਾੜੇ ਕੱਢੇ । 'ਸਾਨੂੰ ਇਕ ਫਾੜ ਦੇ ਦੇ !'

ਪਰ ਨਿਉਲੇ ਨੇ ਆਖਿਆ, 'ਕਿਉਂ ਮੈਨੂੰ ਚੂਰੀ ਦਿੱਤੀ ਸੀ ?' ''

ਇਤਨੇ ਵਿਚ ਮਾਂ ਨੇ ਲੇਫ਼ ਵਿਚ ਪਏ ਹੋਏ ਅੰਗੜਾਈ ਲਈ, ''ਵੇ ਤੁਸੀਂ ਹਾਲੇ ਸੁੱਤੇ ਨਹੀਂ ?''

ਸਭੇ ਜਣੇ ਚੂਹਿਆਂ ਵਾਂਗ ਉਛਲ ਕੇ ਆਪਣੇ ਆਪਣੇ ਬਿਸਤਰੀਂ ਜਾ ਲੁਕੇ । ਮੇਰੇ ਦਿਲ ਵਿਚ ਅਚਵੀ ਜਿਹੀ ਲੱਗੀ ਹੋਈ ਸੀ, 'ਕੀ ਫਿਰ ਨਿਉਲੇ ਨੇ ਸ਼ਹਿਜ਼ਾਦੀ ਘਰ ਲਿਆਂਦੀ ।'

ਸ਼ਾਂਤੀ ਜਵਾਬ ਦੇਂਦੀ, ''ਬਾਕੀ ਕਲ੍ਹ ਨੂੰ ।''

ਮੈਂ ਸੋਚਦਾ, ਜੇ ਨਿਉਲਾ ਸ਼ਹਿਜ਼ਾਦੀ ਵਿਆਹ ਸਕਦਾ ਹੈ ਤਾਂ ਕੀ ਮੈਂ ਨਹੀਂ ਵਿਆਹ ਸਕਦਾ ? ਤੇ ਰਾਤ ਨੂੰ ਕੱਚ ਦੇ ਮਹਿਲ ਵਿਚ ਫੁੱਲਾਂ ਦੀ ਸੇਜ ਉਤੇ ਪਈ ਹੋਈ ਮੈਂ ਇਕ ਸ਼ਹਿਜ਼ਾਦੀ ਦੇ ਸੁਫ਼ਨੇ ਤੱਕਦਾ ਰਹਿੰਦਾ ਜਿਸ ਨੂੰ ਬਹੁਤ ਸਾਰੀਆਂ ਬਾਂਦੀਆਂ ਕੰਵਲ ਦੇ ਫੁੱਲਾਂ ਨਾਲ ਨੁਹਾਂਦੀਆਂ ਸਨ, ਤੇ ਮੋਰ ਖੰਭਾਂ ਨਾਲ ਪੱਖਾ ਝੱਲਦੀਆਂ ਸਨ । ਉਹ ਚਾਂਦੀ ਦੀ ਬੱਘੀ ਉਤੇ ਸੈਰ ਕਰਨ ਜਾਂਦੀ । ਪੂਰਨਮਾਸ਼ੀ ਦੀ ਰਾਤ ਨੂੰ ਉਸ ਦੇ ਰੱਥ ਨੂੰ ਸਮੁੰਦਰੀ ਘੋੜੇ ਦੁਧੀਆ ਕਾਸ਼ਨੀ ਝੱਗ ਨਾਲ ਖਿੜੀਆਂ ਹੋਈਆਂ ਪਾਣੀ ਦੀਆਂ ਛੱਲਾਂ ਉਤੇ...

ਜਦ ਮੈਂ ਅੱਖ ਖੋਲ੍ਹਦਾ, ਮੇਰੀ ਮਾਂ ਮੈਨੂੰ ਝਿੰਝੋੜ ਕੇ ਜਗਾ ਰਹੀ ਹੁੰਦੀ, ''ਉੱਠ ਛੇਤੀ ਕਰ, ਸਕੂਲ ਦਾ ਵੇਲਾ ਹੋ ਗਿਆ ਹੈ ।''

ਰਾਤ ਨੂੰ ਮੇਰੀ ਭੂਆ ਲੌਂਗ ਚੱਬਦੀ ਹੋਈ ਬਹੁਤ ਚਿਰ ਤੱਕ ਕਹਾਣੀਆਂ ਸੁਣਾਉਂਦੀ ਰਹਿੰਦੀ । ਮੈਂ ਹੁੰਗਾਰਾ ਭਰਦਾ । ਉਹਦੀਆਂ ਕਹਾਣੀਆਂ ਡਰ ਤੇ ਬਹਾਦਰੀ ਨਾਲ ਭਰੀਆਂ ਹੁੰਦੀਆਂ ਤੇ ਮੈਂ ਉਸ ਦੇ ਸਭੇ ਪਾਤਰਾਂ ਤੇ ਥਾਵਾਂ ਦਾ ਚੰਗੀ ਤਰ੍ਹਾ ਜਾਣੂ ਸਾਂ, ਜਿਵੇਂ ਮੈਂ ਉਹਨਾਂ ਵਿਚ ਰਿਹਾ ਹੋਵਾਂ ।

ਉਹ ਵੱਡਾ ਸਾਰਾ ਡਕਾਰ ਲੈ ਕੇ ਸੁਦਾਗਰ ਦੀ ਕਹਾਣੀ ਕਹਿੰਦੀ — 'ਅੱਗੇ

ਜਾ ਕੇ ਸੁਦਾਗਰ ਨੇ ਵੇਖਿਆ ਕਿ ਇੱਕ ਬੁੱਢੀ ਪੂੜੇ ਤਲਦੀ ਰੋਈ ਜਾਂਦੀ ਹੈ। ਸੁਦਾਗਰ ਪੁੱਛਦਾ ਹੈ, 'ਤੂੰ ਰੋਂਦੀ ਕਿਉਂ ਏਂ ?'—ਬੁੱਢੀ ਨੇ ਅੱਗ ਵਿਚ ਫੂਕਾਂ ਮਾਰਦੇ ਹੋਏ ਆਖਿਆ, 'ਪੁੱਤਰ ਕੀ ਦੱਸਾਂ, ਦਰਿਆਉਂ ਪਾਰ ਰਹਿੰਦੇ ਦਿਓ ਦੇ ਖਾਣ ਲਈ ਇਸ ਪਿੰਡ ਵਿਚੋਂ ਨਿੱਤ ਗੱਡਾ ਰੋਟੀਆਂ ਦਾ ਤੇ ਇਕ ਆਦਮ ਜਾਂਦਾ ਹੈ। ਅੱਜ ਮੇਰੇ ਪੁੱਤ ਦੀ ਵਾਰੀ ਹੈ।'

ਮੇਰੀਆਂ ਅੱਖਾਂ ਡਰ ਤੇ ਹੈਰਾਨੀ ਨਾਲ ਖੁੱਲ੍ਹ ਜਾਂਦੀਆਂ।

ਕਿਸੇ ਵੇਲੇ ਉਹ ਇਸ ਤਰ੍ਹਾਂ ਦੀ ਕਹਾਣੀ ਸੁਣਾਉਂਦੀ :— 'ਸ਼ਹਿਜ਼ਾਦਾ ਜੰਗਲ ਵਿਚ ਸ਼ਿਕਾਰ ਖੇਡਦਾ ਹੋਇਆ ਰਾਹ ਭੁੱਲ ਕੇ ਇਕ ਦਿਉਣੀ ਦੇ ਘਰ ਜਾ ਨਿਕਲਿਆ। ਦਿਉਣੀ ਬਾਹਰ ਗਈ ਹੋਈ ਸੀ। ਉਹਦੀ ਕੁੜੀ ਉਸ ਨੂੰ ਦੇਖ ਕੇ ਪਹਿਲਾਂ ਤਾਂ ਹੱਸੀ, ਫੇਰ ਰੋਈ। ਸ਼ਹਿਜ਼ਾਦਾ ਇਸ ਦਾ ਕਾਰਨ ਪੁੱਛਦਾ ਹੈ ਤਾਂ ਕੁੜੀ ਕਹਿੰਦੀ ਹੈ 'ਹੱਸੀ ਤਾਂ ਇਸ ਲਈ ਕਿ ਅੱਜ ਮੈਂ ਇਕ ਸੋਹਣੇ ਗੱਭਰੂ ਨੂੰ ਤੱਕਿਆ ਹੈ, ਰੋਈ ਇਸ ਲਈ ਕਿ ਮੇਰੀ ਮਾਂ ਆ ਕੇ ਤੈਨੂੰ ਖਾ ਜਾਊ।'

ਏਨੇ ਨੂੰ ਬਾਹਰੋਂ ਡੈਣ 'ਆਦਮ ਬੂ, ਆਦਮ ਬੂ' ਕਰਦੀ ਆਈ। ਕੁੜੀ ਨੇ ਸ਼ਹਿਜ਼ਾਦੇ ਨੂੰ ਝੱਟ ਮੱਖੀ ਬਣਾ ਕੇ ਆਪਣੇ ਘੱਗਰੇ ਦੀ ਲੌਣ ਵਿਚ ਲਕੋ ਲਿਆ...

ਮੈਂ ਉਸ ਵੇਲੇ ਆਪਣੇ ਮਨ ਵਿਚ ਸੋਚ ਲੈਂਦਾ ਕਿ ਬੁੱਧੂ ਘੁਮਿਆਰ ਦੀ ਕਾਲੀ ਕਲੋਟੀ ਬਹੂ ਡੈਣ ਹੋਣੀ ਏਂ।

ਪਰ ਭੂਆ ਕੋਲ ਅਨਗਿਣਤ ਕਹਾਣੀਆਂ ਸਨ। ਉਹ ਝੱਟ ਦੂਜੀ ਕਹਾਣੀ ਸ਼ੁਰੂ ਕਰ ਦਿੰਦੀ, 'ਇਕ ਦਿਉ ਰਾਜੇ ਦੀ ਧੀ ਨੂੰ ਚੁਰਾ ਕੇ ਲੈ ਗਿਆ ਅਤੇ ਉਸ ਨੂੰ ਆਪਣੇ ਮਹਿਲ ਵਿਚ ਕੈਦ ਕਰ ਦਿੱਤਾ। ਉਸ ਦੇ ਮਹਿਲ ਵਿਚ ਕਈ ਬੰਦ ਕਮਰੇ ਸਨ ਜਿਨ੍ਹਾਂ ਨੂੰ ਉਹ ਕਦੀ ਨਹੀਂ ਸੀ ਖੋਲ੍ਹਦੀ। ਇਕ ਦਿਨ ਉਹ ਕੁੰਜੀ ਘਰ ਭੁੱਲ ਗਿਆ। ਸ਼ਹਿਜ਼ਾਦੀ ਨੇ ਤਾਲਾ ਖੋਲ੍ਹ ਕੇ ਕਾਲ ਕੋਠੜੀ ਵਿਚ ਝਾਕਿਆ। ਉਥੇ ਕਈ ਜ਼ਨਾਨੀਆਂ ਦੇ ਵੱਢੇ ਹੋਏ ਸਿਰ ਟੰਗੇ ਪਏ ਸਨ, ਖ਼ੂਨ ਵਿਚ ਲਿੱਬੜੇ ਹੋਏ ਡੋਲੇ ਤੇ ਉਹਨਾਂ ਵਿਚੋਂ ਆਵਾਜ਼ਾਂ ਆ ਰਹੀਆਂ ਸਨ...

ਇਕ ਦਮ ਮੇਰਾ ਸਾਹ ਰੁੱਕ ਜਾਂਦਾ। ਕੰਧ ਉੱਤੇ ਭੂਆ ਦੀ ਛਾਂ ਤੋਂ ਡਰ ਲੱਗਣ ਲੱਗ ਜਾਂਦਾ ਹੈ। ਖੂੰਜੇ ਵਿਚ ਲੱਗਿਆ ਹੋਇਆ ਜਾਲਾ ਹਿੱਲਣ ਲੱਗ ਪੈਂਦਾ ਹੈ ਤੇ ਉਹਦੇ ਉਤੇ ਇਕ ਕਿਰਲੀ ਆਪਣੇ ਮੋਟੇ ਮੋਟੇ ਡੇਲਿਆਂ ਨਾਲ ਇੱਕ ਮੱਖੀ ਨੂੰ ਨੀਝ ਗੱਡ ਕੇ ਤੱਕ ਰਹੀ ਹੈ।

ਮੈਂ ਕੰਬ ਕੇ ਆਖਦਾ, "ਭੂਆ, ਭੂਆ, ਮੈਂ ਅੱਜ ਤੇਰੇ ਕੋਲ ਹੀ ਸੌਂਵਾਂਗਾ।"

ਤੜਕੇ ਮੇਰੀ ਮਾਂ ਛੇ ਵਜੇ ਹੀ ਸਾਨੂੰ ਦੋ ਘੁਰਕੀਆਂ ਦੇ ਕੇ ਜਗਾ ਦੇਂਦੀ। ਮੇਰੇ ਸੁਫ਼ਨੇ ਤੇ ਨੀਂਦਰ ਉਹਦੀ ਲਲਕਾਰ ਨਾਲ ਭੱਜ ਖੜੋਂਦੇ। ਪਰ ਜਦ ਭੂਆ ਸਾਡੇ ਵਿਚ ਕੁਝ ਚਿਰ ਰਹਿਣ ਲਈ ਆਉਂਦੀ ਤਾਂ ਮੈਨੂੰ ਜਗਾਉਣ ਦਾ ਕੰਮ ਉਸ ਦੇ ਸਿਰ ਲੱਗਦਾ।

ਬਰਸਾਤੀ ਵਿਚ ਮੈਂ ਇਕੱਲਾ ਪਿਆ ਰਹਿੰਦਾ। ਪੁਰਾ ਚਲਦਾ, ਤੇ ਮੇਰੇ ਪੈਰ ਦੀਆਂ ਤਲੀਆਂ ਤੇ ਸਿਰ ਦੇ ਵਾਲ ਠੰਢੇ ਸੁਫ਼ਨਿਆਂ ਨਾਲ ਭਰ ਜਾਂਦੇ। 'ਹਰੇ ਕ੍ਰਿਸ਼ਨ, ਹਰੇ ਕ੍ਰਿਸ਼ਨ', ਕਰਦੀ ਉਹ ਮੇਰੀ ਸਰਹਾਂਦੀ ਆ ਖੜੋਂਦੀ ਤੇ ਆਖਦੀ "ਉੱਠ ਮੇਰਾ ਸੋਹਣਾ, ਵੇਖ, ਤੇਰੇ ਪਿਤਾ ਜੀ ਸੈਰ ਕਰਨ ਚਲੇ ਗਏ ਹਨ, ਢਿੱਲ ਨਾ ਕਰ, ਉਠ ਕੇ ਰਾਮ ਦਾ ਨਾਉਂ ਲੈ...।"

ਉਸੇ ਤਰ੍ਹਾਂ ਪਿਆਂ ਪਿਆ ਮੈਂ ਹੂੰ ਹਾਂ ਕਰਦਾ ਰਹਿੰਦਾ। ਨੀਂਦ ਦੀ ਭਾਰੀ ਧੁੰਦ ਛਣ ਕੇ ਬਰੀਕ ਹੋ ਜਾਂਦੀ। ਦੂਰ ਪਿੱਪਲ ਬਾਜ਼ਾਰ ਵਿਚ ਲੋਹਾਰ ਭੱਠੀ ਉੱਤੇ ਲੋਹਾ ਕੁੱਟਦੇ ਸੁਣਾਈ ਦੇਂਦੇ। ਬਾਰੂ ਮਰਾਸੀ ਦੇ ਘਰ ਪਾਲੇ ਹੋਏ ਕੁੱਕੜ ਬਾਂਗਾਂ ਦੇਣ ਲੱਗ ਪੈਂਦੇ। ਮੈਂ ਆਖਦਾ, "ਭੂਆ, ਹੁਣੇ ਉੱਠਦਾ ਹਾਂ।"

ਉਹ ਦਾਤਨ ਕਰਦੀ ਹੋਈ ਹੇਠਾਂ ਚਲੀ ਜਾਂਦੀ ਤੇ ਥੋੜ੍ਹੇ ਚਿਰ ਪਿੱਛੋਂ ਮੈਂ ਫਿਰ ਘੂਕ ਸੌਂ ਜਾਂਦਾ। ਇਸ ਵਾਰ ਜਦ ਉਹ ਆਉਂਦੀ, ਤਾਂ ਰਤੀ ਆਕੜ ਕੇ ਬੋਲਦੀ, "ਵੇ ਤੂੰ ਮੁੜ ਸੌਂ ਗਿਆ ਏਂ, ਤੇਰੇ ਨਾਲ ਦੇ ਸਾਰੇ ਨਿਆਣੇ ਜਾਗ ਉੱਠੇ ਹਨ।"

ਫੇਰ ਖੇਸ ਖਿੱਚ ਕੇ ਆਖਦੀ, "ਲੈ ਫੜ ਦਾਤਨ, ਬੜਾ ਸਾਊ ਵੇ, ਹੁਣ ਨਾ ਸੌਂਵੀਂ।"

ਇਹ ਆਖ ਉਹਦੇ ਪਊਏ ਖਟ ਖਟ ਕਰਦੇ ਪੌੜੀਆਂ ਤੋਂ ਹੇਠਾਂ ਉਤਰ ਜਾਂਦੇ। ਮੇਰੀਆਂ ਅੱਖਾਂ ਝਾਕਣ ਦਾ ਜਤਨ ਕਰਦੀਆਂ ਸਾਹਮਣੇ ਮਿੱਲ ਦੇ ਦੀਵੇ ਦਿੱਸਦੇ। ਪੂਰਬ ਵਿਚ ਸਵੇਰ ਖੜੀ ਹੁੰਦੀ, ਰੋਸ਼ਨੀ ਦੀਆਂ ਤਿੰਨ ਪੀਲੀਆਂ ਲੀਕਾਂ ਉਸ ਦੇ ਮੱਥੇ ਉੱਤੇ ਇੰਜ ਖਿੱਚੀਆਂ ਹੋਈਆਂ ਹੁੰਦੀਆਂ ਜਿਵੇਂ ਕਿਸੇ ਬਾਹਮਣ ਦੇ ਮੱਥੇ ਉੱਤੇ ਚੰਦਨ ਦਾ ਤਿਲਕ ਲੱਗਿਆ ਹੋਇਆ ਹੋਵੇ। ਮੈਨੂੰ ਫੇਰ ਝੂਟੇ ਆਉਣ ਲੱਗ ਜਾਂਦੇ ਤੇ ਮੈਂ ਸਰਹਾਣੇ ਉੱਤੇ ਡਿੱਗ ਪੈਂਦਾ। ਕੱਚੀ ਨੀਂਦੇ ਜਾਗਣ ਕਰਕੇ ਅੱਖਾਂ ਵਿਚ ਰੜਕ ਵੱਜਦੀ, ਉਲਝੇ-ਗੁਲਝੇ ਸੁਫ਼ਨਿਆਂ ਦੇ ਤਾਰਾਂ ਵਿਚ ਲੋਹਾਰ ਦੇ ਹਥੌੜਿਆਂ ਦੀ ਆਵਾਜ਼ ਸਕੂਲ ਦੀ ਘੰਟੀ ਦੀ ਟਣਨ ਟਣਨ ਵਿਚ ਬਦਲ ਜਾਂਦੀ।

ਇਤਨੇ ਵਿਚ ਭੂਆ ਦੇ ਪਊਏ ਪੌੜੀਆਂ ਵਿਚ ਖਟ ਖਟ ਕਰਨ ਲੱਗ ਪੈਂਦੇ।

ਮੈਂ ਅੱਖਾਂ ਉਘੇੜਦਾ ਫੇਰ ਬੈਠ ਜਾਂਦਾ। ਲਾਲੂ ਦੇ ਚੁਬਾਰੇ ਦੀਆਂ ਲਾਲ ਤਾਕੀਆਂ ਉੱਤੇ ਧੁੱਪ ਚਮਕਦੀ। ਭੂਆ ਮੈਨੂੰ ਵੇਖਣ ਸਾਰ ਆਖਦੀ, "ਹਾਲੇ ਉੱਠਿਆ ਨਹੀਂ ਤੂੰ ? ਸ਼ਾਂਤੀ ਤੇ ਭਗਵਤੀ ਤੇਰੇ ਵੰਡੇ ਦੀ ਚੂਰੀ ਖਾ ਗਈਆਂ ਹੈਨ। ਡੱਬ-ਖੜੱਬੀ ਬੱਕਰੀ ਦੀਆਂ ਧਾਰਾਂ ਵੀ ਹੁਣ ਨਹੀਂ ਮਿਲਣੀਆਂ। ਵਾਗੀ ਉਸ ਨੂੰ ਹਿਕ ਕੇ ਵੱਗ ਵਿਚ ਲੈ ਗਿਆ ਹੈ।"

ਮੈਂ ਖੇਸ ਵਗਾਹ ਕੇ ਮਾਰਦਾ ਤੇ ਢਿਲਕੇ ਕੱਛੇ ਨਾਲ ਹੀ ਅੱਖਾਂ ਮਲਦਾ ਹੇਠ ਨੂੰ ਦੌੜ ਪੈਂਦਾ।

ਮੇਰੀ ਮਾਂ ਇਕਾਦਸ਼ੀ, ਪੁੰਨਿਆਂ, ਕਰੂਆ ਤੇ ਹਰ ਤਿਉਹਾਰ ਨੂੰ ਵਰਤ ਰਖਦੀ ਸੀ। ਇਕ ਵਾਰੀ ਜਨਮ-ਅਸ਼ਟਮੀ ਦੇ ਦਿਹਾੜੇ ਤੜਕੇ ਹੀ ਜਦ ਅਜੇ ਪਹੁ ਵੀ ਨਹੀਂ ਸੀ ਫੁੱਟੀ, ਚੁਲ੍ਹੇ ਦੇ ਆਲੇ-ਦੁਆਲੇ ਮੇਰੀ ਮਾਂ, ਵੱਡੀ ਭੈਣ ਤੇ ਗੁਆਂਢਣ ਰਾਜੋ ਬੈਠੀਆਂ ਘੁਸਰ-ਮੁਸਰ ਗੱਲਾਂ ਕਰੀ ਜਾਂਦੀਆਂ ਸਨ। ਅੱਜ ਕ੍ਰਿਸ਼ਨ ਜੀ ਦਾ ਜਨਮ-ਦਿਨ ਸੀ, ਇਸ ਲਈ ਉਹ ਪੂਰੀਆਂ ਤੇ ਫੁਲਵੜੀਆਂ ਤਲਣ ਦੀ ਸਲਾਹ ਪਈਆਂ ਕਰਦੀਆਂ ਸਨ। ਖ਼ਬਰ ਨਹੀਂ ਕਿਵੇਂ ਉਨ੍ਹਾਂ ਦੀਆਂ ਸਲਾਹਾਂ ਦੀ ਬਿੜਕ ਮੇਰੀ ਘੂਕ ਨੀਂਦਰ ਦੀ ਸੰਘਣੀ ਧੁੰਧ ਨੂੰ ਚੀਰ ਕੇ ਮੇਰੇ ਕੋਲ ਆ ਪੁੱਜੀ। ਮੈਂ ਅੱਖਾਂ ਉਘੇੜਦਾ ਖੜਾ ਹੋ ਗਿਆ ਤੇ ਉਨ੍ਹਾਂ ਵਿਚ ਆ ਕੇ ਬੈਠ ਗਿਆ।

ਮੂੰਹ ਹਨੇਰੇ ਉਹ ਚੁਲ੍ਹੇ ਦੀ ਅੱਗ ਦੇ ਗਿਰਦੇ ਬੈਠੀਆਂ ਮੈਨੂੰ ਇੰਜ ਲੱਗਿਆ ਜਿਵੇਂ ਟੱਪਰੀ ਵਾਸਾਂ ਦਾ ਇਕ ਛੋਟਾ ਜਿਹਾ ਟੱਬਰ ਕਿਸੇ ਰੋਹੀ ਵਿਚ ਨਿੱਕੀ ਜਿਹੀ ਤੰਬੋਟੀ ਗੱਡ ਕੇ ਅੱਗ ਸੇਕਣ ਬੈਠ ਗਿਆ ਹੋਵੇ।

ਮੇਰੀ ਮਾਂ ਮੈਨੂੰ ਦੇਖ ਕੇ ਝਿੜਕਣ ਲੱਗ ਪਈ, "ਜਾ ਵੇ, ਸੌਂ ਜਾ। ਹਾਲੇ ਕੁਝ ਨਹੀਂ। ਜਦ ਰੋਟੀ ਪੱਕੀ ਸੱਦ ਲਵਾਂਗੀ।" ਪਰ ਮੈਨੂੰ ਪਤਾ ਸੀ ਕਿ ਮੇਰੀ ਮਾਂ ਨੇ ਮੈਨੂੰ ਕਦੀ ਵੀ ਨਹੀਂ ਜਗਾਉਣਾ।

"ਵੇ ਸੌਂ ਮਰ ਜਾ ਖਾਂ, ਇਕ ਵਾਰੀ ਆਖ ਦਿੱਤਾ ਏ। ਰੋਟੀ ਕਿਤੇ ਨੱਸ ਚੱਲੀ ਏ ? ਬੇਵਸਾਹਾ !"

ਮੈਂ ਪੋਲੀ ਜਿਹੀ ਆਵਾਜ਼ ਵਿਚ ਆਖਿਆ "ਨੀਂਦ ਨਹੀਂ ਪੈਂਦੀ।"

"ਸਕੂਲ ਜਾਣ ਵੇਲੇ ਕੀ ਤੇਲੀ ਪੈ ਜਾਂਦੀ ਹੈ, ਜੋ ਲੱਖ ਮਧੋਲੇ ਤੋਂ ਵੀ ਅੱਖ ਨਹੀਂ ਪੱਟਦਾ ? ਤੇ ਹੁਣ ਨੀਂਦ ਨਹੀਂ ਪੈਂਦੀ।"

ਮੈਂ ਉਸੇ ਤਰ੍ਹਾਂ ਅਹਿੱਲ ਬੈਠਾ ਰਿਹਾ। ਰਾਜੋ ਆਖਣ ਲੱਗੀ. "ਕੁੜੇ ਬੈਠਾ ਰਹਿਣ ਦੇ, ਤੇਰਾ ਕੀ ਲੈਂਦਾ ਏ।"

ਮੈਂ ਫੇਰ ਪਹਿਲਾਂ ਵਾਂਗ ਸੋਚਣ ਲੱਗ ਪਿਆ ਜਿਵੇਂ ਬੇਅੰਤ ਕਾਲੀ ਰਾਤ ਦੇ ਅਮੁੱਕ ਪੈਂਡੇ ਵਿਚ ਟੁਰਦੇ ਟੁਰਦੇ ਸਾਡਾ ਡੇਰਾ ਰੇਤ ਦੇ ਉੱਚੇ ਨੀਵੇਂ ਟਿੱਬਿਆਂ ਨੂੰ ਲੰਘਦਾ ਓੜਕ ਇਕ ਝੁੱਗੀ ਵਿਚ ਸਾਹ ਲੈਣ ਲਈ ਰੁਕ ਗਿਆ ਹੋਵੇ। ਬਗ਼ਦਾਦ ਦੇ ਚੋਰਾਂ ਦੀਆਂ ਕਹਾਣੀਆਂ ਤੇ ਅਰਬ ਦੇ ਟੱਪਰੀਵਾਸਾਂ ਦੇ ਕਿੱਸੇ ਮੇਰੇ ਅੱਗੇ ਆਣ ਖਲੋਤੇ...

ਚੁੱਲ੍ਹੇ ਵਿਚ ਕਪਾਹ-ਛਟੀਆਂ ਦੇ ਤਿੱਖੇ ਉਭੜਵਾਹੇ ਭਾਂਬੜਾਂ ਦੇ ਸੇਕ ਉਤੇ ਮੇਰੀ ਮਾਂ ਕਾਹਲੀ ਕਾਹਲੀ ਪੂਰੀਆਂ ਤਲਦੀ ਰਹੀ।

ਚਾਉ ਵਿਚ ਭਰਿਆ ਹੋਇਆ ਮੈਂ ਵੀ ਵਰਤ ਰੱਖਣ ਲਈ ਘੜੀ ਘੜੀ ਮਾਂ ਨੂੰ ਅਕਾਉਂਦਾ ਸਾਂ। ਛੇਕੜ ਉਹਨੇ ਮੇਰਾ ਆਖਾ ਮੰਨ ਲਿਆ। ਤੇ ਮੈਂ ਵੀ ਵਰਤ ਰੱਖ ਲਿੱਤਾ।

ਦਿਨ ਵੇਲੇ ਜਦ ਮੇਰੀ ਭੂਆ ਮੈਨੂੰ ਰੋਟੀ ਖਾਣ ਲਈ ਆਖਣ ਲੱਗੀ ਤਾਂ ਮੈਂ ਮਲ੍ਹਾਰ ਕੇ ਜਵਾਬ ਦਿੱਤਾ, "ਭੂਆ, ਤੈਨੂੰ ਪਤਾ ਨਹੀਂ, ਮੈਂ ਵਰਤ ਰਖਿਆ ਹੋਇਆ ਏ। ਅੱਜ ਮੈਂ ਕੁਝ ਵੀ ਨਹੀਂ ਖਾਣਾ।"

ਦੁਪਹਿਰਾਂ ਵੇਲੇ ਮੈਨੂੰ ਇਹ ਵਰਤ ਯਾਦ ਹੀ ਨਹੀਂ ਰਿਹਾ ਤੇ ਸਰਲਾ ਦੇ ਘਰ ਤਾਸ਼ ਖੇਡਦੇ ਖੇਡਦੇ ਜਦ ਚਿਰ ਹੋ ਗਿਆ ਤਾਂ ਉਹਦੀ ਮਾਂ ਨੇ ਸਾਨੂੰ ਦੋਹਾਂ ਨੂੰ ਰੱਜ ਪੁੱਜ ਰੋਟੀ ਖੁਆ ਦਿੱਤੀ। ਪਰ ਲੌਢੇ ਵੇਲੇ ਜਦ ਭੈਣ ਦਾਣੇ ਭੁਨਾ ਕੇ ਲੈ ਆਈ ਤੇ ਮੈਨੂੰ ਚੱਬਣ ਵਾਸਤੇ ਪੁੱਛਿਆ ਤਾਂ ਮੈਂ ਉੱਤਰ ਦਿੱਤਾ, "ਤੂੰ ਤਾਂ ਝੱਲੀ ਏਂ। ਤੈਨੂੰ ਪਤਾ ਨਹੀਂ, ਮੈਂ ਵਰਤ ਰਖਿਆ ਹੋਇਆ ਹੈ ਤੇ ਮੈਂ ਅੱਜ ਕੁਝ ਨਹੀਂ ਖਾਣਾ?"

ਰਾਤ ਚਿਰ ਤੱਕ ਮੈਂ ਵੱਡੀਆਂ ਭੈਣਾਂ ਨਾਲ ਮੰਦਰਾਂ ਦੇ ਚੱਕਰ ਲਾਉਂਦਾ ਰਿਹਾ।

ਜਦ ਦਸ ਵੱਜ ਗਏ, ਮੈਂ ਮਾਂ ਨੂੰ ਵਾਰ ਵਾਰ ਪੁੱਛਦਾ ਸੀ, "ਹੁਣ ਆਪਾਂ ਵਰਤ ਕਦ ਤੋੜਾਂਗੇ?"

"ਚੰਦ ਨਿਕਲਣ ਤੋਂ।"

"ਚੰਦ ਕਦ ਨਿਕਲੂਗਾ?"

"ਝੱਟ ਬਿੰਦ ਦਮ ਲੈ, ਜਦੋਂ ਤਾਰਿਆਂ ਦੀ ਇਹ ਖਿੱਤੀ ਰਿਸਕ ਕੇ ਉਸ ਪਟਲੇ ਨੀਲੇ ਲਿਸ਼ਕਦੇ ਤਾਰੇ ਦੀ ਥਾਂ ਚਲੀ ਗਈ, ਉਸ ਵੇਲੇ।"

ਮੈਂ ਇਸ ਔਖਿਆਈ ਤੋਂ ਨਿਬੜਨ ਲਈ ਫੇਰ ਪੁੱਛਿਆ, "ਹੱਛਾ, ਮਾਂ ਨੀ, ਚੰਦ ਕਿਹੜੇ ਪਾਸਿਉਂ ਚੜ੍ਹੇਗਾ?"

''ਜੋਭੇ ਤਖਾਣ ਦੇ ਘਰ ਦੇ ਬਨੇਰੇ ਪਿਛੋਂ ਦੀ'', ਉਸ ਨੇ ਉਂਗਲ ਦਾ ਇਸ਼ਾਰਾ ਕਰ ਕੇ ਦੱਸਿਆ, ''ਔਹ ਦੇਖ !''

ਮੈਂ ਕੁਝ ਚਿਰ ਲਈ ਉਧਰ ਤੱਕਣ ਲੱਗ ਪਿਆ। ਫੇਰ ਮੇਰੀ ਭੂਆ ਨੇ ਮੈਨੂੰ ਦੱਸਿਆ, ''ਚੰਦ ਇਸ ਵੇਲੇ ਖੇਡ ਵਿਚ ਰੁਝਿਆ ਹੈ। ਉਹਦੀ ਮਾਂ ਉਹਨੂੰ ਹਾਕਾਂ ਪਈ ਮਾਰਦੀ ਹੈ। ਹੁਣੇ ਉਹ ਨ੍ਹਾ ਧੋ ਕਪੜੇ ਬਦਲ ਕੇ ਸੋਨੇ ਦੇ ਉਡਣ-ਖਟੋਲੇ ਵਿਚ ਬੈਠ ਕੇ ਸੈਰ ਕਰਨ ਲਈ ਨਿਕਲੇਗਾ...''

ਉਹਨੇ ਜਵਾਬ ਦਿੱਤਾ, ''ਚੰਦ ਦੀ ਮਾਂ ਉਹਦੀ ਹਿੱਕ ਵਿਚ ਬੈਠੀ ਚਰਖਾ ਕੱਤਦੀ ਹੈ।''

ਇਕ ਦਮ ਦੂਰ ਮੰਦਰ ਵਿਚ ਘੜਿਆਲ ਤੇ ਛੈਣੇ ਵੱਜਣ ਲੱਗ ਪਏ। ''ਚੰਦ ਨਿਕਲ ਆਇਆ ! ਚੰਦ ਨਿਕਲ ਆਇਆ।'' ਗੁਆਂਢ ਦੀਆਂ ਤੀਵੀਆਂ ਨੇ ਇਕ ਦੂਜੀ ਨੂੰ ਵਧਾਈ ਦਿੱਤੀ।

ਮੈਂ ਛੱਤ ਉੱਤੇ ਚੜ੍ਹ ਕੇ ਪੂਰਬ ਵਿਚ ਹੌਲੀ ਹੌਲੀ ਉਤਾਂਹ ਉਭਰਦੇ ਚੰਦ ਨੂੰ ਦੇਖਿਆ, ਜਿਹੜਾ ਗਹਿਰੀ ਲਾਲ ਨਸ਼ੀਲੀ ਝਾਤ ਨਾਲ ਕੁਝ ਗਵਾਚਿਆ ਗਵਾਚਿਆ ਤੱਕਦਾ ਸੀ। ਉਸ ਦੇ ਮੱਥੇ ਉਤੇ ਇਕ ਕਾਲਾ ਟਿੱਕਾ ਸੀ। ਮੈਂ ਸੋਚਣ ਲੱਗ ਪਿਆ ਕਿ ਚੰਦ ਦੀ ਮਾਂ ਨੇ ਉਹਨੂੰ ਨਵ੍ਹਾ ਧੁਆ ਕੇ ਲੋਕਾਂ ਦੀ ਨਜ਼ਰ ਤੋਂ ਬਚਾਉਣ ਲਈ ਉਹਦੇ ਮੱਥੇ ਉੱਤੇ ਕੱਜਲ ਦਾ ਟਿੱਕਾ ਲਾ ਦਿੱਤਾ ਹੈ।

ਤੀਵੀਆਂ ਆਪੋ ਆਪਣੇ ਕੋਠੀਂ ਚੜ੍ਹੀਆਂ ਰੌਲਾ ਪਾਈ ਜਾਂਦੀਆਂ ਸਨ। ਆਦਮੀ ਛੇਤੀ ਛੇਤੀ ਭੋਗ ਚਰਨਾਮ੍ਰਿਤ ਲੈਣ ਲਈ ਕਟੋਰੇ ਫੜੀ ਮੰਦਰਾਂ ਨੂੰ ਨੱਸ ਪਏ ; ਛੋਟੇ ਮੁੰਡੇ ਕੁੜੀਆਂ ਚੂਰਮੇਂ ਤੇ ਚਾਟ ਖਾਣ ਦੇ ਚਾਉ ਵਿਚ ਡੰਡ ਪਾਈ ਜਾਂਦੇ ਸਨ। ਇਸ ਗਹਿਮਾ-ਗਹਿਮੀ ਉਤੇ ਦੂਰ ਸੱਤ ਨਾਰਾਇਣ ਦੇ ਮੰਦਰ ਵਿਚ ਆਰਤੀ ਦੇ ਸੰਖ ਗੂੰਜ ਉੱਠੇ।

## ਦੋ

ਮੀਂਹ ਪਿੱਛੋਂ ਅਸੀਂ ਸਾਰੇ ਹੱਥ ਬੰਨ੍ਹ ਕੇ ਇਕ ਚੱਕਰ ਵਿਚ ਹੋ ਗੀਤ ਗਾਉਂਦੇ :—

"ਰੱਬਾ ਰੱਬਾ ਮੀਂਹ ਵਸਾ,
ਸਾਡੀ ਕੋਠੀ ਦਾਣੇ ਪਾ।"

ਜਦ ਬੱਦਲ ਅਸਮਾਨ ਵਿਚ ਏਧਰ ਓਧਰ ਭੱਜਦੇ, ਅਸੀਂ ਸਮਝਦੇ ਪਾਣੀ ਪੀਣ ਜਾਂਦੇ ਹਨ। ਫੇਰ ਭਰ ਕੇ ਆਉਣਗੇ ਤੇ ਧਰਤੀ ਨੂੰ ਬਰਖਾ ਨਾਲ ਡੱਕ ਦੇਣਗੇ। ਮੈਂ ਆਪਣੇ ਛੋਟੇ ਚਬਾਰੇ ਦੀ ਤਾਕੀ ਵਿਚ ਬੈਠਾ ਪਰਨਾਲਿਆਂ ਦੀ ਧਾਂ ਧਾਂ ਸੁਣਦਾ ਰਹਿੰਦਾ। ਕਿਸੇ ਕੱਚੇ ਖੋਲੇ ਜਾਂ ਢਹੇ ਹੋਏ ਮਕਾਨ ਦੀ ਆਵਾਜ਼ ਬਰਖਾ ਦੀ ਸਾਇੰ ਸਾਇੰ ਵਿਚ ਐਉਂ ਬੋਲ ਉੱਠਦੀ ਜਿਵੇਂ ਗੋਲੇ ਦੀ ਆਵਾਜ਼ ਹੋਵੇ। ਗਲੀ ਵਿਚ ਪਾਣੀ ਤੇਜ਼ੀ ਨਾਲ ਨੱਸਦਾ ਲੰਘ ਜਾਂਦਾ। ਹੇਠਾਂ ਚਮਿਆਰਾਂ ਦੇ ਮੁੰਡੇ ਪਾਣੀ ਦੇ ਇਸ ਦਰਿਆ ਨੂੰ ਬੰਨ੍ਹਣ ਦੀ ਕੋਸ਼ਿਸ਼ ਕਰਦੇ। ਸਭੇ ਜਾਂਘੀਏ ਕੱਸ ਤੇ ਵੱਸਦੇ ਮੀਂਹ ਵਿਚ ਰੇਤੇ ਦੇ ਵੱਡੇ ਵੱਡੇ ਪਹਾੜ ਖੜੇ ਕਰ ਲੈਂਦੇ ਤੇ ਪਾਣੀ ਨੂੰ ਰੋਕਣ ਦਾ ਜਤਨ ਕਰਦੇ। ਜਦ ਬਰਖਾ ਤਕੜੀ ਹੁੰਦੀ ਤਾਂ ਪਾਣੀ ਉਨ੍ਹਾਂ ਦੇ ਬੰਨ੍ਹ ਤੋੜ ਕੇ ਕਈ ਸੰਨ੍ਹਾਂ ਵਿਚੋਂ ਦੀ ਨੱਸ ਖਲੋਂਦਾ। ਉਨ੍ਹਾਂ ਦੇ ਪੁਲ ਤੇ ਰੇਤੇ ਦੇ ਬੰਨ੍ਹ ਸਭ ਇਸ ਤੂਫ਼ਾਨ ਵਿਚ ਥੁੜ੍ਹ ਜਾਂਦੇ। ਮੈਂ ਉੱਤੇ ਚਬਾਰੇ ਵਿਚ ਇਕ ਕੈਦੀ ਵਾਂਙ ਟੰਗਿਆ ਬੈਠਿਆ ਰਹਿੰਦਾ ਤੇ ਡਰਦਾ ਡਰਦਾ ਮਾਂ ਨੂੰ ਪੁੱਛਦਾ, "ਮਾਂ ਹੁਣ ਤਾਂ ਮੀਂਹ ਠਹਿਰ ਗਿਆ, ਮੈਂ ਚਲਿਆ ਜਾਵਾਂ ?"

ਉਹ ਕੜਕ ਕੇ ਆਖਦੀ, "ਖ਼ਬਰਦਾਰ ਜੇ ਹਿੱਲਿਆ !"

ਮੈਂ ਫਿਰ ਉਸੇ ਤਰ੍ਹਾਂ ਬੈਠ ਜਾਂਦਾ। ਮੀਂਹ ਖ਼ਤਮ ਹੋਣ ਪਿਛੋਂ ਜਦ ਅਸਮਾਨ ਨਿੱਖਰ ਜਾਂਦਾ ਤੇ ਪੀਂਘ ਸਤਰੰਗੀ ਚੁੰਨੀ ਵਾਂਙ ਪੱਛਮ ਵਿਚ ਬਿਖਰ ਜਾਂਦੀ, ਤਾਂ ਮੈਂ ਮਾਂ ਨੂੰ ਮਰੀ ਹੋਈ ਆਵਾਜ਼ ਵਿਚ ਪੁੱਛਦਾ, "ਮਾਂ ਹੁਣ ਤਾਂ ਜਾਵਾਂ ? ਕਣੀਆਂ ਬੰਦ ਹੋ ਗਈਆਂ ਹਨ।"

ਉਹ ਮੇਰੀ ਇਸ ਬੇਚੈਨ ਖ਼ਾਹਸ਼ ਨੂੰ ਸੁਣ ਕੇ ਚੁੱਪ ਹੋ ਜਾਂਦੀ। ਆਪਣੇ ਕੰਮ ਵਿਚ ਲੱਗੀ ਰਹਿੰਦੀ ਤੇ ਮੈਂ ਪੌੜੀਆਂ ਉਤੇ ਹੌਲੀ ਹੌਲੀ ਪੱਬ ਧਰਦਾ ਦੌੜ ਜਾਂਦਾ।

ਚਾਨਣੀ ਰਾਤ ਵਿਚ ਮਹੱਲੇ ਦੇ ਸਾਰੇ ਮੁੰਡੇ ਕੁੜੀਆਂ ਇਕੱਠੇ ਹੋ ਕੇ ਲੁਕਣ-ਮੀਟੀ ਖੇਡਦੇ। ਨੰਦ ਦੇ ਦਰਵਾਜ਼ੇ ਦੀ ਦਿਹਲੀ ਸਾਡੀ ਦਾਈ ਹੁੰਦੀ। ਖੁੰਢਾਂ ਹੇਠ, ਨਾਈਆਂ ਦੇ ਘਰ ਦੇ ਪਛਾੜੀ ਤੇ ਚੰਦੂ ਬਾਹਮਣ ਦਾ ਢੱਠਾ ਘਰ ਸਾਡੇ ਲੁਕਣ ਦੀਆਂ ਥਾਵਾਂ ਹੁੰਦੀਆਂ। ਜਦ ਵਿਚਾਰੀ ਦੁਆਰਕੀ ਸਿਰ ਦਾਈ ਚੜ੍ਹ ਜਾਂਦੀ, ਤੇ ਉਹ ਕਿਸੇ ਨੂੰ ਨਾ ਫੜ ਸਕਦੀ ਤਾਂ ਮੈਂ ਜਾਣ ਕੇ ਫੜਾਈ ਦੇਂਦਾ ਕਿਉਂਕਿ ਮੈਂ ਖੁੰਢਾਂ ਉਤੇ ਦੌੜਦਾ ਹੋਇਆ ਝੱਟ ਕਿਸੇ ਨਾ ਕਿਸੇ ਧੁਰ ਨੂੰ ਫੜ ਲੈਂਦਾ। ਆਮ ਤੌਰ ਪੁਰ ਤੇਜੂ ਲੰਙਾ ਸਾਡੀ ਧੁਰ ਹੁੰਦਾ। ਉਹ ਇਕ ਲੰਙ ਮਾਰਦਾ ਮਾਰਦਾ ਜਦ ਸਾਨੂੰ ਫੜਨ ਲਈ ਭੱਜਦਾ, ਤਾਂ ਬੜਾ ਤਮਾਸ਼ਾ ਲੱਗਦਾ। ਅਸੀਂ ਖੁੰਢਾਂ ਉਤੇ ਚੜ੍ਹ ਜਾਂਦੇ ਤੇ ਗ਼ਰੀਬ ਨੂੰ ਕੋਈ ਵੀ ਡਾਹ ਨਾ ਦਿੰਦਾ। ਉਹਦੀ ਮਾਂ ਉਸਨੂੰ ਬਥੇਰਾ ਰੋਕਦੀ ਕਿ ਉਹ ਸਾਡੇ ਨਾਲ ਨਾ ਖੇਡਿਆ ਕਰੇ ਪਰ ਚਾਨਣੀ ਰਾਤ ਤੇ ਹਾਣੀਆਂ ਦੀ ਖਿੱਚ ਮਾਂ ਦੀਆਂ ਝਿੜਕਾਂ ਦੀ ਕੁਝ ਪਰਵਾਹ ਨਾ ਕਰਦੀ। ਜਦ ਉਹ ਦੌੜਦਾ ਦੌੜਦਾ ਥੱਕ ਜਾਂਦਾ ਤਾਂ ਸਾਰੇ ਮੁੰਡੇ ਕੁੜੀਆਂ ਦਾਈ ਨੂੰ ਹੱਥ ਲਾ ਦਿੰਦੇ ਤੇ ਉਹ ਉਸੇ ਤਰ੍ਹਾਂ ਹੌਂਕਦਾ ਹੋਇਆ ਹਰ ਇਕ ਦੇ ਪਿੱਛੇ ਭੱਜਦਾ ਤਾਂ ਥੱਕ ਕੇ ਆਖਦਾ, "ਮਾਈ ਖੁੰਢਾਂ ਉਤੇ ਚੜ੍ਹਨਾ ਝੂਠ, ਜਿਹੜਾ ਲੱਕੜਾਂ ਉਤੇ ਜਾਵੇਗਾ ਉਹ ਫੜਿਆ ਜਾਵੇਗਾ।"

ਅਸੀਂ ਸਾਰੇ ਜਣੇ ਆਖਦੇ, "ਲੰਗੜੇ ਘੋੜੇ ਤੋਂ ਫੜਿਆ ਹੀ ਨਹੀਂ ਜਾਂਦਾ।" ਉਸ ਤੋਂ ਆਪਣੀਆਂ ਟੰਗਾਂ ਦੀ ਹੀਣਤ ਝੱਲੀ ਨਾ ਜਾਂਦੀ। ਉਹ ਫੇਰ ਉਸੇ ਤਰ੍ਹਾਂ ਲੰਙ ਮਾਰਦਾ ਹੋਇਆ ਹਰੇਕ ਪਿੱਛੇ ਦੌੜਦਾ। ਜਦ ਅਸੀਂ ਤਾਲੀਆਂ ਪਿੱਟਦੇ ਤੇ ਉਹਨੂੰ ਬਾਰ ਬਾਰ ਲੰਗੜਾ ਘੋੜਾ ਆਖਦੇ ਤਾਂ ਕਦੀ ਕਦੀ ਉਹਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ। ਰਾਤ ਦੇ ਹਨੇਰੇ ਵਿਚ ਇਹ ਹੰਝੂ ਉਹਦੀਆਂ ਗੱਲ੍ਹਾਂ ਉੱਤੇ ਥਿਰਕਦੇ ਮਿੱਟੀ ਉਤੇ ਜਾ ਪੈਂਦੇ।

ਉਨ੍ਹੀਂ ਦਿਨੀਂ ਸਾਡੇ ਮਾਪੇ ਸਾਨੂੰ ਇਕ ਦੂਜੇ ਨੂੰ ਮਿਲਣ ਤੋਂ ਕਦੀ ਟੋਕਦੇ ਨਹੀਂ ਸਨ। ਅਸੀਂ ਗਲਵਕੜੀ ਪਾਈ ਜਦ ਕੌਡੀ ਵਾਢੀ ਖੇਡਣ ਲਈ ਹਾਣੀ ਮਿੱਕ ਕੇ ਆਉਂਦੇ ਤਾਂ ਮੈਂ ਤੇ ਦੁਆਰਕੀ ਇਕ ਦੂਜੇ ਦੇ ਗਲ ਵਿਚ ਬਾਹਾਂ ਪਾਈ ਆਖਦੇ :—

ਡਿੱਕ, ਡਿੱਕ, ਡਿੱਕ
ਮੈਂ ਪੱਥਰ, ਇਹ ਇੱਟ।

ਤਾਬੀ ਜੁਲਾਹੀ ਦੇ ਘਰ ਦੇ ਬਨੇਰੇ ਉਪਰੋਂ ਚੰਦ ਝਾਕਦਾ ਹੋਇਆ ਸਾਡੀ ਖੇਡ ਤੱਕਦਾ ਰਹਿੰਦਾ। ਰੇਤੇ ਵਿਚ ਖੇਡਦੇ ਖੇਡਦੇ ਕਦੇ ਕਦੇ ਸਾਨੂੰ ਰਾਤ ਦੇ ਗਿਆਰਾਂ

ਵਜ ਜਾਂਦੇ । ਮੇਰੀ ਮਾਂ ਵੱਡੇ ਭਰਾ ਦੇ ਵਿਆਹ ਦੇ ਗੀਤ ਗਾਉਣ ਵਿਚ ਰੁੱਝੀ ਰਹਿੰਦੀ । ਆਮ੍ਹੋ-ਸਾਹਮਣੇ ਕੋਠਿਆਂ ਉੱਤੇ ਤੀਵੀਆਂ ਬੈਠੀਆਂ ਇਕ ਦੂਜੇ ਦੇ ਗੀਤਾਂ ਦਾ ਜਵਾਬ ਦਿੰਦੀਆਂ ਰਹਿੰਦੀਆਂ । ਇਕ ਟੱਪਾ ਮੇਰੀ ਮਾਂ ਤੇ ਦੁੱਨੇ ਦੀ ਭਾਬੀ ਆਖਦੀਆਂ, ਦੂਜਾ ਟੱਪਾ ਸਾਹਮਣੇ ਕੋਠੇ ਤੋਂ ਭਾਨ ਦੀ ਮਾਂ ਤੇ ਜਿਊਣੇ ਦੀ ਬਹੂ ਮਿਲ ਕੇ ਗਾਉਂਦੀਆਂ ।

ਸਾਵਣ ਦੇ ਮਹੀਨੇ ਅਸਮਾਨ ਕਾਲੇ ਨੀਲੇ ਬੱਦਲਾਂ ਨਾਲ ਭਰ ਜਾਂਦਾ । ਦੁਮੇਲ ਉੱਤੇ ਬਿਜਲੀ ਸੱਪ ਵਾਂਗ ਕਈ ਤੇਜ਼ ਜੀਭਾਂ ਕੱਢਦੀ । ਅਸੀਂ ਬੱਦਲਾਂ ਦੀ ਛਾਂ ਹੇਠਾਂ ਗਲੀ ਵਿਚ ਕੱਠੇ ਹੋ ਜਾਂਦੇ । ਸਭੇ ਹਾਣੀਆਂ ਦੇ ਰੌਲੇ ਨਾਲ ਗਲੀ ਇਕ ਜੁਆਨ ਕੁੜੀ ਵਾਂਗ ਹੱਸਣ ਲੱਗ ਪੈਂਦੀ ।

ਉੱਤਰ ਵਲੋਂ ਪੁਰਾ ਚਲਦਾ। ਵਾਯੂ-ਮੰਡਲ ਹਾਸੇ ਦੇ ਗੀਤਾਂ ਨਾਲ ਭਰ ਜਾਂਦਾ ਹੈ । ਅਸਮਾਨ ਦਾ ਨੀਲਾ ਵਗਦਾ ਹੋਇਆ ਸੁਫ਼ਨਾ ਧਰਤੀ ਉਤੇ ਇੰਜ ਝੁਕਿਆ ਹੈ ਜਿਵੇਂ ਮਾਂ ਦੀ ਮਮਤਾ ਗੋਦੀ ਵਿਚ ਖੇਡਦੇ ਬਾਲ ਉਤੇ ਝੁਕੀ ਹੋਵੇ । ਕੁੜੀਆਂ ਮੁੰਡੇ ਕੰਘੀ ਪਾ ਕੇ ਘੁੰਮਣ-ਘੇਰੀ ਖਾਣ ਲੱਗ ਪੈਂਦੇ ਤੇ ਜੁਲਾਹਿਆਂ ਦਾ ਮੁੰਡਾ ਜੰਗੀਰਾ ਪੀਪਾ ਵਜਾਉਣ ਲੱਗ ਜਾਂਦਾ ।

ਕੁੱਤੇ ਆਪਣੀਆਂ ਪੂਛਾਂ ਪਿਛਲੀਆਂ ਲੱਤਾਂ ਦੇ ਵਿਚਕਾਰ-ਅੜਾ ਕੇ ਇਧਰ ਉਧਰ ਦੌੜਦੇ ਫਿਰਦੇ । ਅਸੀਂ ਸਭੇ ਇਕੱਠੇ ਹੋ ਕੇ ਵਿਆਹ, ਵਿਆਹ ਖੇਡਣ ਲੱਗ ਪੈਂਦੇ । ਗਿੱਲੀ ਮਿੱਟੀ ਦੀਆਂ ਛੋਟੀਆਂ ਛੋਟੀਆਂ ਗੋਲ, ਟੇਢੀਆਂ, ਚੌਰਸ ਗਲੋਟੀਆਂ ਭਾਂਤ ਭਾਂਤ ਦੀਆਂ ਮਿਠਾਈਆਂ ਹੁੰਦੀਆਂ, ਠੀਕਰੀਆਂ ਉੱਤੇ ਥੁਕ ਕੇ ਖੀਰ ਕੜਾਹ ਬਣ ਜਾਂਦਾ, ਅਤੇ ਪੀੜ੍ਹੀਆਂ ਤੇ ਮੂਹੜੇ ਜੋੜ ਕੇ ਅਸੀਂ ਡੋਲੀ ਤਿਆਰ ਕਰਦੇ । ਇਕ ਪਾਸਿਓਂ ਬਰਾਤੀ ਢੁੱਕਦੇ ਜਿਹੜੇ ਸਭੇ ਮੂੰਹ ਵਿਚ ਪਿੱਪਲ ਦੇ ਪੱਤਿਆਂ ਦੀਆਂ ਪੀਪਣੀਆਂ ਵਜਾਉਂਦੇ ਸਨ। ਪਰ ਉਸੇ ਵੇਲੇ ਬੱਦਲ ਗਰਜਦਾ, ਜਿਵੇਂ ਕੋਈ ਸੁੱਤਾ ਪਿਆ ਪਾਗਲ ਬਰੜਾ ਉੱਠਿਆ ਹੋਵੇ । ਅਸੀਂ ਵਿਆਹ ਸ਼ਾਦੀ ਦਾ ਸਮਾਨ ਛੱਡ ਕੇ ਮੀਂਹ ਦੀ ਖ਼ੁਸ਼ੀ ਵਿਚ ਨੱਚਣ ਲੱਗ ਪੈਂਦੇ ।

ਪਹਿਲਾਂ ਤਾਂ ਮੀਂਹ ਠੂਠੀਂ ਚੱਪਣੀਂ ਵਰ੍ਹਦਾ, ਪਰ ਫਿਰ ਇਕ ਦਮ ਜਿਵੇਂ ਅਸਮਾਨ ਦੇ ਬੰਨ੍ਹ ਪਾਟ ਗਏ ਹੋਣ । ਕਣੀਆਂ ਦੀ ਤੇਜ਼ ਵਾਛੜ ਸ਼ੁਰੂ ਹੋ ਜਾਂਦੀ ਤੇ ਪਾਣੀ ਛੱਜੀਂ ਛੱਜੀਂ ਵਰ੍ਹਣ ਲੱਗ ਪੈਂਦਾ ।

ਸਾਵਣ ਦੇ ਮਹੀਨੇ ਜਦ ਮੀਂਹ ਦੀ ਝੜੀ ਲੱਗਦੀ ਤਾਂ ਕਈ ਕਈ ਦਿਨ ਬਾਰਸ਼ ਦੀ ਸਾਇੰ ਸਾਇੰ ਬੰਦ ਨਾ ਹੁੰਦੀ । ਰਾਤ ਦੇ ਹਨੇਰੇ ਵਿਚ ਬਾਹਰ

ਬੱਦਲ ਭੁੱਖੇ ਰਿੱਛ ਵਾਂਗ ਬੁੱਕਦਾ ਰਹਿੰਦਾ। ਮੈਂ ਤੇ ਮੇਰਾ ਨਿੱਕਾ ਭਰਾ ਝੁੰਗੜ-ਮਾਂਗੜੀਆ ਕਰ ਕੇ ਮੰਜੀ ਉੱਤੇ ਡਰਦੇ ਹੋਏ ਬੈਠੇ ਰਹਿੰਦੇ।

ਰੋਟੀ ਪਕਾ ਹਟਣ ਪਿਛੋਂ ਮਾਂ ਕਾਂਸੀ ਦੇ ਭਾਂਡਿਆਂ ਨੂੰ ਸਾਂਭਦੀ ਫਿਰਦੀ ਰਹਿੰਦੀ। ਉਹਦਾ ਖ਼ਿਆਲ ਸੀ ਕਿ ਕੜਕਦੀ ਹੋਈ ਬਿਜਲੀ ਇਸ ਆਸ ਵਿਚ ਚੁਬਾਰੇ ਪਿੱਛੇ ਲੁਕੀ ਬੈਠੀ ਏ ਕਿ ਜਦ ਉਹਦਾ ਕਾਂਸੀ ਦਾ ਕੋਈ ਕੌਲ ਛੰਨਾ ਬਾਹਰ ਮੀਂਹ ਵਿਚ ਰਹਿ ਜਾਵੇ ਤੇ ਉਹ ਝਪਟ ਕੇ ਉਸ ਉੱਤੇ ਡਿੱਗ ਪਵੇ। ਜਦ ਦੁਪਹਿਰਾਂ ਵੇਲੇ ਬਾਰਸ਼ ਦੇ ਕੁਝ ਛਿੱਟੇ ਪੈਂਦੇ ਤੇ ਪਾਣੀ ਦੇ ਭਰੇ ਹੋਏ ਬੱਦਲਾਂ ਪਿਛੇ ਸੂਰਜ ਇੰਜ ਚਮਕਦਾ ਜਿਵੇਂ ਕਿਸੇ ਦੀਆਂ ਹੰਝੂਆਂ ਭਰੀਆਂ ਅੱਖਾਂ ਹੱਸ ਰਹੀਆਂ ਹੋਣ ਤਾਂ ਮੇਰੀ ਮਾਂ ਸਾਨੂੰ ਗੁਲਗੁਲੇ ਤੇ ਪੂੜੇ ਤਲ ਕੇ ਖੁਆਂਦੀ। ਗੁਲਾਬੀ, ਨਿੰਮ੍ਹੀ ਧੁੱਪ ਵਿਚ ਹਲਕੀ ਹਲਕੀ ਬਾਰਸ਼ ਝਰਦੀ ਰਹਿੰਦੀ। ਅਸੀਂ ਸਮਝਦੇ, ਗਿੱਦੜ ਗਿੱਦੜੀ ਦਾ ਵਿਆਹ ਹੁੰਦਾ ਹੈ।

ਬਰਖਾ ਦੇ ਤੂਫ਼ਾਨ ਪਿਛੋਂ ਗਲੀ ਦੇ ਬਰਸਾਤੀ ਨਾਲੇ ਸੁੱਕ ਜਾਂਦੇ ਪਰ ਬਾਬਾ ਸੁੰਦਰ ਦੇ ਵਿਹੜੇ ਵਿਚ ਬੇਅੰਤ ਪਾਣੀ ਦਾ ਸਮੁੰਦਰ ਕਿਸ ਤਰ੍ਹਾਂ ਸੁੱਕ ਸਕਦਾ ਸੀ ? ਕਦੀ ਸਮੁੰਦਰ ਵੀ ਸੁੱਕੇ ਸਨ ? ਅਸੀਂ ਕਾਗਜ਼ ਦੀਆਂ ਟੋਪੀਆਂ ਸਿਰ ਉੱਤੇ ਪਾ ਕੇ ਇਸ ਵੱਡੇ ਸਾਗਰ ਵਿਚ ਕਿਸਤੀਆਂ ਚਲਾਉਂਦੇ ! ਹਰ ਇਕ ਕਿਸ਼ਤੀ ਨੂੰ ਸੁਦਾਗਰੀ ਦੇ ਸਾਮਾਨ ਨਾਲ ਲੱਦ ਦਿੰਦੇ। ਸਮੁੰਦਰ ਦੀਆਂ ਛੱਲਾਂ ਵਿਚ ਕਿਸ਼ਤੀ ਡੋਲਦੀ ਹੋਈ ਤੁਰੀ ਜਾਂਦੀ। ਰਸਤੇ ਵਿਚ ਕਿਸੇ ਟਾਪੂ ਦੇ ਕੰਢੇ ਜਾ ਲੱਗਦੀ ਤਾਂ ਅਸੀਂ ਸਮਝਦੇ ਕਿ ਥਾਂ ਟਿਕਾਣੇ ਪੁੱਜ ਗਈ ਹੈ। ਪਰ ਜਦ ਕਦੀ ਤੂਫ਼ਾਨੀ ਲਹਿਰਾਂ ਦੇ ਜ਼ੋਰ ਤੇ ਲੱਦੇ ਹੋਏ ਮਾਲ ਅਸਬਾਬ ਦੇ ਬੋਝ ਨਾਲ ਕਿਸ਼ਤੀ ਡੁੱਬ ਜਾਂਦੀ ਤਾਂ ਸਾਨੂੰ ਬੜਾ ਅਫ਼ਸੋਸ ਲੱਗਦਾ। ਪਤਲੀਆਂ ਪਤਲੀਆਂ ਠੀਕਰੀਆਂ ਚੁੱਗ ਕੇ ਸਾਡੇ ਵਿਚੋਂ ਹਰ ਇਕ ਜਣਾ ਉਨ੍ਹਾਂ ਨੂੰ ਸਮੁੰਦਰ ਦੀਆਂ ਲਹਿਰਾਂ ਉੱਤੇ ਇਕ ਕੰਢੇ ਤੋਂ ਦੂਜੇ ਕੰਢੇ ਤੀਕ ਘੱਲਦਾ। ਠੀਕਰੀਆਂ ਪਾਣੀ ਦੀ ਸਤਹ ਉਤੇ ਸਿੱਪੀਆਂ ਵਾਂਗ ਤਰਦੀਆਂ ਪਾਰਲੇ ਕੰਢੇ ਜਾ ਲੱਗਦੀਆਂ। ਜਿਸ ਦੀ ਠੀਕਰੀ ਪਾਣੀ ਉਤੇ ਜ਼ਿਆਦਾ ਕੁੰਡਲ ਪਾਉਂਦੀ ਉਹ ਸਭਨਾਂ ਦਾ ਸਰਦਾਰ ਮੰਨਿਆਂ ਜਾਂਦਾ।

ਉਨ੍ਹੀਂ ਦਿਨੀਂ ਕੁਦਰਤ ਦੀ ਹਰ ਹਰਕਤ ਸਾਡੇ ਦਿਲਾਂ ਵਿਚ ਲਹਿਰੀਆਂ ਉਠਾਉਂਦੀ ਜਿਵੇਂ ਪਾਣੀ ਦੇ ਭਰੇ ਟੋਭੇ ਵਿਚ ਪੱਥਰ ਸੁੱਟਣ ਨਾਲ ਨਾ ਖ਼ਤਮ ਹੋਣ ਵਾਲੇ ਚੱਕਰਾਂ ਦਾ ਗੇੜ ਬੱਝ ਜਾਂਦਾ ਹੈ, ਜਿਵੇਂ ਖ਼ਾਰੀ ਪਹਾੜ ਵਿਚ ਸਾਡੀ ਚੀਖ਼ ਹਰ ਇਕ ਟੀਸੀ ਨੂੰ ਬਹੁਤ ਚਿਰ ਤਕ ਛੋਟੀਆਂ ਖ਼ਾਮੋਸ਼ ਗੱਲਾਂ ਸੁਣਾਉਂਦੀ

ਰਹਿੰਦੀ ਹੈ। ਮੀਂਹ, ਝੱਖੜ, ਬੱਦਲ, ਤਾਰੇ, ਹਵਾ, ਸਭੇ ਸਾਡੇ ਲਈ ਕਿਸੇ ਜੀਊਂਦੀ ਜਾਗਦੀ ਮਹਾਨ ਹਸਤੀ ਦੇ ਸੁਨੇਹੇ ਲੈ ਕੇ ਆਉਂਦੇ। ਉਹ ਉਸ ਵੇਲੇ ਇਕ ਅੰਨ੍ਹੀ ਅਨਜਾਣ ਸ਼ਕਤੀ ਦੀ ਜ਼ੰਜੀਰ ਵਿਚ ਬੰਨ੍ਹੇ ਹੋਏ ਅਰਥ-ਹੀਨ ਇਸ਼ਾਰੇ ਨਹੀਂ ਸਨ ਸਗੋਂ ਜੀਵਨ ਦਾ ਰਹੱਸ ਸਨ ਜਿਸ ਨੂੰ ਸਾਡੀ ਬਾਲੜੀ ਅਵਸਥਾ, ਜਿਹੜੀ ਦੁਨੀਆਦਾਰੀ ਦੀ ਗਰਦ ਤੋਂ ਹਾਲੇ ਅੰਨ੍ਹੀ ਨਹੀਂ ਹੋਈ ਸੀ, ਬਗ਼ੈਰ ਕਿਸੇ ਦੀ ਮਦਦ ਦੇ ਝੱਟ ਸਮਝ ਲੈਂਦੀ।

# ਤਿੰਨ

ਤਿਰਕਾਲਾਂ ਨੂੰ ਜਦ ਹਾਲੇ ਬੱਤੀਆਂ ਨਹੀਂ ਸਨ ਬਲੀਆਂ, ਮੈਂ ਬਾਜ਼ਾਰ ਵਿਚ ਇਕ ਪੈਸਾ, ਜਿਹੜਾ ਮੈਨੂੰ ਨਿਤ ਖ਼ਰਚਣ ਨੂੰ ਮਿਲਦਾ ਸੀ, ਮੁੱਠੀ ਵਿਚ ਫੜੀ ਕੋਈ ਚੰਗੀ ਚੀਜ਼ ਖਾਣ ਲਈ ਘੁੰਮਦਾ ਫਿਰਦਾ ਸਾਂ — ਆਲੂ ਛੋਲੇ ਜਾਂ ਭੱਲੇ ਯਾ ਗੋਲ-ਗੱਪੇ ਯਾ ਪਕੌੜੇ — ਮੈਂ ਫੈਸਲਾ ਨਹੀਂ ਸਾਂ ਕਰ ਸਕਦਾ। ਇਤਨੇ ਵਿਚ ਸਾਡੇ ਗੁਆਂਢ ਦੀ ਜੁਲਾਹੀ ਕੋਲ ਦੀ ਲੰਘਦੀ ਹੋਈ ਮੈਨੂੰ ਆਖਣ ਲੱਗੀ, "ਵੇ ਤੂੰ ਏਥੇ ਫਿਰਦਾ ਏਂ — ਘਰ ਤੇਰੀ ਚਾਚੀ ਨੂੰ ਅੱਗ ਲੱਗ ਗਈ ਏ।"

ਮੈਂ ਘਬਰਾਇਆ ਘਬਰਾਇਆ ਉਸ ਵੱਲ ਤੱਕਣ ਲੱਗਾ। ਚੰਗੀ ਤਰ੍ਹਾਂ ਉਸ ਦੀ ਗੱਲ ਸਮਝ ਨਹੀਂ ਸੀ ਆਈ। ਪਰ ਮੈਨੂੰ ਇਹ ਪਤਾ ਲੱਗ ਗਿਆ ਕਿ ਜ਼ਰੂਰ ਕੋਈ ਗੰਭੀਰ ਤੇ ਖ਼ਰਾਬ ਗੱਲ ਹੋ ਗਈ।

ਮੈਂ ਕਾਹਲੀ ਕਾਹਲੀ ਤੁਰਦਾ ਤੇ ਆਪਣੇ ਹਥਲੇ ਪੈਸੇ ਨੂੰ ਜ਼ੋਰ ਦੀ ਘੁੱਟੀ ਘਰ ਪਰਤਿਆ। ਰਸਤੇ ਵਿਚ ਇਕ ਪੱਥਰ ਦੀ ਠੋਕਰ ਨਾਲ ਮੇਰੇ ਅੰਗੂਠੇ ਦਾ ਨਹੁੰ ਉਚੜ ਗਿਆ। ਮੈਂ ਹੱਥ ਲਾ ਕੇ ਦੇਖਿਆ, ਨਹੁੰ ਮਾਸ ਨੂੰ ਛਿੱਲ ਕੇ ਅੰਦਰ ਨੂੰ ਵੜ ਗਿਆ ਸੀ, ਤੇ ਲਹੂ ਦੀ ਇਕ ਤਤੀਰੀ ਫੁਟ ਪਈ ਸੀ।

ਲੰਙ ਮਾਰਦਾ ਮਾਰਦਾ ਜਦ ਮੈਂ ਘਰ ਪੁੱਜਾ, ਤਾਂ ਦੇਖਿਆ ਕਿ ਜਿਸ ਕਮਰੇ ਵਿਚ ਚਾਚੀ ਪਈ ਏ, ਉਸਦੇ ਬਾਹਰ ਆਦਮੀਆਂ ਤੀਵੀਆਂ ਦਾ ਇਕੱਠ ਸੀ। ਭੀੜ ਨੂੰ ਚੀਰਦਾ ਹੋਇਆ ਮੈਂ ਅੰਦਰ ਲੰਘਣ ਦੀ ਕੋਸ਼ਿਸ਼ ਕਰਨ ਲੱਗਾ, ਪਰ ਬਾਬੇ ਨੇ ਬਾਂਹ ਫੜ ਕੇ ਬਾਹਰ ਕਰ ਦਿੱਤਾ "ਕੀ ਕਰਨਾ ਏਂ, ਤੂੰ ਅੰਦਰ ਘੁਸੜਦਾ ਆਉਨਾ ਏਂ, ਚਲ ਬਾਹਰ ਜਾ ਕੇ ਬੈਠ।"

ਮੈਂ ਦੂਜੇ ਕੋਨੇ ਵਿਚ ਆਪਣੀਆਂ ਭੈਣਾਂ ਕੋਲ ਚਲਿਆ ਗਿਆ, ਪਰ ਖੁਲ੍ਹੇ ਦਰਵਾਜ਼ੇ ਵਿਚੋਂ ਮੈਨੂੰ ਦਿਸਦਾ ਸੀ ਕਿ ਚਾਚਾ ਗਰਮ ਪਾਣੀ ਦਾ ਗੜਵਾ ਫੜੀ ਖਲੋਤਾ ਹੈ, ਡਾਕਟਰ ਹੱਥ ਵਿਚ ਕਈ ਸੂਏ ਤੇ ਪੱਟੀਆਂ ਲਈ ਚਾਚੀ ਦੇ ਸੜੇ ਹੋਏ ਮਾਸ ਉੱਤੇ ਕੁਝ ਲਗਾ ਰਿਹਾ ਹੈ। ਉਹ ਬਾਰ ਬਾਰ ਤ੍ਰੱਬਕ ਕੇ ਚੀਖ਼ ਉੱਠਦੀ। ਉਸ ਦੇ ਕਮਰੇ ਵਿਚੋਂ ਇਕ ਅਜੀਬ ਜਿਹੀ ਸੜ੍ਹਾਂਦ ਆਉਂਦੀ ਸੀ — ਜਲੀ ਹੋਈ ਚਮੜੀ ਦੀ ਬੂ ਜੋ ਹਲਕ ਨੂੰ ਘੁੱਟ ਦੇਂਦੀ ਸੀ।

ਅੱਠ ਦਸ ਦਿਨ ਹੀ ਹੋਏ ਸਨ ਜਦ ਚਾਚੀ ਦੇ ਇਕ ਮੁੰਡਾ ਹੋਇਆ ਸੀ। ਵੱਡੀ ਬੇਬੀ ਵਿਹੜੇ ਵਿਚ ਬੈਠੀ ਇਸ ਨਵੇਂ ਜੰਮੇ ਮੁੰਡੇ ਨੂੰ ਚੁੰਘਣੀ ਵਿਚੋਂ ਦੁੱਧ ਪਿਲਾਈ ਜਾਂਦੀ ਸੀ — ਇਕ ਪਤਲਾ ਸੁਆਹ-ਰੰਗਾ ਸੁੱਕਿਆ ਮੁੰਡਾ, ਜਿਸ ਦੇ ਬੁੱਲ੍ਹ ਨੀਲੇ ਸਨ ਅਤੇ ਬੁੱਢੀ ਦੇ ਬੁੱਲ੍ਹਾਂ ਵਾਂਗ ਮੁੜੇ ਤੇ ਸੁੰਗੜੇ ਹੋਏ।

ਸਾਰੇ ਘਰ ਵਿਚ ਡਰ ਛਾਇਆ ਹੋਇਆ ਸੀ। ਤੀਵੀਂਆਂ ਘੁਸਰ ਮੁਸਰ ਗੱਲਾਂ ਕਰਦੀਆਂ ਸਨ — "ਕੁੜੇ ਕਿਵੇਂ ਲੱਗੀ ਅੱਗ — ਕੀਕਰ ?"

ਦੂਜੀ ਆਖਦੀ — "ਲੋਹੜਾ ਸਾਈਂ ਦਾ। ਰੱਬ ਦੇ ਘਰ ਵੀ ਹਨੇਰ ਆ ਗਿਆ। ਹਾਲੇ ਦਸ ਦਿਹਾੜੇ ਵੀ ਨਹੀਂ ਸਨ ਹੋਏ ਜਣੇਪੇ ਨੂੰ।"

"ਮੁੰਡੇ ਨੂੰ ਤਾਂ ਆਪਣੀ ਮਾਂ ਕੋਲ ਨਹੀਂ ਜਾਣ ਦਿੰਦੇ ਹੋਣਗੇ ?"

"ਜਾਣ ਕਿਕਰ ਦੇਣ ? ਵਿਚਾਰੀ ਦੀਆਂ ਸਾਰੀਆਂ ਛਾਤੀਆਂ ਗਲੀਆਂ ਪਈਆਂ ਹਨ। ਸੁਣਿਆਂ ਏ, ਜ਼ਹਿਰ ਪੈ ਗਿਆ ਏ।"

"ਕੁੜੇ ਬਚ ਜਾਊਗੀ ?"

"ਮੁੰਡੇ ਦੇ ਭਾਗਾਂ ਨੂੰ !"

"ਚੰਗਾ ਭੈਣੇ, ਮੈਂ ਚਲਦੀ ਹਾਂ। ਜੇ ਆਖੇਂ ਤਾਂ ਆਪਣੇ ਪੁੱਤ ਕੁੰਦਨ ਨੂੰ ਭੇਜ ਦੇਵਾਂ। ਕਿਸੇ ਗੰਡੇ ਤਵੀਤ ਵਾਲੇ ਨੂੰ ਸੱਦ ਲਿਆਊ।"

ਮੇਰੀ ਮਾਂ ਜਵਾਬ ਦੇਂਦੀ, "ਨਹੀਂ, ਪੰਡਤ ਬੰਸੀ ਰਾਮ ਤੇ ਵੱਡੇ ਡਾਕਟਰ ਦਾ ਇਲਾਜ ਏ। ਕੀ ਲੋੜ ਹੈ ਕਿਸੇ ਪੀਰ ਫ਼ਕੀਰ ਦੀ।"

"ਨਾ ਭੈਣੇ ਇਉਂ ਨਾ ਆਖ। ਅੱਗ ਉਤੇ ਡਾਕਟਰਾਂ ਵੈਦਾਂ ਦਾ ਕੋਈ ਜ਼ੋਰ ਨਹੀਂ ਚਲਦਾ। ਕੋਈ ਹਥੌਲਾ ਕਰਵਾਈਂ ਜਾਂ ਮੀਰਾਂ ਸਾਹਿਬ ਦੇ ਮਲ੍ਹਿਆਂ ਵਾਲੇ ਸਾਈਂ ਨੂੰ ਸੱਦ ਲਵੇਂ ਤਾਂ ਕੁਝ ਬਣ ਵੀ ਜਾਣਾ ਏ, ਨਹੀਂ ਤਾਂ ਡਾਕਟਰਾਂ ਦੀਆਂ ਕੌੜੀਆਂ ਦਾਰੂਆਂ ਤੇ ਠੰਢੇ ਤੱਤੇ ਪੱਟਿਆਂ ਨਾਲ ਕੁਝ ਨਹੀਂ ਹੋਣਾ।"

ਇਸ ਤਰ੍ਹਾਂ ਮਾਂ ਨੂੰ ਹਰ ਇਕ ਤੀਵੀਂ ਕਿਸੇ ਨਾ ਕਿਸੇ ਪੀਰ ਸਾਈਂ ਦੀ ਮਨੌਤੀ ਮੰਨਣ ਦੀ ਸਲਾਹ ਦੇ ਕੇ, ਆਪਣਾ ਆਪਣਾ ਘੱਗਰਾ ਬੋਚਦੀ ਹੋਈ ਚਲੀ ਗਈ।

ਮੇਰਾ ਚਾਚਾ ਦਵਾਈ ਲੈ ਕੇ ਮੇਰੀ ਮਾਂ ਕੋਲ ਆਇਆ। ਉਸਦਾ ਮੂੰਹ ਉਤਰਿਆ ਹੋਇਆ ਸੀ। ਕਈ ਸਾਲ ਹੋਏ ਉਸ ਨੇ ਏਸੇ ਤਰ੍ਹਾਂ ਇਕ ਕਸ਼ਟ ਉੱਤੇ ਹਨੂੰਮਾਨ ਦਾ ਪ੍ਰਸ਼ਾਦ ਸੁਖਿਆ ਸੀ, ਪਰ ਫੇਰ ਵੰਡਿਆ ਨਹੀਂ ਸੀ। ਹੁਣ ਉਹ ਪਛਤਾਵੇ ਵਿਚ ਵਾਰ ਵਾਰ ਆਖਦਾ ਸੀ, "ਕਰਮਾਂ ਦਾ ਲਿਖਿਆ ਅੱਗੇ ਆ ਰਿਹਾ ਏ। ਦੇਵੀ ਦੇਵਤਿਆਂ ਨਾਲ ਮੱਥਾ ਲਾਉਣਾ ਕੋਈ ਆਸਾਨ ਗੱਲ

ਏ ? ਆਖ ਕੇ ਨਾ ਨਿਭਾਉਣਾ ? ਉਹ ਵੀ ਕੋਈ ਆਦਮੀ ਨੇ ਜਿਹੜੇ ਭੁੱਲ ਜਾਣਗੇ ਜਾਂ ਮੁਆਫ਼ ਕਰ ਦੇਣਗੇ। ਇਥੇ ਤਾਂ ਦੂਣੇ ਚੁਕਾਣੇ ਪੈਂਦੇ ਨੇ" ਤੇ ਫਿਰ ਉਸ ਨੇ ਪਹਿਲਾਂ ਨਾਲੋਂ ਤਿੱਗਣੇ ਪੈਸਿਆਂ ਦਾ ਪ੍ਰਸ਼ਾਦ ਸੁੱਖਿਆ ਅਤੇ ਇਕਰਾਰ ਕੀਤਾ ਕਿ ਜੇ ਚਾਚੀ ਇਕ ਵਾਰ ਰਾਜ਼ੀ ਹੋ ਗਈ ਤਾਂ ਉਹ ਜੂਆ ਖੇਡਣਾ ਵੀ ਛੱਡ ਦੇਵੇਗਾ।

ਪਰ ਚਾਚੀ ਰਾਜ਼ੀ ਨਾ ਹੋਈ ਤੇ ਚਾਚੇ ਨੂੰ ਜੂਆ ਛੱਡਣ ਦੀ ਖੇਚਲ ਨਾ ਕਰਨੀ ਪਈ। ਅੱਠ ਦਸ ਦਿਨ ਪਿਛੋਂ ਸਿਸਕ ਸਿਸਕ ਤੇ ਕੁੜ੍ਹ ਕੇ ਉਹ ਮਰ ਗਈ।

ਦੁਪਹਿਰਾਂ ਦਾ ਵੇਲਾ ਸੀ, ਜਦ ਉਸ ਨੂੰ ਭੁੰਜੇ ਲਾਹ ਲਿਆ ਗਿਆ। ਤੀਵੀਆਂ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਉਸ ਦੇ ਹੌਕੇ, ਜਿਹੜੇ ਉਸ ਦੀ ਸੰਘੀ ਵਿਚ ਅਟਕੇ ਹੋਏ ਸਨ, ਤੀਵੀਆਂ ਦੀ ਇਕ-ਸੁਰ ਧਾੜ ਨਾਲ ਕਾਹਲੀ ਕਾਹਲੀ ਮੁੱਕ ਗਏ।

ਬਾਬਾ ਚੌਂਤਰੇ ਅੱਗੇ ਬੈਠਾ ਇਕ ਨਿਆਣੇ ਵਾਂਗ ਉੱਚੀ ਉੱਚੀ ਰੋਣ ਲੱਗ ਪਿਆ। ਵਾਰ ਵਾਰ ਉਹ ਖੱਬੇ ਹੱਥ ਦੇ ਗੁੱਟ ਨਾਲ ਆਪਣੇ ਛੋਟੇ ਮੁਕਵੇਂ ਹੰਝੂਆਂ ਨੂੰ ਪੂੰਝਦਾ।। ਉਸ ਦੇ ਪੀਲੇ, ਗੰਜੇ ਤਾਲੂ ਉਤੋਂ ਸਾਫ਼ਾ ਖਿਸਕ ਕੇ ਪਿਛਾਂਹ ਹੋ ਗਿਆ ਸੀ ਤੇ ਉਹ ਕੀਰਨੇ ਪਾ ਪਾ ਰੋਈ ਜਾਂਦਾ ਸੀ।

ਮੈਂ ਹਾਰੇ ਕੋਲ ਲੁਕਿਆ ਖੜਾ ਰਿਹਾ। ਫਿਰ ਸਾਰੀ ਬਰਾਦਰੀ ਇਕੱਠੀ ਹੋਈ। ਸਭਨਾਂ ਨੂੰ ਜੈ ਕੌਰ ਨੈਣ ਸੱਦਣ ਗਈ, ਉਸੇ ਤਰ੍ਹਾਂ ਜੀਕਰ ਵਿਆਹ ਦਾ ਸੱਦਾ ਲੈ ਕੇ ਜਾਂਦੀ ਹੁੰਦੀ ਸੀ। ਸਾਰੇ ਜਣੇ ਤਿਆਰ ਹੋ ਕੇ ਆ ਗਏ। ਤੀਵੀਆਂ ਘਗਰੀਆਂ ਪਾ ਕੇ, ਮਰਦ ਚਿੱਟੇ ਸਾਫ਼ੇ ਵਲ੍ਹੇਟ ਕੇ। ਤੀਵੀਆਂ, ਬੁੱਢੀਆਂ, ਦਾਦੀਆਂ ਖਿੜ ਖਿੜ ਰੋਣ ਲੱਗ ਪਈਆਂ। ਸਾਰੀਆਂ ਜਣੀਆਂ ਮਿਲ ਕੇ ਇਕ ਲੈਅ ਵਿਚ ਕੀਰਨੇ ਪਾਉਂਦੀਆਂ ਸਨ।

ਫਿਰ ਬਾਬੇ ਨੇ ਚੌਂਤਰੇ ਉੱਤੇ ਜ਼ੋਰ ਜ਼ੋਰ ਦੀ ਆਪਣਾ ਸੁੰਢ ਵਰਗਾ ਨੱਕ ਸੁਣਕਿਆ ਤੇ ਅੱਖਾਂ ਨੂੰ ਆਪਣੇ ਸਾਫ਼ੇ ਦੇ ਲੜ ਨਾਲ ਪੂੰਝਦਾ ਹੋਇਆ ਬਾਹਰ ਆ ਗਿਆ ਅਤੇ ਬਰਾਦਰੀ ਦੇ ਬੁੱਢਿਆਂ ਨਾਲ ਸਲਾਹਾਂ ਕਰਨ ਲੱਗ ਪਿਆ। ਲਾਸ਼ ਨੂੰ ਰਾਤੋ-ਰਾਤ ਫੂਕ ਦਿੱਤਾ ਜਾਏ ਕਿ ਤੜਕੇ ਦੀ ਉਡੀਕ ਕਰਨੀ ਚਾਹੀਦੀ ਹੈ। ਕਈ ਤੀਵੀਆਂ ਇਸ ਦੇ ਖ਼ਿਲਾਫ਼ ਸਨ, "ਕਿਉਂ ਐਵੇਂ ਵਿਚਾਰੀ ਨੂੰ ਨਰਕ ਵਿਚ ਧਿੱਕਾ ਦਿੰਨੇ ਓ। ਤੜਕਾ ਹੋ ਲੈਣ ਦਿਓ, ਰਾਤ ਨੂੰ ਕਦੀ ਕਿਸੇ ਮੁਰਦੇ ਨੂੰ ਫੂਕਿਆ ਏ ?" ਪਰ ਦੋ ਚਾਰ ਸਿਆਣੇ ਇਸ ਹੱਕ ਵਿਚ ਸਨ

ਕਿ ਰਾਤ ਨੂੰ ਹੀ ਮਿੱਟੀ ਟਿਕਾਣੇ ਲਾਉਣੀ ਚਾਹੀਦੀ ਏ ।

ਕਈ ਸਲਾਹਾਂ ਮਿਥੀਆਂ ਗਈਆਂ । ਮੈਨੂੰ ਪਤਾ ਨਹੀਂ ਫਿਰ ਕੀ ਸਲਾਹ ਹੋਈ, ਮੈਂ ਸੌਂ ਗਿਆ ਸਾਂ । ਪਰ ਜਦ ਸਵੇਰੇ ਉੱਠਿਆ ਤਾਂ ਘਰ ਦੇ ਸਾਰੇ ਲੋਕ ਚਾਚੀ ਨੂੰ ਫੂਕ ਕੇ ਵਿਹਲੇ ਹੋਏ ਰੋਈ ਜਾਂਦੇ ਸਨ । ਤੀਵੀਆਂ ਘੁੰਡ ਕੱਢੀ ਡਿਉਢੀ ਵਿਚ ਬੈਠੀਆਂ ਹੇਕ ਨਾਲ ਹੇਕ ਲਾ ਕੇ ਰੋਂਦੀਆਂ ਸਨ ਅਤੇ ਮਰਦ ਵਿਹੜੇ ਵਿਚ ਸੱਥਰ ਉੱਤੇ ਬੈਠੇ ਢਿੱਲੇ ਮੂੰਹ ਕਰੀ ਗੱਲਾਂ ਕਰੀ ਜਾਂਦੇ ਸਨ । ਇਸ ਪਿਛੋਂ ਥੋੜ੍ਹੀਆਂ ਜਿਹੀਆਂ ਕਣੀਆਂ ਪਈਆਂ — ਪਤਲੀ ਫੁਹਾਰ ਜਿਹੋ ਜਹੀ ਕਦੇ ਕਦੇ ਫੱਗਣ ਦੇ ਖ਼ੁਸ਼ਕ ਬੱਦਲਾਂ ਵਿਚੋਂ ਵਰ੍ਹਦੀ ਹੁੰਦੀ ਹੈ । ਸਾਰੇ ਜਣੇ ਉੱਠ ਕੇ ਡਿਉਢੀ ਵਿਚ ਇਕੱਠੇ ਹੋ ਗਏ ।

ਤੀਵੀਆਂ ਅੱਠ ਦਸ ਦਿਨਾਂ ਪਿਛੋਂ ਰੋ ਧੋ ਕੇ ਚੁੱਪ ਹੋ ਗਈਆਂ । ਕਦੀ ਕੋਈ ਦੂਰ ਦਾ ਆਕ ਸਾਕ ਮਿਲਣ ਆਉਂਦਾ ਤਾਂ ਪੱਲਾ ਪਾ ਕੇ ਬੈਠ ਜਾਂਦੀਆਂ ਤੇ ਇਸ ਦੇ ਵਿਚ ਚਾਚੇ ਦੇ ਨਵੇਂ ਵਿਆਹ ਦੀਆਂ ਗੱਲਾਂ ਵੀ ਛੋਂਹਦੀਆਂ । ਕੋਈ ਤੀਵੀਂ ਨਿਆਣੇ ਨੂੰ ਚੂੰਘੀ ਵਿਚੋਂ ਦੁੱਧ ਪੀਂਦਿਆਂ ਦੇਖ ਕੇ ਆਖਦੀ, ''ਏਸ ਨਿਆਣੇ ਦੇ ਖੋਟੇ ਭਾਗ ! ਜੰਮਦੇ ਨੂੰ ਹੀ ਮਾਂ ਛੱਡ ਕੇ ਮਰ ਗਈ ।'' ਪਰ ਮੇਰਾ ਚਾਚਾ ਹਾਲੇ ਕੋਈ ਬੁੱਢਾ ਨਹੀਂ ਸੀ । ਮੁੰਡੇ ਨੂੰ ਪਾਲਣ ਲਈ ਦੂਸਰਾ ਵਿਆਹ ਕਰਨਾ ਜ਼ਰੂਰੀ ਸੀ, ਤੇ ਜੇ ਮੁੰਡਾ ਨਾ ਹੁੰਦਾ, ਫੇਰ ਮੁੰਡੇ ਜਮਾਉਣ ਲਈ ਦੂਜਾ ਵਿਆਹ ਜ਼ਰੂਰੀ ਸੀ । ਹਰ ਹਾਲਤ ਵਿਚ ਵਿਆਹ ਤਾਂ ਜ਼ਰੂਰੀ ਹੀ ਸੀ ।

ਕੁਝ ਦਿਨਾਂ ਪਿੱਛੋਂ ਜਦ ਚਾਚੀ ਦੇ ਮਰਨ ਦੀਆਂ ਸਭੇ ਰੀਤਾਂ ਰਸਮਾਂ ਮੁਕ ਗਈਆਂ, ਤਾਂ ਪੰਡਤ ਤੋਂ ਇਕ ਚੰਗਾ ਜਿਹਾ ਦਿਨ ਪੁੱਛ ਕੇ ਚਾਚੇ ਵਾਸਤੇ ਰੁਪਿਆ ਫੜ ਲਿਆ, ਤੇ ਵਿਆਹ ਵੀ ਕਿਸੇ ਨੇੜੇ ਦੇ ਸਾਹੇ ਦਾ ਨਿਕਲਿਆ । ਘਰ ਵਿਚ ਫਿਰ ਉਸੇ ਤਰ੍ਹਾਂ ਇਕੱਠ ਹੋਇਆ । ਜੈ ਕੌਰ ਨੈਣ ਸਾਰੇ ਕਬੀਲੇ ਨੂੰ ਫਿਰ ਉਸੇ ਤਰ੍ਹਾਂ ਸੱਦਾ ਦੇਂਦੀ ਫਿਰਦੀ ਸੀ, ਤੇ ਰਾਤ ਨੂੰ ਤੀਵੀਆਂ ਉੱਚੀ ਉੱਚੀ ਦੂਹਰੀ ਆਵਾਜ਼ ਵਿਚ ਗਾਉਂਦੀਆਂ ਸਨ ।

ਚਾਚੀ ਸਦਾ ਲਈ ਚਲੀ ਗਈ, ਪਿੱਛੇ ਇਕ ਨਿੱਕਾ ਜਿਹਾ ਨਿਆਣਾ ਛੱਡ ਕੇ, ਤੇ ਇਹ ਘਰ ਉਸੇ ਤਰ੍ਹਾਂ ਚਲਦਾ ਰਿਹਾ । ਲੋਕ ਪਹਿਲਾਂ ਵਾਂਗ ਖ਼ੁਸ਼ ਸਨ, ਲੜਦੇ ਸਨ, ਹੱਸਦੇ ਸਨ । ਕੁਝ ਫ਼ਰਕ ਨਹੀਂ ਸੀ ਪਿਆ । ਤੀਵੀਆਂ ਦੇ ਦਿਲ-ਸੱਲਣ ਵਾਲੇ ਕੀਰਨੇ ਸਭ ਐਵੇਂ ਸਨ, ਬਗ਼ੈਰ ਕਿਸੇ ਮਤਲਬ ਦੇ, ਬਗ਼ੈਰ ਕਿਸੇ ਰੰਜ ਦੇ । ਮੌਤ ਦੇ ਇਸ ਅਟੱਲ ਪ੍ਰਛਾਵੇਂ ਹੇਠ ਅਸੀਂ ਇਸੇ ਤਰ੍ਹਾਂ ਹੱਸਦੇ ਹਾਂ ਜੀਕਰ ਮੌਤ ਇਕ ਧੋਖਾ ਹੋਵੇ, ਇਕ ਭੁਲੇਖਾ — ਤੇ ਜ਼ਿੰਦਗੀ

ਅਸਲੀਅਤ ਹੋਵੇ । ਮੇਰੇ ਨਿੱਕੇ ਜਿਹੇ ਦਿਮਾਗ਼ ਵਿਚ ਇਹ ਗੱਲ ਵਾਰ ਵਾਰ ਅਹੁੜਦੀ ਕਿ ਇਹ ਕੀਕਰ ਹੋ ਸਕਦਾ ਹੈ ਕਿ ਚਾਚੀ ਸਦਾ ਲਈ ਹੀ ਚਲੀ ਗਈ ਹੋਵੇ । ਪਰ ਮੈਨੂੰ ਉਸ ਵੇਲੇ ਇਸ ਦੀ ਕੁਝ ਬਹੁਤੀ ਸਮਝ ਨਹੀਂ ਸੀ ਪੈਂਦੀ । ਇਸ ਤੋਂ ਵੱਧ ਮੈਂ ਸੋਚ ਨਹੀਂ ਸੀ ਸਕਦਾ ਕਿ ਚਾਚੀ ਦੀ ਰੂਹ ਨੀਲਾ ਧੂਆਂ ਬਣ ਕੇ ਉੱਡ ਗਈ ਹੈ ਤੇ ਆਕਾਸ਼ ਵਿਚ ਬੈਠੀ ਆਪਣੇ ਪੁੱਤ ਨੂੰ ਦੇਖਦੀ ਹੈ।

ਘਰ ਵਿਚ ਹੁਣ ਨਵੀਂ ਬਹੂ ਨੇ ਆਉਣਾ ਸੀ। ਬਹੁਤ ਦਿਨ ਜਸ਼ਨ ਤਮਾਸ਼ੇ ਹੁੰਦੇ ਰਹੇ, ਤੇ ਫਿਰ ਇਕ ਦਿਨ ਮੇਰਾ ਚਾਚਾ ਮੱਥੇ ਉਤੇ ਸਿਹਰਾ ਲਾਈ ਅੱਗੇ ਅੱਗੇ ਤੇ ਰੇਸ਼ਮ ਦਿਆਂ ਕਪੜਿਆਂ ਵਿਚ ਲਿਪਟੀ ਲਿਪਟਾਈ ਇਕ ਤੀਵੀਂ ਪਿੱਛੇ ਪਿੱਛੇ, ਦੋਵੇਂ ਹੌਲੀ ਹੌਲੀ ਤੁਰਦੇ ਆਏ । ਚਾਚੇ ਦੇ ਸਿਰ ਉਤੇ ਛਤਰ ਸੀ । ਬੂਹੇ ਉਤੇ ਜ਼ੋਰ ਜ਼ੋਰ ਦੀ ਵਾਜਾ ਵੱਜ ਰਿਹਾ ਸੀ । ਬਾਬਾ ਇਕ ਥੈਲੀ ਵਿਚੋਂ ਪੈਸਿਆਂ ਦੀਆਂ ਮੁੱਠੀਆਂ ਭਰ ਭਰ ਕੇ ਸੁੱਟਦਾ ਸੀ, ਤੇ ਵਾਜੇ ਵਾਲਿਆਂ ਵਲ ਘੂਰ ਘੂਰ ਕੇ ਤੱਕਦਾ ਸੀ — 'ਹੋਰ ਉੱਚੀ ਵਾਜਾ ਵਜਾਉ ।'

ਤੀਵੀਆਂ ਬਨੇਰਿਆਂ ਉਤੇ ਖੜੀਆਂ ਹੋਈਆਂ ਗੀਤ ਗਾ ਰਹੀਆਂ ਸਨ । ਮੇਰਾ ਚਾਚਾ ਬੈਠਕ ਵਿਚ ਚਲਿਆ ਗਿਆ ਅਤੇ ਨਵੀਂ ਬਹੂ ਮਖ਼ਮਲੀ ਸਲੀਪਰ ਪਾਈ ਮੇਰੀ ਤਾਈ ਦੇ ਮੋਢੇ ਨਾਲ ਲੱਗੀ ਹੋਈ ਕੋਠੇ ਵਿਚ ਵਿਛੀ ਦਰੀ ਉਤੇ ਜਾ ਬੈਠੀ । ਉਸ ਦੇ ਆਲੇ ਦੁਆਲੇ ਤੀਵੀਆਂ ਦੀ ਛਹਿਬਰ ਲੱਗੀ ਹੋਈ ਸੀ । ਮੇਰੇ ਇਕ ਦੋ ਹਾਣੀ ਤੇ ਮੈਂ ਨਵੀਂ ਬਹੂ ਨੂੰ ਦੇਖਣ ਲਈ ਉਤਾਵਲੇ ਸਾਂ । ਛੇਕੜ ਜਦ ਤੀਵੀਆਂ ਮੂੰਹ–ਵਿਖਾਈ ਦਾ ਰੁਪਿਆ ਦੇ ਦੇ ਕੇ ਤੇ ਚੁੰਨੀ ਵਿਚ ਵਲ੍ਹੇਟੇ ਨਾਰੀਅਲ ਦਾ ਸਗਣ ਪਾ ਕੇ ਚਲੀਆਂ ਗਈਆਂ ਤੇ ਨਵੀਂ ਵਿਆਹੁਲੀ ਦੇ ਉਦਾਲੇ ਕੁਝ ਭੀੜ ਹੋਈ ਤਾਂ ਮੈਂ ਵੀ ਉਸ ਦੇ ਕੋਲ ਸਰਕਿਆ । ਮੈਨੂੰ ਦੇਖਣ–ਸਾਰ ਚਾਚੀ ਨੇ ਅੱਧ–ਕੱਜੇ ਮੂੰਹ ਉਤੇ ਘੁੰਡ ਸੁੱਟ ਲਿਆ । ਪਰ ਜਦ ਮੇਰੀ ਮਾਂ ਨੇ ਸਿਫ਼ਾਰਸ਼ ਕੀਤੀ ਕਿ ਮੈਂ ਤਾਂ ਅਜੇ ਨਿਆਣਾ ਹਾਂ ਤੇ ਉਸ ਦਾ ਭਤੀਜਾ ਹਾਂ ਤੇ ਉਸ ਦੀ ਉਡੀਕ ਵਿਚ ਘੰਟਾ ਬਾਹਰ ਦਲ੍ਹੀਜ਼ ਉਤੇ ਬੈਠਾ ਰਿਹਾ ਹਾਂ, ਤਾਂ ਚਾਚੀ ਨੇ ਘੁੰਡ ਚੁਕ ਦਿੱਤਾ ।

ਮੈਂ ਉਸ ਦੇ ਕੋਲ ਹੀ ਬੈਠ ਗਿਆ । ਬੜੇ ਚਾਅ ਨਾਲ ਵਾਰ ਵਾਰ ਉਸ ਵੱਲ ਤੱਕਦਾ — ਉਸ ਦੀ ਵੱਡੀ ਗੋਲ ਨੱਥ ਵੱਲ ਜਿਸ ਵਿਚ ਕਈ ਮਣਕੇ ਤੇ ਕਈ ਪੱਤੇ ਸਨ ਤੇ ਫਿਰ ਉਸ ਦੇ ਮਹਿੰਦੀ–ਰੰਗੇ ਨਿਰੰਜਣੀ ਹੱਥਾਂ ਨੂੰ ਜਿਸ ਦੇ ਅੰਗੂਠੇ ਵਿਚ ਪਈ ਆਰਸੀ ਵਿਚ ਉਹ ਵਾਰ ਵਾਰ ਮੂੰਹ ਦੇਖਦੀ ਸੀ, ਤੇ ਉਸ ਦੇ ਰੇਸ਼ਮੀ ਰੁਮਾਲ ਨੂੰ ਜਿਸ ਨਾਲ ਹਰ ਛੋਟੀ ਮੋਟੀ ਚੀਜ਼ ਖਾਣ ਪਿਛੋਂ ਮੂੰਹ

ਸਾਫ਼ ਕਰਦੀ। ਉਸ ਤੋਂ ਪਹਿਲਾਂ ਮੈਂ ਕਦੀ ਕਿਸੇ ਨਵੀਂ ਵਹੁਟੀ ਨੂੰ ਨਹੀਂ ਸੀ ਤੱਕਿਆ। ਹੁਣ ਮੈਨੂੰ ਆਪਣੀ ਚਾਚੀ ਵਿਚ ਉਹ ਸਭ ਕੁਝ ਦਿਸਿਆ ਜਿਹੜਾ ਕਿ ਵਹੁਟੀ ਵਿਚ ਹੁੰਦਾ ਹੈ — ਵਹੁਟੀ ਜਿਸ ਦਾ ਸਰੀਰ ਪਰੀਆਂ ਵਰਗਾ ਨਰਮ ਹੈ, ਜਿਸ ਦੇ ਗਲ ਵਿਚ ਖ਼ੁਸ਼ੀ ਹਿਚਕੀਆਂ ਲੈਂਦੀ ਹੈ, ਤੇ ਜਿਸ ਦੀ ਹੱਸਣੀ ਵਿਚ ਅਲਫ਼ਲੈਲਾ ਦੇ ਸੁਫ਼ਨੇ ਲੁਕੇ ਹੁੰਦੇ ਹਨ।

ਉਸ ਨੇ ਮੈਨੂੰ ਆਪਣੀਆਂ ਕੱਜਲ-ਭਿੰਨੀਆਂ ਅੱਖਾਂ ਨਾਲ ਤੱਕਿਆ, ਮੋਟੀਆਂ ਤੇ ਸਾਫ਼ ਅੱਖਾਂ ਨਾਲ — ਅਤੇ ਮੈਂ ਇਕ ਬਹੁਤ ਵੱਡੇ ਬਹਾਦਰ ਵਾਂਗ ਉਸ ਦਾ ਹਰ ਆਖਾ ਮੰਨਣ ਲਈ ਤਿਆਰ ਸੀ। ਦਰਵਾਜ਼ੇ ਉਤੇ ਟੰਗਿਆ ਪਰਦਾ ਜਦੋਂ ਜ਼ਰਾ ਇਧਰ ਉਧਰ ਸਰਕਦਾ ਤਾਂ ਮੈਂ ਘੂਰੀ ਵੱਟ ਕੇ ਸਭਨਾਂ ਨੂੰ ਹਟਾ ਦਿੰਦਾ। "ਜਾਉ, ਰੌਲਾ ਨਾ ਪਾਉ! ਤੁਹਾਨੂੰ ਪਤਾ ਨਹੀਂ ਅੰਦਰ ਬਹੂ ਹੈ!"

ਮੈਂ ਰਾਤ ਨੂੰ ਚਾਚੀ ਨਾਲ ਰੋਟੀ ਖਾਧੀ। ਤੇ ਫੇਰ ਜਦੋਂ ਉਸ ਨੇ ਆਪਣੇ ਰੁਮਾਲ ਨਾਲ ਮੇਰੀ ਠੋਡੀ ਪੂੰਝੀ ਤਾਂ ਮੈਨੂੰ ਉਸ ਵਿਚੋਂ ਅਜਿਹੀ ਖ਼ੁਸ਼ਬੂ ਆਈ, ਜਿਹੜੀ ਮੈਂ ਕਦੀ ਜਾਦੂ ਦੇ ਮਹਿਲ ਵਿਚ ਸੁੱਤੀ ਪਈ ਸ਼ਹਿਜ਼ਾਦੀ ਦੇ ਸਿਰਹਾਣੇ ਰੱਖੇ ਫੁੱਲਾਂ ਬਾਰੇ ਪੜ੍ਹੀ ਸੀ।

ਗਿਆਨੋ ਬੇਬੀ ਸਾਰੇ ਗੁਆਂਢ ਵਿਚੋਂ ਵੱਡੀ ਸੀ। ਉਸ ਦੀਆਂ ਅੱਖਾਂ ਦੀ ਜੋਤ ਗੁਆਚਿਆਂ ਪਤਾ ਨਹੀਂ ਕਿਤਨਾ ਚਿਰ ਹੋ ਗਿਆ ਸੀ। ਮੈਂ ਉਸ ਨੂੰ ਸਦਾ ਅੰਨ੍ਹਿਆਂ ਹੀ ਵੇਖਿਆ। ਉਸ ਦੀ ਉਮਰ ਦਾ ਕਿਸੇ ਨੂੰ ਵੀ ਅੰਦਾਜ਼ਾ ਨਹੀਂ ਸੀ। ਮੇਰੇ ਬੁੱਢੇ ਬਾਬੇ ਨੂੰ ਵੀ ਉਹ ਪੁੱਤ ਆਖ ਕੇ ਬੁਲਾਇਆ ਕਰਦੀ। ਬੇਬੀ ਦੇ ਹੱਥਾਂ ਉਤੇ ਲੀਕਾਂ ਤੇ ਚੀਂਘਾਂ ਇਤਨੀਆਂ ਸਨ ਕਿ ਹੱਥ ਲਾਇਆਂ ਮਾਸ ਇਕੱਠਾ ਹੋ ਜਾਂਦਾ। ਉਹ ਹੱਥ ਵਿਚ ਸੋਟਾ ਲਈ ਮੰਜੀ ਉਤੇ ਇਕੱਲੀ ਇਕ ਖੂੰਜੇ ਵਿਚ ਬੈਠੀ ਰਹਿੰਦੀ — ਤੇੜ ਪਾਟੀ ਪੁਰਾਣੀ ਘੱਗਰੀ ਤੇ ਬਾਕੀ ਦਾ ਸਾਰਾ ਸਰੀਰ ਨੰਗਾ। ਜਦੋਂ ਉਹ ਮੇਰੀਆਂ ਗੱਲਾਂ ਉਤੇ ਹੱਸਦੀ ਤਾਂ ਉਹਦਾ ਬੋੜ੍ਹਾ ਮੂੰਹ ਅੱਡਿਆ ਜਾਂਦਾ ਅਤੇ ਉਹ ਇਤਨੀ ਅਜੀਬ ਲੱਗਦੀ ਕਿ ਮੈਂ ਵੀ ਉਸਦੇ ਨਾਲ ਉੱਚੀ ਉੱਚੀ ਹੱਸ ਪੈਂਦਾ।

ਉਹ ਉਸੇ ਤਰ੍ਹਾਂ ਮੰਜੀ ਉਤੇ ਬੈਠੀ ਬੋਹਟੀ ਵਿਚੋਂ ਕੁੱਟੀ ਹੋਈ ਮਿੱਠੀ ਚੂਰੀ ਖਾਂਦੀ ਰਹਿੰਦੀ। ਬਹੁਤ ਹੌਲੀ ਹੌਲੀ ਚਬੋਲਦੀ ਸੀ ਉਹ ਮਿੱਠੀ ਚੂਰੀ। ਜਦੋਂ ਕੋਈ ਕੁੱਤਾ ਨੇੜੇ ਆਉਂਦਾ ਤਾਂ ਜਿਵੇਂ ਉਹ ਸੁੰਘ ਲੈਂਦੀ ਹੋਵੇ। ਝੱਟ ਸੋਟਾ ਚੁੱਕ ਕੇ ਉਹਦੀ ਕੰਡ ਉਤੇ ਮਾਰਦੀ 'ਔਂਤ ਜਾਣੇ ਦਾ, ਉਤੇ ਚੜ੍ਹਿਆ ਆਉਂਦਾ ਏ!"

ਜਿਹੜੀ ਚੀਜ਼ ਉਸ ਦੇ ਦੰਦਾਂ-ਵਾਹਰੇ ਮਸੂੜ੍ਹਿਆਂ ਤੋਂ ਚਿੱਥੀ ਨਾ ਜਾਂਦੀ, ਉਹ ਵਿਹੜੇ ਦੇ ਨਿਆਣਿਆਂ ਨੂੰ, ਜਿਹੜੇ ਅਨਗਿਣਤ ਹੀ ਏਧਰ ਏਧਰ ਰਿੜ੍ਹਦੇ ਫਿਰਦੇ, ਬੁਲਾ ਕੇ ਦੇ ਦੇਂਦੀ। ਕਈ ਵਾਰ ਨਿਆਣੇ ਉਸ ਦੀ ਦਿੱਤੀ ਚੀਜ਼ ਉਤੇ ਖਹਿਬੜ ਪੈਂਦੇ। ਕੋਈ ਇੱਲਤੀ ਮੁੰਡਾ ਉਸ ਦੇ ਕੋਲ ਆ ਕੇ, ਉਸ ਦੀ ਬੋਹਟੀ ਵਿਚੋਂ ਚੋਰੀਉਂ ਚੀਜ਼ ਚੁੱਕ ਕੇ ਖਾ ਜਾਂਦਾ।

ਵਿਹੜੇ ਵਿਚ ਨਿਆਣੇ ਤੇ ਕੁੱਤੇ ਇਤਨੇ ਫਿਰਦੇ ਰਹਿੰਦੇ ਕਿ ਕਈ ਵਾਰ ਬੋਬੀ ਨੂੰ ਭੁਲੇਖਾ ਵੀ ਲੱਗ ਜਾਂਦਾ। ਕੁੱਤਾ ਉਹਦੀ ਪੰਜੀਰੀ ਚੱਟ ਜਾਂਦਾ ਤੇ ਉਹ ਇਹੋ ਸਮਝਦੀ ਕਿ ਕੋਈ ਨਿੱਕਾ ਨਿਆਣਾ ਉਹਦੀ ਝੋਲੀ ਵਿਚੋਂ ਚੀਜ਼ ਲੈ ਗਿਆ। ਕਦੇ ਇੰਝ ਵੀ ਹੁੰਦਾ ਕਿ ਕੋਈ ਮੁੰਡਾ ਉਹਦੀ ਬੋਹੜੀ ਵਿਚ ਹੱਥ ਪਾਉਂਦਾ ਅਤੇ ਉਹਨੂੰ ਕੁੱਤਾ ਸਮਝ ਕੇ ਉਹ ਝੱਟ ਸੋਟੀ ਚੁੱਕ ਲੈਂਦੀ।

ਇਕ ਦਿਨ ਬੋਬੀ ਧੁੱਪੇ ਬੈਠੀ ਆਪਣੇ ਹੱਥ ਪੈਰ ਨਿੱਘੇ ਕਰਦੀ ਸੀ ਤੇ ਬੋਹਟੀ ਵਿਚੋਂ ਟੋਹ ਟੋਹ ਕੇ ਚੂਰਮੇ ਦੇ ਫੱਕੇ ਮਾਰਦੀ ਸੀ। ਮੈਂ ਉਸਦੀ ਮੰਜੀ ਦੀ ਬਾਹੀ ਉਤੇ ਚੁੱਪ-ਚਪੀਤਾ ਜਾ ਕੇ ਬੈਠ ਗਿਆ। ਪੈਰਾਂ ਦੀ ਬਿੜਕ ਸੁਣਦਿਆਂ ਉਸ ਘੋਟਣਾ ਚੁਕਿਆ ਤੇ ਇਸ ਤੋਂ ਪਹਿਲਾਂ ਕਿ ਮੈਂ ਉਸ ਦਾ ਹੱਥ ਰੋਕਦਾ ਜਾਂ ਬੋਲਦਾ, ਉਸ ਨੇ ਭੁਆ ਕੇ ਮੇਰੀ ਕੰਡ ਉਤੇ ਮਾਰਿਆ, "ਜਾਏ ਖਾਣੇ ਕੁੱਤੇ ਮਗਰੋਂ ਨਹੀਂ ਲਹਿੰਦੇ।"

ਮੈਂ ਚੀਖ਼ ਪਿਆ ਤੇ ਰੋਣ ਲੱਗਾ।

ਬੋਬੀ ਨੇ ਘਬਰਾ ਕੇ ਬੋਹਟੀ ਇਕ ਪਾਸੇ ਰੱਖ ਦਿੱਤੀ ਤੇ ਆਖਣ ਲੱਗੀ — "ਫੋਟ ਤੇਰੇ ਦੀ! ਮੈਨੂੰ ਕੀ ਪਤਾ ਸੀ ਕਿ ਤੂੰ ਏਂ? ਆ ਖਾਂ ਪੁੱਤ, ਕਿਥੇ ਲੱਗੀ ਏ?" ਉਸ ਮੈਨੂੰ ਗੋਦੀ ਵਿਚ ਲੈ ਲਿਆ ਤੇ ਆਪਣੀਆਂ ਟਾਂਡ੍ਹਿਆਂ ਵਰਗੀਆਂ ਉਂਗਲਾਂ ਨਾਲ ਮੇਰੀ ਸੱਟ ਦੱਬਣ ਲੱਗ ਪਈ।

"ਮੈਂ ਮਰ ਜਾਂ!" ਉਹਨੇ ਮਲ੍ਹਾਰ ਕੇ ਆਖਿਆ, "ਤੂੰ ਬੋਲਿਆ ਕਿਉਂ ਨਾ, ਮੇਰਾ ਕਮਲਾ ਘੁੱਲਾ ਬਿੱਲਾ।" ਤੇ ਬਹੁਤ ਚਿਰ ਤਕ ਮੈਨੂੰ ਪਲੋਸਦੀ ਰਹੀ।

ਮੈਨੂੰ ਬਹੁਤ ਪਿਆਰ ਕਰਦੀ ਸੀ ਉਹ। ਮੈਂ ਉਸਦੀਆਂ ਬਾਹਾਂ ਦੇ ਮਾਸ ਨੂੰ ਵਾਰ ਵਾਰ ਟੋਹ ਕੇ ਵੇਖਦਾ ਸਾਂ। ਉਸ ਦੀਆਂ ਅੱਖਾਂ ਵਿਚ, ਜਿਹੜੀਆਂ ਦੋ ਨੀਲੇ ਮਣਕਿਆਂ ਵਾਂਗ ਇਧਰ ਉਧਰ ਹਿਲਦੀਆਂ ਸਨ, ਅੱਖਾਂ ਪਾ ਉਸ ਨੂੰ ਪੁੱਛਦਾ, "ਬੋਬੀ, ਤੈਨੂੰ ਕੁਝ ਵੀ ਨਜ਼ਰ ਨਹੀਂ ਆਉਂਦਾ?"

ਉਹ ਆਖਦੀ, "ਨਾ ਪੁੱਤ, ਕੁਝ ਵੀ ਨਹੀਂ।"

ਮੈਂ ਫਿਰ ਪੁੱਛਦਾ, "ਅੱਛਾ ਬੋਬੀ, ਭਲਾ ਆਪਣੀ ਗਾਂ ਤੈਨੂੰ ਨਾ ਦਿੱਸਦੀ

ਹੋਵੇਗੀ, ਨਾ ਹੀ ਮੱਝ, ਪਰ ਦੇਖ ਨਾ ਤੈਨੂੰ ਛੋਕੜ ਕੁਝ ਥੋੜ੍ਹਾ ਜਿਹਾ ਤਾਂ ਜ਼ਰੂਰ ਨਜ਼ਰ ਆਉਂਦਾ ਹੋਵੇਗਾ ?''

ਉਹ ਆਪਣੇ ਬੁੱਢੇ ਨੀਲੇ ਬੁਲ੍ਹ ਟੇਰ ਕੇ ਪੁੱਛਦੀ, ''ਕੁਝ ਕੀ ?''

ਮੈਂ ਆਖਦਾ,''ਤੈਨੂੰ ਛੋਟੇ ਖਰੋਟ ਤੇ ਕੌਡੀਆਂ ਤਾਂ ਦਿੱਸਦੀਆਂ ਹੋਣਗੀਆਂ ?''

ਮੇਰਾ ਖ਼ਿਆਲ ਸੀ ਕਿ ਜਿਤਨੀ ਥੋੜ੍ਹੀ ਨਜ਼ਰ ਹੋਵੇ, ਉਤਨੀਆਂ ਹੀ ਥੋੜ੍ਹੀਆਂ ਤੇ ਛੋਟੀਆਂ ਚੀਜ਼ਾਂ ਨਜ਼ਰ ਆਉਂਦੀਆਂ ਹੋਣਗੀਆਂ ।

ਉਹ ਹੱਸ ਕੇ ਆਖਦੀ, ''ਹਾਂ ਪੁੱਤ, ਤੇਰੇ ਖਰੋਟ ਤੇ ਕੌਡੀਆਂ ਤਾਂ ਦਿੱਸਦੀਆਂ ਹਨ, ਪਰ ਹੋਰ ਕੁਝ ਨਜ਼ਰ ਨਹੀਂ ਆਉਂਦਾ ।''

ਮੈਂ ਆਪਣੇ ਬੋਝੇ ਵਿਚੋਂ ਰੰਗ-ਬਰੰਗੀਆਂ ਗੋਲੀਆਂ ਉਸ ਦੀ ਤਲੀ ਉੱਤੇ ਰੱਖ ਕੇ ਪੁੱਛਦਾ, ''ਤੈਨੂੰ ਇਨ੍ਹਾਂ ਵਿਚੋਂ ਕਿਹੜੀ ਚੰਗੀ ਲੱਗਦੀ ਹੈ, ਇਹ ਕਾਲੀ ਧਾਰੀਆਂ ਵਾਲੀ ਕਿ ਦੂਸਰੀ ਜਿਸ ਵਿਚ ਸ਼ਰਬਤੀ ਟਿਮਕਣੇ ਹਨ ?''

ਉਹ ਦੂਜੀ ਗੋਲੀ ਚੁੱਕ ਕੇ ਆਖਦੀ, ''ਮੈਨੂੰ ਸ਼ਰਬਤੀ ਟਿਮਕਣਿਆਂ ਵਾਲੀ ਚੰਗੀ ਲੱਗਦੀ ਹੈ ।''

ਮੈਂ ਬਾਕੀ ਦੀਆਂ ਗੋਲੀਆਂ ਜੇਬ ਵਿਚ ਪਾ ਲੈਂਦਾ ਅਤੇ ਬੇਬੀ ਕੱਚ ਦੀ ਗੋਲੀ ਹੱਥ ਵਿਚ ਲੈ ਕੇ ਆਖਦੀ, ''ਸ਼ਰਬਤੀ ਰੰਗ ਮੈਨੂੰ ਬਾਕੀ ਦਿਆਂ ਰੰਗਾਂ ਨਾਲੋਂ ਚੰਗਾ ਲੱਗਦਾ ਹੈ । ਜਦੋਂ ਤੇਰਾ ਬਾਬਾ ਜੰਮਿਆ ਸੀ, ਉਦੋਂ ਵੀ ਮੈਂ ਇਸੇ ਰੰਗ ਦੀਆਂ ਚੁੰਨੀਆਂ ਮਹੱਲੇ ਦੀਆਂ ਧੀ-ਧਿਆਣੀਆਂ ਨੂੰ ਵੰਡੀਆਂ ਸਨ ਤੇ ਉਸ ਤੋਂ ਪਹਿਲਾਂ, ਜਦੋਂ ਤੇਰਾ ਪੜਦਾਦਾ ਮੈਨੂੰ ਲੈ ਕੇ ਆਇਆ ਸੀ, ਉਦੋਂ ਮੈਂ ਸ਼ਰਬਤੀ ਟਿਮਕਣਿਆਂ ਵਾਲੀ ਘੱਗਰੀ ਪਾਈ ਹੋਈ ਸੀ ਤੇ ਰੇਸ਼ਮੀ ਕੁੜਤੀ...''

ਬੇਬੀ ਦੀਆਂ ਮੱਧਮ ਜਿਸਤੀ ਅੱਖਾਂ ਨੀਲੇ ਰੰਗ ਵਿਚ ਉੱਘੜ ਆਈਆਂ, ਉਸ ਦਾ ਠੂਠੀ ਵਰਗਾ ਮੂੰਹ ਖੁਲ੍ਹ ਗਿਆ ਤੇ ਮੈਂ ਹੈਰਾਨੀ ਨਾਲ ਉਸ ਦੀਆਂ ਗੱਲਾਂ ਸੁਣਦਾ ਰਿਹਾ ।

ਇਸ ਤਰ੍ਹਾਂ ਮੈਨੂੰ ਉਹ ਬਹੁਤ ਪੁਰਾਣੀਆਂ ਗੱਲਾਂ ਸੁਣਾਉਂਦੀ । ਮੈਂ ਆਪਣੇ ਖਰੋਟ, ਕੌਡੀਆਂ ਤੇ ਗੋਲੀਆਂ ਉਸ ਕੋਲ ਲੈ ਜਾਂਦਾ । ਮੈਨੂੰ ਪਤਾ ਸੀ ਕਿ ਉਹ ਇਨ੍ਹਾਂ ਦੇ ਰੰਗ, ਲੀਕਾਂ ਤੇ ਭਾਂਤ ਭਾਂਤ ਦੀਆਂ ਚਿਲਕਦੀਆਂ ਧਾਰੀਆਂ ਦੀ ਸਭ ਤੋਂ ਵੱਡੀ ਪਾਰਖੂ ਹੈ ।

ਪਰ ਰਾਤ ਨੂੰ ਜਦ ਕੁੜੀਆਂ ਛੋਪੇ ਪਾ ਕੇ ਬੈਠਦੀਆਂ ਤੇ ਬੇਬੀ ਨੂੰ ਆਪਣੀ ਮੰਜੀ ਉੱਤੇ ਨੀਂਦ ਨਾ ਆਉਂਦੀ ਤਾਂ ਕਦੀ ਕਦੀ ਉਹ ਭੂਤਾਂ ਚੁੜੇਲਾਂ ਦੀਆਂ ਗੱਲਾਂ ਸੁਣਾਉਣ ਲੱਗ ਪੈਂਦੀ । ਹਨੇਰੇ ਵਿਚ ਉਹ ਬਹੁਤ ਵੱਡੀ ਵੱਡੀ

ਲੱਗਦੀ ਜਿਵੇਂ ਉਹਦਾ ਰਬੜ ਵਰਗਾ ਮਾਸ ਖਿੱਚ ਕੇ ਵੱਧ ਗਿਆ ਹੋਵੇ। ਆਲੇ ਦੁਆਲੇ ਅਸਮਾਨ ਦੀ ਅਮੁੱਕ ਗੰਭੀਰਤਾ ਵਿਚ ਝਿਲਮਿਲ ਝਿਲਮਿਲ ਕਰਦੇ ਤਾਰਿਆਂ ਦਾ ਫਿੱਕਾ ਪਤਲਾ ਹਨੇਰਾ ਹਰ ਚੀਜ਼ ਨੂੰ ਕਾਲੀ ਝੁਨਝੁਨੀ ਵਿਚ ਕੰਬਾ ਦੇਂਦਾ। ਦੂਰੋਂ ਨੇੜਿਓਂ ਅਣਸੁਣੀਆਂ ਆਵਾਜ਼ਾਂ ਇਕ ਅਵੱਲੀ ਦਹਿਲ ਵਿਚ ਲੁਕੀਆਂ ਹੋਈਆਂ ਮੇਰੇ ਕੰਨੀਂ ਪੈਂਦੀਆਂ। ਪੌੜੀਆਂ ਦੇ ਖੂੰਜਿਆਂ ਵਿਚੋਂ ਕਿਰਲੀਆਂ ਦੀ ਚਰਨ ਚਰਨ, ਟਿੱਡੀਆਂ ਦੀ ਸਿਰਨ ਸਿਰਨ, ਦਿਨ ਦੀਆਂ ਲੰਮੀਆਂ ਆਵਾਜ਼ਾਂ ਨਾਲੋਂ ਕਿੰਨੀਆਂ ਵੱਖਰੀਆਂ ਸਨ। ਪਰ ਪਹੁ-ਫੁਟਾਲੇ ਦੀ ਪਹਿਲੀ ਛੋਹ ਨਾਲ ਹੀ ਰਾਤ ਦਾ ਕਾਲਾ ਭੇਤਾਂ-ਭਰਿਆ ਪਰਛਾਵਾਂ ਨੱਸ ਜਾਂਦਾ ਅਤੇ ਬੋਬੀ ਦੀ ਗੋਦੀ ਉਸੇ ਤਰ੍ਹਾਂ ਨਰਮ ਤੇ ਨਿੱਘੀ ਹੁੰਦੀ।

ਉਹ ਗੁਆਂਢ ਦੇ ਘਰਾਂ ਦੇ ਤਾਏ, ਚਾਚੇ, ਬਾਬੇ — ਸਭਨਾਂ ਵਿਚ ਇਕ ਮੁੱਢਲੀ ਦੇਹ ਵਾਂਗ ਖੜੋਤੀ ਸੀ। ਜਦੋਂ ਉਹ ਆਈ, ਇਹ ਇਕ ਛੋਟਾ ਜਿਹਾ ਘਰ ਸੀ, ਦੋ ਕੋਠੇ ਤੇ ਇਕ ਸਬਾਤ। ਪਰ ਹੁਣ ਛੋਟੇ ਜਹੇ ਘਰ ਵਿਚੋਂ ਬੇਸ਼ੁਮਾਰ ਘਰ ਨਿਕਲ ਨਿਕਲ ਕੇ ਉਹਦੇ ਆਲੇ-ਦੁਆਲੇ ਵੱਸ ਗਏ ਸਨ, ਜੀਕਰ ਉਸ ਦੇ ਸਰੀਰ ਵਿਚੋਂ ਬੇਸ਼ੁਮਾਰ ਮੁੰਡੇ ਕੁੜੀਆਂ ਸਿਆਣੇ ਨਿਆਣੇ ਤੇ ਕਈ ਪੀਹੜੀਆਂ ਨਿਕਲ ਨਿਕਲ ਕੇ ਇਧਰ ਉਧਰ ਬਿਖਰ ਗਈਆਂ ਸਨ। ਇਹ ਸਾਰੇ ਉਸ ਦੇ ਨਿੱਕੇ ਜਿਹੇ ਸਰੀਰ ਵਿਚੋਂ ਨਿਕਲੇ ਸਨ, ਉਸ ਦੇ ਖ਼ੂਨ ਤੇ ਦੁੱਧ ਵਿਚੋਂ। ਬੁੱਢੀ ਬੋਬੀ ਇਕ ਸੁੱਕੀ ਜੜ੍ਹ ਵਾਂਗ ਟੱਬਰ ਦੇ ਵਧਦੇ ਘਣ-ਛਾਵੇਂ ਰੁੱਖ ਹੇਠ ਦੱਬੀ ਪਈ ਸੀ — ਉਸ ਵੱਡੇ ਬੋਹੜ ਦੀ ਜੜ੍ਹ ਵਾਂਗ ਜਿਸ ਦੀਆਂ ਟਹਿਣੀਆਂ ਨੂੰ ਆਪਣੀ ਮੁੱਢਲੀ ਜੜ੍ਹ ਦੀ ਲੋੜ ਨਾ ਰਹੀ ਹੋਵੇ।

## ਚਾਰ

ਸਾਵਣ ਦੇ ਮੇਲੇ ਸਾਲ ਵਿਚ ਮਸਾਂ ਮਸਾਂ ਆਉਂਦੇ। ਪੁਰਾਣੇ ਥਾਣੇ ਵਾਲੇ ਟੋਭੇ ਉੱਤੇ ਪਿੱਪਲਾਂ ਬੋਹੜਾਂ ਹੇਠ ਸਾਰੇ ਪਿੰਡ ਦੀਆਂ ਤੀਵੀਆਂ ਇਕੱਠੀਆਂ ਹੋ ਜਾਂਦੀਆਂ। ਘਰ ਘਰ ਪੂੜੇ 'ਤੇ ਗੁਲਗੁਲੇ ਪੱਕਦੇ। ਕੁੜੀਆਂ ਰੰਗ-ਬਰੰਗੇ ਕਪੜੇ ਪਾਈ ਇਕ ਡਾਰ ਵਿਚ ਟੋਭੇ ਨੂੰ ਤੁਰ ਪੈਂਦੀਆਂ। ਗੁਆਂਢ ਦੇ ਸਾਰੇ ਨਿਆਣੇ ਕਚਿਆਣੇ ਜਿਊਣੇ ਜੱਟ ਦੇ ਗੱਡੇ ਉਤੇ ਬੈਠ ਕੇ ਮੇਲੇ ਨੂੰ ਹੋ ਲੈਂਦੇ। ਸਾਰਿਆਂ ਕੋਲ ਕੁਝ ਨਾ ਕੁਝ ਖਾਣ ਨੂੰ ਹੁੰਦਾ ਅਤੇ ਹਰ ਇਕ ਦੇ ਗੀਝੇ ਵਿਚ ਖ਼ਰਚਣ ਜੋਗੇ ਪੈਸੇ ਹੁੰਦੇ।

ਮੈਂ ਚੌਥੀ ਜਮਾਤ ਵਿਚ ਸਾਂ। ਇਸ ਵਾਰ ਤੀਵੀਆਂ ਦਾ ਮੇਲਾ ਭਰ ਕੇ ਲੱਗਿਆ ਸੀ। ਨਿੱਕੀ ਨਿੱਕੀ ਭੂਰ ਪੈ ਰਹੀ ਸੀ। ਕਈ ਬੱਦਲ ਰੂੰ ਦੇ ਫੰਬਿਆਂ ਵਾਂਗ ਇਧਰ ਉਧਰ ਉੱਡਦੇ ਫਿਰਦੇ ਸਨ, ਜਿਵੇਂ ਕੋਈ ਮਹਾਨ ਪੇਂਜਾ ਆਕਾਸ਼ ਵਿਚ ਤਣੀ ਹੋਈ ਪੀਂਘ ਦੀ ਧੁਣਕਣੀ ਉੱਤੇ ਰੂੰ ਪਿੰਜ ਪਿੰਜ ਸੁੱਟ ਰਿਹਾ ਹੋਵੇ।

ਮੈਂ ਸਿਲਮੇ ਵਾਲੀ ਟੋਪੀ ਲੈ ਕੇ ਤੇ ਨਵਾਂ ਝੱਗਾ ਪਾ ਕੇ ਤਿਆਰ ਹੋ ਗਿਆ। ਹੇਠਾਂ ਗੱਡੇ ਵਿਚ ਮੇਰੇ ਹਾਣੀ ਇਕ ਇਕ ਕਰ ਕੇ ਭਰੀ ਜਾਂਦੇ ਸਨ। ਮੇਰੀਆਂ ਦੋਵੇਂ ਭੈਣਾਂ ਆਪੋ ਆਪਣੀਆਂ ਚੁੰਨੀਆਂ ਵਲ੍ਹੇਟ ਕੇ ਪਹਿਲਾਂ ਹੀ ਗੱਡੇ ਵਿਚ ਥਾਂ ਮੱਲੀ ਬੈਠੀਆਂ ਸਨ। ਜਦ ਮੈਂ ਜਾਣ ਲੱਗਾ, ਮੇਰੀ ਮਾਂ ਨੇ ਘੂਰੀ ਵੱਟ ਕੇ ਆਖਿਆ, ''ਤੂੰ ਕੀ ਕਰੇਂਗਾ ਵੇ ਜਾ ਕੇ ਕੁੜੀਆਂ ਦੇ ਮੇਲੇ ਵਿਚ ? ਉਤੋਂ ਮੀਂਹ ਉਤਰਿਆ ਹੋਇਆ ਏ, ਸਾਰੇ ਲੀੜੇ ਭਿਉਂ ਲਿਆਵੇਂਗਾ।''

ਮੈਂ ਵਿੱਟਰ ਗਿਆ, ''ਕਿਉਂ, ਜਦ ਸਾਰੇ ਜਾਂਦੇ ਹਨ ਤਾਂ ਮੈਨੂੰ ਕਿਉਂ ਰੋਕਦੀ ਏਂ ?''

ਉਹ ਦਾਲ ਤੜਕ ਰਹੀ ਸੀ। ਗੁੱਸੇ ਵਿਚ ਆਖਣ ਲੱਗੀ, ''ਬੈਠਾ ਰਹਿ ਜਿਹਾ ਜਾ ਹੈਂ, ਨਹੀਂ ਦੋ ਮਾਰੂੰਗੀ ਕੰਨ ਉੱਤੇ ਤੇ ਸਿੱਧਾ ਹੋ ਜਾਏਂਗਾ। ਬਹੁਤਾ ਚਾਂਭਲਿਆ ਫਿਰਦਾ ਏਂ, ਛੋਟਾ ਏਂ ਤੂੰ ਹੁਣ ਵਹਿੜਕਾ ਜਿਹਾ ? ਹਾਲੇ ਪਰਸੋਂ ਹੀ ਹੋ ਕੇ ਆਇਆ ਏਂ ?''

ਮੈਂ ਬੁਸ ਬੁਸ ਕਰਨ ਲੱਗ ਪਿਆ, ''ਕਿਉਂ ਭਗਵਤੀ ਤੇ ਸ਼ਾਂਤੀ ਵੀ ਤੇ ਜਾਂਦੀਆਂ ਹਨ, ਤੇ ਦੁਆਰਕੀ ਵੀ —''

ਪਰ ਉਹ ਦਾਲ ਛਮਕ ਕੇ ਜ਼ੋਰ ਜ਼ੋਰ ਦੀ ਕੜਛੀ ਫੇਰਨ ਲੱਗ ਪਈ ।

ਬਾਹਰ ਮੇਰੇ ਹਾਣੀ ਗੱਡੇ ਵਿਚ ਬੈਠੇ ਰੌਲਾ ਪਾਈ ਜਾਂਦੇ ਸਨ । ਕਈ ਕੁੜੀਆਂ ਜੂਲੇ ਉੱਤੇ ਬੈਠੀਆਂ ਝੂਟੀ ਜਾਂਦੀਆਂ ਸਨ । ਮੈਂ ਸੋਚਿਆ ਹੁਣੇ ਜੀਊਣਾਂ ਬੌਲਦਾਂ ਦੀ ਜੋੜੀ ਲੈ ਕੇ ਆਵੇਗਾ ਤੇ ਇਸ ਗੱਡੇ ਨੂੰ, ਜਿਹੜਾ ਪੰਛੀਆਂ ਨਾਲ ਭਰੇ ਹੋਏ ਪਿੰਜਰੇ ਵਾਂਗ ਕੂ ਕੂ ਕਰਦਾ ਸੀ, ਆਪਣੇ ਨਗੌਰੀ ਬੌਲਦਾਂ ਨਾਲ ਹੱਕਦਾ ਮੇਲੇ ਲੈ ਜਾਵੇਗਾ ।

ਮੈਂ ਖੜਾ ਸੀ ਪਰ ਪੈਰਾਂ ਹੇਠਾਂ ਜਿਵੇਂ ਸੂਲਾਂ ਗੱਡੀਆਂ ਹੋਣ । ਮੇਰੀ ਹਿੱਕ ਅੰਦਰ ਤਰ੍ਹਾਂ ਤਰ੍ਹਾਂ ਦੇ ਖ਼ਿਆਲ ਨੱਸੇ ਫਿਰਦੇ ਸਨ । ਕਣੀਆਂ ਕੁਝ ਸੋਚਦੀਆਂ ਹੋਈਆਂ ਹੌਲੀ ਹੌਲੀ ਕਿਣਮਿਣ ਕਿਣਮਿਣ ਕਰਦੀਆਂ ਸਨ । ਮੈਨੂੰ ਇੰਜ ਭਾਸਦਾ ਸੀ ਜਿਵੇਂ ਲੱਖਾਂ ਸੂਈਆਂ ਮੇਰੇ ਕਾਲਜੇ ਵਿਚ ਖੁੱਭ ਰਹੀਆਂ ਹੋਣ ।

ਇਤਨੇ ਵਿਚ ਮੇਰੀ ਹਮਾਇਤ ਨੂੰ ਤਾਈ ਆਈ ਤੇ ਮੈਨੂੰ ਪੁੱਛਣ ਲੱਗੀ, "ਵੇ ਤੂੰ ਨਹੀਂ ਗਿਆ ? ਹੇਠਾਂ ਦੁਆਰਕੀ ਹੋਰੀਂ ਤੈਨੂੰ ਸੱਦਦੀਆਂ ਹਨ ।"

ਮਾਂ ਬੋਲੀ, "ਇਹਨੇ ਕੀ ਓਥੇ ਜਾ ਕੇ ਮੱਥਾ ਟੇਕਣਾ ਏਂ ? ਸਾਰਾ ਦਿਨ ਭੌਂਦਾ ਫਿਰਦਾ ਏ, ਹੁਣ ਰਤੀ ਟਿਕ ਕੇ ਬੈਠੂਗਾ ।"

ਤਾਈ ਨੇ ਆਖਿਆ, "ਤੂੰ ਇਸ ਤੋਂ ਕਾਢਾ ਕਢੌਣਾ ਏਂ ? ਨਿਆਣਾ ਬਿੰਦ ਝਟ ਹੱਸ ਖੇਡ ਆਊਗਾ । ਜਾ ਡੱਡੀਏ, ਜਾ ।"

ਮਾਂ ਚੁੱਪ ਹੋ ਗਈ । ਮੈਂ ਉਸ ਦੀ ਆਗਿਆ ਦੇ ਜਾਲ ਦੀਆਂ ਰੱਸੀਆਂ ਨੂੰ ਢਿੱਲਾ ਦੇਖਿਆ ਤੇ ਮਲਕੜੇ ਹੇਠਾਂ ਨੂੰ ਖਿਸਕਣ ਲੱਗਿਆ ਹੀ ਸਾਂ ਕਿ ਉਹ ਝਈ ਲੈ ਕੇ ਬੋਲੀ, "ਵੇ ਠਹਿਰ ਤਾਂ ਜਾਹ ਵੱਡਿਆ ਕਾਹਲਿਆ, ਇਹ ਟੋਪੀ ਝੱਗਾ ਲਾਹ ਜਾ ।"

ਤ੍ਰਾਈ ਨੇ ਫੇਰ ਉਹਨੂੰ ਟੋਕਿਆ, "ਕੀ ਇਹਦੇ ਖੀਨ-ਖਾਬ ਪਾਈ ਏ ਜੋ ਲੋਹਣ ਪੌਣ ਲੱਗੀ ਏਂ । ਸਾਲ ਪਿਛੋਂ ਤਿਉਹਾਰ ਔਂਦਾ ਏ" ਫੇਰ ਮੇਰੇ ਵੱਲ ਤੱਕ ਕੇ ਬੋਲੀ, "ਜਾਹ ਮੇਰਾ ਚੰਨ, ਜਾਹ ।" ਮੈਂ ਟਪੋਸੀਆਂ ਮਾਰਦਾ ਹੋਇਆ ਹਾਣੀਆਂ ਵਿਚ ਜਾ ਮਿਲਿਆ । ਦੁਆਰਕੀ ਤੇ ਭਗਵਤੀ ਮੈਨੂੰ ਦੇਖਣ-ਸਾਰ ਖ਼ੁਸ਼ੀ ਨਾਲ ਚੀਕਾਂ ਮਾਰ ਉੱਠੀਆਂ । ਮੈਂ ਉਨ੍ਹਾਂ ਦੇ ਕੋਲ ਖੂੰਜੇ ਵਿਚ ਜਾ ਬੈਠਾ । ਉਹ ਝੋਲੀ ਵਿਚੋਂ ਖਿੱਲਾਂ ਤੇ ਮਖਾਣੇ ਖਾਈ ਜਾ ਰਹੀਆਂ ਸਨ । ਮੈਂ ਉਨ੍ਹਾਂ ਦੇ ਫੱਕੇ ਮਾਰਨ ਲੱਗ ਪਿਆ ।

ਤੇਜੂ ਕੋਲ ਮਰੂੰਡੇ ਸਨ । ਉਹ ਭੋਰ ਭੋਰ ਕੇ ਮਸਾਂ ਮਸਾਂ ਖਾਂਦਾ ਸੀ । ਜੀਤੋ ਕੋਲ ਤਿਲੀ ਤੇ ਭੁੱਗਾ ਸੀ । ਕਿਸੇ ਕੋਲ ਮੂੰਗਫਲੀਆਂ ਤੇ ਕਿਸੇ ਕੋਲ ਮਿੱਠੇ

ਪਕੌੜੇ ਤੇ ਕਿਸੇ ਕੋਲ ਭੁੱਜੇ ਹੋਏ ਛੋਲੇ ਸਨ। ਪਰ ਸਾਧੂ ਕੋਲ ਕੁਝ ਵੀ ਨਾ ਸੀ। ਉਹ ਆਪਣੇ ਆਲੇ-ਦੁਆਲੇ ਝਾਕਦਾ ਸੀ ਪਰ ਉਸ ਨੂੰ ਕੋਈ ਪੁੱਛਦਾ ਵੀ ਨਾ ਸੀ। ਕਿਸੇ ਨੂੰ ਰੱਤੀ ਵੀ ਇਸ ਚੀਜ਼ ਦਾ ਭੇਦ-ਭਾਵ ਨਾ ਸੀ ਕਿ ਸਾਧੂ ਦੇ ਮੂੰਹ ਅੰਦਰ ਉਹਦੀ ਜੀਭ ਖਿੱਲਾਂ ਦਾਣਿਆਂ ਦੇ ਫੱਕਿਆਂ ਲਈ ਕਿਵੇਂ ਤਰਲੇ ਲੈਂਦੀ ਸੀ।

ਓੜਕ ਗੱਡਾ ਤੁਰਿਆ। ਬੌਲਦਾਂ ਦੇ ਸਿੰਙਾਂ ਉੱਤੇ ਪਿੱਤਲ ਦੀਆਂ ਸਿੰਗੋ-ਟੀਆਂ ਚੜ੍ਹੀਆਂ ਹੋਈਆਂ ਸਨ। ਕਣੀ ਉਨ੍ਹਾਂ ਉੱਤੇ ਇਸੇ ਤਰ੍ਹਾਂ ਨਹੀਂ ਸੀ ਠਹਿਰਦੀ, ਜਿਵੇਂ ਬੱਤਖ਼ ਦੇ ਖੰਭਾਂ ਉੱਤੇ ਪਾਣੀ ਦਾ ਤੁਪਕਾ ਨਹੀਂ ਠਹਿਰਦਾ। ਬੌਲਦਾਂ ਦੇ ਸਫ਼ੈਦ ਕੂਲੇ ਸਰੀਰ ਭਿੱਜ ਕੇ ਮਖ਼ਮਲ ਵਾਂਗ ਮੁਲੈਮ ਹੋ ਗਏ ਸਨ। ਉਨ੍ਹਾਂ ਦੀਆਂ ਕਾਲੀਆਂ ਨਾਸਾਂ, ਜਿਨ੍ਹਾਂ ਉੱਤੇ ਉਹ ਵਾਰ ਵਾਰ ਜੀਭ ਫੇਰਦੇ ਸਨ, ਨਾਗ ਦੀ ਸਿਰੀ ਵਾਂਗ ਲਿਸ਼ਕਦੀਆਂ ਸਨ।

ਜਿਊਣੇ ਠਾਠਾ ਬੰਨ੍ਹਿਆ ਹੋਇਆ ਸੀ। ਸਾਡੇ ਵਿਚੋਂ ਕਈਆਂ ਨੇ ਤ੍ਰਪਾਲ ਜਾਂ ਬੋਰੀ ਦਾ ਟੁਕੜਾ ਉੱਪਰ ਲੈ ਲਿਆ ਤੇ ਕਈਆਂ ਨੇ ਆਪਣੀਆਂ ਫੁਲਕਾਰੀਆਂ ਦੀ ਝੁੰਬ ਮਾਰ ਲਈ। ਗੱਡਾ ਵਿੰਗ-ਵਲਾਵੇਂ ਖਾਂਦਾ ਰਿੜ੍ਹਦਾ ਜਾਂਦਾ ਸੀ। ਕਦੀ ਕਦੀ ਜਦ ਉਸ ਦੇ ਪਹੀਏ ਚਿਊਂ ਚਿਊਂ ਕਰਨ ਲੱਗ ਪੈਂਦੇ ਜਾਂ ਗਲੀ ਦੇ ਚੀਕਣੇ ਗਾਰੇ ਵਿਚ ਫਸ ਜਾਂਦੇ ਤਾਂ ਅਸੀਂ ਸਾਰੇ ਜਣੇ ਨੱਚਣ ਟੱਪਣ ਤੇ ਕੱਛਾਂ ਵਜਾਉਣ ਲੱਗ ਪੈਂਦੇ।

ਜਦ ਅਸੀਂ ਡਿੱਕੋ-ਡੋਲੇ ਖਾਂਦੇ ਢਾਬ ਉੱਤੇ ਪੁੱਜੇ ਤਾਂ ਰੱਬ-ਤੁਵੱਕਵੇਂ ਮੀਂਹ ਵੀ ਠੱਲ੍ਹ ਗਿਆ ਸੀ। ਪਿੱਪਲਾਂ ਉੱਤੇ ਲਾਸ ਪਾਈ ਦੋ ਦੋ ਕੁੜੀਆਂ ਦੀਆਂ ਜੋਟੀਆਂ ਪੀਂਘ ਚੜ੍ਹਾਈ ਜਾਂਦੀਆਂ ਸਨ ਅਤੇ ਤਰ੍ਹਾਂ ਤਰ੍ਹਾਂ ਦੇ ਗੀਤਾਂ ਦੇ ਟੱਪੇ ਭਿੱਜੇ ਹੋਏ ਪੁਲਾੜ ਵਿਚ ਕਵੀ ਦੇ ਸੁੰਦਰ ਖ਼ਿਆਲਾਂ ਵਾਂਙ ਉਡਦੇ ਫਿਰਦੇ ਸਨ। ਮੈਂ ਘੜੀ ਮੁੜੀ ਆਪਣੀ ਵਾਸਕਟ ਦੀ ਜੇਬ ਦੇ ਖੂੰਜੇ ਵਿਚ ਦੁਆਨੀ ਨੂੰ ਟੋਂਹਦਾ ਸਾਂ।

ਚੱਕਰ-ਚੂੰਢਾ ਇਕ ਬਹੁਤ ਵੱਡੇ ਹਲਟ ਦੀਆਂ ਟਿੰਡਾਂ ਵਾਂਗ ਕੁੜੀਆਂ ਦੀਆਂ ਟੋਲੀਆਂ ਲੱਦ ਕੇ ਗੇੜੇ ਖਾਈ ਜਾਂਦਾ ਸੀ। ਇਕ ਡਮਰੂ ਵਜਾਉਂਦਾ ਸੀ ਤੇ ਦੂਸਰਾ ਡੋਲੀ ਨੂੰ ਉਤਾਂਹ ਧੱਕ ਦੇਂਦਾ ਹੋਇਆ ਕਹਿੰਦਾ, "ਚਲੋ ਦਿੱਲੀ ! ਚਲੋ ਲਖਨਊ ! ਚਲੋਂ ਕਲਕੱਤੇ !" ਮੈਂ ਵੀ ਇਨ੍ਹਾਂ ਵੱਡੇ ਵੱਡੇ ਸ਼ਹਿਰਾਂ ਨੂੰ ਤੱਕਣ ਲਈ ਉਤਾਵਲਾ ਹੋ ਗਿਆ। ਜਦ ਉਨ੍ਹਾਂ ਚੱਕਰ-ਚੂੰਢਾ ਠੱਲ੍ਹਿਆ, ਅਸੀਂ ਦੌੜ ਕੇ ਇਕ ਇਕ ਡੋਲੀ ਮੱਲ ਲਈ। ਇਸ ਪਿਛੋਂ ਸੱਭੇ ਡੋਲੀਆਂ ਭਰ

ਗਈਆਂ । ਢੋਲ ਵੱਜਣ ਲੱਗ ਪਿਆ ਤੇ ਮੁਸਾਫ਼ਰ ਵਖੋ ਵੱਖ ਦੇਸਾਂ ਦੀ ਯਾਤਰਾ ਕਰਨ ਤੁਰ ਪਏ । ਮੈਂ ਲਖਨਊ ਤੱਕਦਾ ਰਿਹਾ ਤੇ ਦੁਆਰਕੀ ਦਿੱਲੀ । ਝੂਟਿਆਂ ਦਾ ਇਕ ਗੇੜ ਬੱਝ ਗਿਆ । ਨਵੇਂ ਯਾਤਰੀਆਂ ਨੂੰ ਭੁਵਾਲੀਆਂ ਆ ਗਈਆਂ ਤੇ ਉਨ੍ਹਾਂ ਦਾ ਜੀ ਘਿਰਨ ਲੱਗ ਪਿਆ । ਪਰ ਮੈਂ ਚੱਕਰ-ਚੂੰਢੇ ਤੇ ਉਤਾਂਹ ਡਿਕ-ਡੋਲਿਆਂ ਨਾਲ ਇਤਨਾ ਗਿੱਝਿਆ ਹੋਇਆ ਸਾਂ ਕਿ ਜਿਸ ਮੇਲੇ ਵਿਚ ਚੱਕਰ-ਚੂੰਢਾ ਨਾ ਹੁੰਦਾ ਮੈਨੂੰ ਉਸ ਮੇਲੇ ਵਿਚ ਅੱਧਾ ਸੁਆਦ ਆਉਂਦਾ ।

ਸਾਰਾ ਮੇਲਾ ਤੀਵੀਂਆਂ ਦੀ ਛਣ-ਛਣ ਤੇ ਚੀਕ-ਚਿਹਾੜੇ ਨਾਲ ਭਰਿਆ ਹੋਇਆ ਸੀ । ਤਰ੍ਹਾਂ ਤਰ੍ਹਾਂ ਦੇ ਖਿਡੌਣੇ ਪਾਲੋ-ਪਾਲ ਰੱਖੇ ਹੋਏ ਸਨ । ਮੈਂ ਗੁਜਰੀ ਤੇ ਬਾਵਾ ਖ਼ਰੀਖਿਆ ਰਬੜ ਦੀ ਘੁੱਗੀ ਚੂੰ ਚੂੰ ਕਰਦੀ ਸੀ । ਲੱਖ ਮੱਥਾ ਮਾਰਨ ਨਾਲ ਵੀ ਸਮਝ ਨਾ ਲੱਗਦੀ ਕਿ ਇਹ ਕਿਵੇਂ ਬੋਲਦੀ ਹੈ । ਮੇਰੇ ਲਈ ਇਹ ਸਭ ਖਿਡੌਣੇ ਇਤਨੇ ਹੀ ਜਿਉਂਦੇ ਜਾਗਦੇ ਸਨ, ਜਿਤਨੇ ਕਿ ਤੁਰਦੇ ਫਿਰਦੇ ਮਨੁੱਖ ਤੇ ਚਲਦੀਆਂ ਫਿਰਦੀਆਂ ਤੀਵੀਂਆਂ । ਮੈਨੂੰ ਉਨ੍ਹਾਂ ਦੇ ਖਾਣ, ਪੀਣ, ਸੌਣ ਤੇ ਪਹਿਨਣ ਦੀ ਇਤਨੀ ਹੀ ਚਿੰਤਾ ਸੀ ਜਿਤਨੀ ਕਿ ਮੇਰੀ ਮਾਂ ਨੂੰ ਆਏ ਗਏ ਪ੍ਰਾਹੁਣਿਆਂ, ਸਾਧੂਆਂ ਤੇ ਸੰਤਾਂ ਦੀ ਸੀ ।

ਇਹ ਸੌਦਾ-ਪੱਤਾ ਲੈ ਕੇ ਫਿਰ ਅਸੀਂ ਰੰਗ ਰੰਗੀਲੀ ਗਲਾਸੀਆਂ ਤੇ ਜਲੇਬੀਆਂ ਖਾਧੀਆਂ । ਮੇਲੇ ਵਿਚ ਨੱਸਦੀਆਂ ਭੱਜਦੀਆਂ ਕੁੜੀਆਂ ਦਾ ਹਾਸਾ ਪਹਾੜੀ ਨਦੀ ਦੀ ਝੱਗ ਵਾਂਗ ਹਵਾ ਵਿਚ ਤਰਦਾ ਫਿਰਦਾ ਸੀ । ਸ਼ਰਤ ਲਾ ਲਾ ਕੇ, ਜ਼ਿੱਦ ਜ਼ਿੱਦ ਕੇ ਕਈ ਕੁੜੀਆਂ ਪੀਂਘ ਵਧਾਉਂਦੀਆਂ । ਉਨ੍ਹਾਂ ਦੀਆਂ ਚੁੰਨੀਆਂ ਲੱਥ ਕੇ ਡਿੱਗ ਪੈਂਦੀਆਂ, ਵਾਲ ਖਿੱਲਰ ਜਾਂਦੇ, ਹੱਥ ਸੂਤੇ ਜਾਂਦੇ, ਪਰ ਉਹ ਆਪਣੇ ਪੈਰਾਂ ਨੂੰ ਜ਼ਰੂਰ ਪਿੱਪਲ ਦੇ ਉਪਰਲੇ ਡਾਹਣ ਤੀਕ ਪੁਚਾਉਂਦੀਆਂ ।

ਸੰਝ ਦੀ ਛਾਂ ਨੇ ਹੌਲੀ ਹੌਲੀ ਏਸ ਚਾਨਣ-ਭਰੇ ਹਾਸੇ ਨੂੰ ਕੱਜ ਦਿੱਤਾ । ਸੂਰਜ ਪੱਛਮ ਵਿਚ ਬੱਦਲਾਂ ਹੇਠ ਕਿਤੇ ਚੁੱਭੀਮਾਰ ਗਿਆ, ਫੇਰੀ ਵਾਲਿਆਂ ਦੇ ਹੋਕੇ ਮੱਠੇ ਪੈ ਗਏ, ਚੱਕਰ-ਚੂੰਢੇ ਦਾ ਗੇੜ ਹੌਲਾ ਪੈ ਗਿਆ, ਅਤੇ ਜਿਊਣਾ ਸਾਨੂੰ ਹਾਕਾਂ ਮਾਰਦਾ ਸੁਣਾਈ ਦਿੱਤਾ ।

ਟੋਭੇ ਦੇ ਕੰਢੇ ਝੀਂਗਰ ਝਿਰਨ ਝਿਰਨ ਕਰਨ ਲੱਗ ਪਏ । ਪੱਛਮ ਦਾ ਆਕਾਸ਼ ਪੀਲਾ, ਸਾਵਾ, ਸਲੇਟੀ ਤੇ ਹੌਲੀ ਹੌਲੀ ਕਾਲਾ ਹੋ ਗਿਆ । ਅਸੀਂ ਸਭੇ ਆਪਣੇ ਆਪਣੇ ਖਿਡੌਣੇ ਸਾਂਭੀ ਗੱਡੇ ਵਿਚ ਆ ਇਕੱਠੇ ਹੋਏ । ਜਿਊਣਾ ਫੇਰ ਉਛਲ ਕੇ ਗੱਡੇ ਦੇ ਪੱਟ ਉੱਤੇ ਬੈਠ ਗਿਆ, ਤੇ ਗੱਡਾ ਫੇਰ ਪਹਿਲਾਂ ਵਾਂਗਰ ਠਿੱਬੇ-ਠੇਡੇ ਖਾਂਦਾ ਚਿਊਂ ਚਿਊਂ ਕਰਦਾ ਘਰ ਵੱਲ ਤੁਰ ਪਿਆ ।

# ਪੰਜ

ਚੌਥੀ ਦਾ ਇਮਤਿਹਾਨ ਪਾਸ ਕਰਨ ਪਿਛੋਂ ਜਦ ਮੈਨੂੰ ਮਾਂ ਨੇ ਆਖਿਆ, ''ਤੈਨੂੰ ਇਕ ਮਹੀਨੇ ਦੀਆਂ ਛੁੱਟੀਆਂ ਹਨ, ਜਾਹ, ਕੁਝ ਦਿਨ ਆਪਣੀ ਨਾਨੀ ਕੋਲ ਲਾ ਆ, ਮੈਂ ਤੈਨੂੰ ਛੱਡ ਆਵਾਂਗੀ'' ਤਾਂ ਮੈਨੂੰ ਚਾਅ ਚੜ੍ਹ ਗਿਆ।

ਮੈਨੂੰ ਪਤਾ ਸੀ ਕਿ ਮੇਰਾ ਮਾਮਾ ਹਲਵਾਈ ਹੈ ਤੇ ਮੈਨੂੰ ਇਸ਼ ਗੱਲ ਦਾ ਮਾਣ ਸੀ। ਛੋਟੇ ਹੁੰਦਿਆਂ ਮੈਂ ਕਈ ਵਾਰ ਚੌਂਕ ਵਿਚ ਬੈਠੇ ਦਿਆਲ ਹਲਵਾਈ ਦੇ ਪੁੱਤ ਸੋਹਣ ਤੋਂ ਬੜੀ ਖਾਰ ਖਾਂਦਾ। ਹਾਏ! ਜੇ ਕਿਤੇ ਮੈਂ ਵੀ ਕਿਸੇ ਹਲਵਾਈ ਦਾ ਪੁੱਤ ਹੁੰਦਾ! ਕਿੰਨੇ ਸੋਹਣੇ ਸੋਹਣੇ ਥਾਲ, ਭਾਂਤ ਭਾਂਤ ਦੀਆਂ ਮਠਿਆਈਆਂ! ਸੋਹਣ ਨੂੰ ਤਾਂ ਮੌਜ ਹੋਵੇਗੀ! ਕਿੰਨਾ ਖ਼ੁਸ਼ਕਿਸਮਤ ਹੈ ਉਹ, ਹਰ ਪਾਸੇ ਲੱਡੂ ਖਿੰਡੇ ਹੋਏ ਸਨ।

ਜਦੋਂ ਮੈਂ ਨਾਨਕੇ ਪੁੱਜਾ, ਮੇਰਾ ਮਾਮਾ ਸਟੇਸ਼ਨ ਉੱਤੇ ਸੀ।

ਨਾਨੀ ਦਾ ਘਰ ਬਹੁਤ ਵੱਡਾ ਸੀ — ਮੋਕਲਾ ਵਿਹੜਾ, ਚੌੜੀ ਚਕਲੀ ਡਿਉਢੀ, ਲੰਬੀ ਸਬਾਤ, ਅੰਦਰ ਦੋ ਹੋਰ ਕੋਠੇ, ਤੇ ਫਿਰ ਪਿਛਲੇ ਪਾਸੇ ਬੈਠਕ, ਜਿਹੜੀ ਪਿਛਾੜੀ ਲੱਗਦੇ ਬਾਜ਼ਾਰ ਵਿਚ ਖੁੱਲ੍ਹਦੀ ਸੀ।

ਸਾਰੇ ਘਰ ਵਿਚ ਇਕ ਪੁਰਾਤਨ ਕਾਲ ਦੀ ਬੂ ਸੀ। ਮਾਮਾ ਹਨੂਮਾਨ ਦਾ ਪੁਜਾਰੀ ਸੀ। ਦੁਕਾਨ ਉਤੇ ਜਲੇਬੀਆਂ ਤਲਣਾ, ਪਤਾਸੇ ਟੁੱਕਣਾ, ਤੇ ਲੱਡੂ ਵੱਟਣਾ ਕਿਉਂਕਿ ਬਰਕਤ ਰਾਮ ਦਾ ਕੰਮ ਹੁੰਦਾ, ਇਸ ਲਈ ਮਾਮਾ ਘਰ ਦੇ ਜ਼ਰੂਰੀ ਕੰਮਾਂ ਤੋਂ ਵਿਹਲਾ ਹੋ ਕੇ ਹੀ ਦੁਕਾਨ ਉੱਤੇ ਜਾਂਦਾ। ਨਹਾ ਧੋ ਕੇ ਉਹ ਇਕ ਅਲਮਾਰੀ ਵਿਚੋਂ ਕੋਈ ਚੀਜ਼ ਕੱਢ ਕੇ ਬਹੁਤ ਚਿਰ ਉਹਦੇ ਅੱਗੇ ਬੈਠਾ ਟੱਲੀ ਵਜਾਂਦਾ ਰਹਿੰਦਾ। ਲਾਲ ਲੀਰ ਵਿਚ ਵਲ੍ਹੇਟੀ ਹੋਈ ਹਨੂਮਾਨ ਦੀ ਮੂਰਤੀ ਇਕ ਨਿੱਕੀ ਜਿਹੀ ਚਾਂਦੀ ਦੀ ਚੌਕੀ ਉੱਤੇ ਰੱਖ ਕੇ ਨਵ੍ਹਾਉਂਦਾ, ਫੇਰ ਮੂੰਹ ਵਿਚ ਕੁਝ ਬੁਰੜ ਬੁਰੜ ਕਰਦਾ ਹੋਇਆ ਉਸ ਪੂਜਾ ਮੂਰਤੀ ਨੂੰ ਅਲਮਾਰੀ ਵਿਚ ਰੱਖ ਦੇਂਦਾ।

ਬਹੁਤ ਚਿਰ ਮੇਰੇ ਲਈ ਇਹ ਮੂਰਤੀ ਅਚੰਭਾ ਬਣੀ ਰਹੀ। ਮੇਰੀ ਨਾਨੀ ਮੈਨੂੰ ਮਾਮੇ ਦੀ ਪੂਜਾ ਦੀ ਸਾਮਿੱਗਰੀ ਕੋਲ ਜਾਣ ਨਹੀਂ ਸੀ ਦਿੰਦੀ, ਇਸ ਲਈ ਮੇਰਾ ਚਾਅ ਹੋਰ ਵੀ ਵਧਦਾ ਜਾਂਦਾ ਸੀ। ਸਭ ਤੋਂ ਵੱਧ ਹਨੂਮਾਨ ਦੇ ਬਲ ਦਾ

ਮੈਨੂੰ ਓਦੋਂ ਗਿਆਨ ਹੁੰਦਾ ਜਦ ਮੈਨੂੰ ਬਹੁਤ ਭੁੱਖ ਲੱਗੀ ਹੁੰਦੀ ਤੇ ਮੈਂ ਰੋਟੀ ਮੰਗਦਾ ਤੇ ਨਾਨੀ ਜੁਆਬ ਦਿੰਦੀ, ''ਠਹਿਰ, ਸਾਹ ਲੈ, ਪਹਿਲਾਂ ਭੋਗ ਲਾ ਲੈਣ ਦੇ।''

''ਭੋਗ ਕੀ ?'' ਮੈਂ ਪੁੱਛਦਾ।

''ਵੇ ਡੂਚਨਾ, ਤੇਰਾ ਮਾਮਾ ਨਹੀਂ ਆਇਆ, ਉਹ ਆ ਕੇ ਮਹਾਂਬੀਰ ਨੂੰ ਨੁਹਾਏਗਾ, ਫਿਰ ਮਹਾਂਬੀਰ ਜੀ ਖਾਣਗੇ ਤੇ ਫੇਰ ਸਭਨਾਂ ਦੇ ਖਾਣ ਨੂੰ ਮਿਲੂਗਾ।''

ਨਾਨੀ ਹਨੂਮਾਨ ਨੂੰ ਸਦਾ ਮਹਾਂਬੀਰ ਆਖਦੀ ਜਾਂ ਪਵਨ-ਸੁਤ ਜਾਂ ਬਜਰੰਗ-ਬਲੀ ਤੇ ਜੇ ਕੋਈ ਸਹਿ-ਸੁਭਾ ਹਨੂਮਾਨ ਆਖ ਦਿੰਦਾ, ਉਸ ਨਾਲ ਲੜ ਪੈਂਦੀ। ਮੈਨੂੰ ਵੀ ਉਸ ਦੇ ਅੱਗੇ ਬੜਾ ਚੌਕੰਨਾ ਰਹਿਣਾ ਪੈਂਦਾ ਸੀ।

ਕਿਸੇ ਕਿਸੇ ਦਿਨ ਜਦ ਮਾਮਾ ਦੂਜੇ ਪਿੰਡ ਗਿਆ ਹੁੰਦਾ ਤਾਂ ਨਾਨੀ ਭੋਗ ਲਾਉਂਦੀ।

ਇਕ ਦਿਨ ਜਦ ਨਾਨੀ ਅੱਖਾਂ ਮੀਚੀ ਹਨੂਮਾਨ ਅੱਗੇ ਟੱਲੀ ਵਜਾਈ ਜਾਂਦੀ ਸੀ, ਮੈਂ ਮਲਕੜੇ ਉਸ ਦੇ ਪਿਛੇ ਖੜਾ ਹੋ ਗਿਆ। ਚਾਂਦੀ ਦੀ ਛੋਟੀ ਜਿਹੀ ਚਿੱਟੀ ਵੇਲ-ਬੂਟਿਆਂ ਵਾਲੀ ਚੌਕੀ ਉਤੇ ਹਨੂਮਾਨ ਦੀ ਮੂਰਤੀ ਖੜੀ ਸੀ। ਉਸ ਨੇ ਦੋਹਾਂ ਮੋਢਿਆਂ ਉੱਤੇ ਰਾਮ ਤੇ ਲਛਮਣ ਚੁੱਕੇ ਹੋਏ ਸਨ ਤੇ ਪੂਛਲ ਧੌਣ ਕੋਲ ਦੀ ਗੇੜਾ ਖਾਂਦੀ ਹਵਾ ਵਿਚ ਲਹਿਰਾਉਂਦੀ ਸੀ। ਮੈਂ ਲੁਕ ਕੇ ਤੱਕਿਆ ਕਿ ਜਿਹੜੀ ਦਾਲ ਤੇ ਫੁਲਕਾ ਉਸ ਹਨੂਮਾਨ ਅੱਗੇ ਰਖਿਆ ਸੀ, ਉਹ ਉਸੇ ਤਰ੍ਹਾਂ ਪਿਆ ਰਿਹਾ।

ਇਤਨੇ ਵਿਚ ਨਾਨੀ ਟੱਲੀ ਵਜਾਉਂਦੀ ਹੋਈ ਉੱਠੀ ਤੇ ਸਾਰੇ ਘਰ ਦੀਆਂ ਅਲਮਾਰੀਆਂ, ਖੱਲਾਂ ਖੂੰਜਿਆਂ ਨੂੰ ਧੂਫ ਸੁੰਘਾ ਕੇ ਰਸੋਈ ਵਿਚ ਆ ਗਈ। ਮੈਂ ਫੇਰ ਪੁੱਛਿਆ, ''ਨਾਨੀ ਇਸ ਧੂਫ ਦਾ ਕੀ ਫ਼ਾਇਦਾ ?''

ਕਿਸੇ ਅਜਿਹੀ ਪੁਰਾਣੀ ਰੀਤ, ਜਿਹੜੀ ਪੀਹੜੀਆਂ ਤੋਂ ਖ਼ਾਨਦਾਨ ਵਿਚ ਚਲੀ ਆਉਂਦੀ ਹੋਵੇ, ਦੇ ਖਿਲਾਫ਼ ਬੋਲਣ ਤੋਂ ਨਾਨੀ ਬਹੁਤ ਨਾਰਾਜ਼ ਹੋ ਜਾਂਦੀ। ਉਸ ਦਾ ਸੁਭਾਅ ਵੀ ਮੇਰੀ ਮਾਂ ਵਾਂਗ ਸਖ਼ਤ ਸੀ। ਮੇਰੇ ਪੁੱਛਣ ਤੋਂ ਉਸ ਨੇ ਆਪਣੀਆਂ ਫਿੱਕੀਆਂ ਖ਼ੋਦੀਆਂ ਭਵਾਂ ਸੁਕੇੜ ਲਈਆਂ ਤੇ ਆਖਿਆ, ''ਹੁਣ ਦੱਸਾਂ ਇਸ ਡਿਪਟੀ ਨੂੰ, ਨਾਨੀ ਕਿਉਂ ਧੂਫ ਦੇਂਦੀ ਏ ? ਮੈਂ ਆਖਦੀ ਹਾਂ ਤੈਨੂੰ ਪੁੰਨੀ ਨੇ ਜੰਮਿਆਂ ਕਿਉਂ ਸੀ। ਤੇਰੇ ਮਰਦੱਸੇ ਵਿਚ ਮਾਸਟਰ ਇਹੋ ਕੁਝ ਪੜ੍ਹਾਉਂਦਾ ਏ ?''

ਉਸ ਦਿਨ ਮੇਰੀ ਮਾਂ ਨੇ ਵਾਪਸ ਜਾਣਾ ਸੀ। ਉਹ ਜਦ ਵੀ ਨਾਨੀ ਕੋਲ

ਜਾਂਦੀ, ਪੰਜ ਸੱਤ ਦਿਨਾਂ ਤੋਂ ਵੱਧ ਨਹੀਂ ਸੀ ਠਹਿਰਦੀ। ਵਿਦਾ ਹੋਣ ਤੋਂ ਪਹਿਲਾਂ ਮਾਂ ਤੇ ਨਾਨੀ ਮੇਰੀ ਬਾਬਤ ਬਹੁਤ ਚਿਰ ਗੱਲਾਂ ਕਰਦੀਆਂ ਰਹੀਆਂ। ਮੈਂ ਉਸ ਵੇਲੇ ਭਾਵੇਂ ਸਿਰਫ਼ ਪੰਜਵੀਂ ਜਮਾਤ ਦਾ ਇਮਤਿਹਾਨ ਦਿੱਤਾ ਸੀ, ਪਰ ਨਾਨੀ ਲਈ ਤਾਂ ਇਹੋ ਬਹੁਤ ਜ਼ਿਆਦਾ ਪੜ੍ਹਾਈ ਸੀ। ਉਸ ਨੇ ਮਾਂ ਨੂੰ ਸਲਾਹ ਦਿੱਤੀ, "ਬਲਵੰਤ ਨੂੰ ਪੰਜ ਸਾਲ ਹੋ ਗਏ ਕਿਤਾਬਾਂ ਨਾਲ ਮੱਥਾ ਮਾਰਦੇ ਹੋਏ, ਪਰ ਇਹਦੇ ਢਿੱਡ ਵਿਚ ਕੋਈ ਅਕਲ ਦੀ ਗੱਲ ਨਹੀਂ ਵੜੀ। ਬਸ ਬਥੇਰਾ ਏ। ਨਾਵਾਂ ਲਿਖਣ ਜੋਗਾ ਹੋ ਗਿਆ, ਚਿੱਠੀ ਪੱਤਰ ਵਾਚ ਲੈਂਦਾ ਏ, ਹੋਰ ਕੀ ਇਸ ਨੇ ਦਫ਼ਤਰ ਖੋਲ੍ਹਣੇ ਨੇ ?"

ਫਿਰ ਕੁਝ ਯਾਦ ਕਰ ਕੇ ਹੌਲੀ ਹੌਲੀ ਸੋਚਦੀ ਹੋਈ ਆਖਣ ਲੱਗੀ, "ਹਕੀਮੀ ਵਿਚ ਪਾ ਦੇ। ਸਕੂਲ ਵਿਚ ਪੰਜ ਵਰ੍ਹੇ ਗਾਲੇ ਹਨ, ਦੋ ਸਾਲ ਇਧਰ ਲਾ ਕੇ ਵੇਖ ਲਵੇ, ਕੋਈ ਮੱਤ ਦੀ ਗੱਲ ਹੀ ਸਿੱਖੂਗਾ। ਤੇ ਫਿਰ ਹਕੀਮੀ ਨਾਲ ਦਾ ਜੱਸ ਹੋਰ ਕਿਹੜੇ ਧੰਦੇ ਵਿਚ ਐ ?"

ਮਾਂ ਨੀਵਾਂ ਸਿਰ ਕੀਤਿਆਂ ਬੈਠੀ ਉਸ ਦੀਆਂ ਗੱਲਾਂ ਸੁਣਦੀ ਹੋਈ "ਹਾਂ ਹਾਂ" ਕਰਦੀ ਰਹੀ ਤੇ ਨਾਨੀ ਆਖਦੀ ਰਹੀ, "ਤੇਰੇ ਪਿਉ ਨੇ ਇਸੇ ਵਿਚ ਅੰਤਾਂ ਦਾ ਧਨ ਜੋੜਿਆ ਸੀ। ਮੈਂ ਨਰੈਣੇ ਜੋਤਸ਼ੀ ਨੂੰ ਬਲਵੰਤੇ ਦਾ ਹੱਥ ਦਿਖਾਇਆ ਸੀ। ਵਿਦਿਆ ਤਾਂ ਇਹਦੇ ਕਰਮਾਂ ਵਿਚ ਥੋਹੜੀ ਹੀ ਲਿਖੀ ਹੈ, ਪਰ ਹੱਥ ਦਾ ਪੋਲਾ ਤੇ ਨਿੱਘਾ ਹੈ ਤੇ ਹਕੀਮੀ ਵਿਚ ਇਸੇ ਗੱਲ ਦੀ ਲੋੜ ਹੈ। ਇਸ ਦੇ ਨਾਨੇ ਨੇ ਵੀ ਤਾਂ ਪੰਜ ਜਮਾਤਾਂ ਪਾਸ ਕਰ ਕੇ ਦੁਕਾਨ ਖੋਲ੍ਹ ਲਈ ਸੀ।"

ਮੈਂ ਘੜੀ ਮੁੜੀ ਨਾਨੀ ਨੂੰ ਟੋਕ ਦਿੰਦਾ ਤੇ ਮਾਂ ਨੂੰ ਮਲ੍ਹਾਰ ਕੇ ਆਖਦਾ, "ਨਾ ਮਾਂ, ਮੈਂ ਤਾਂ ਹਾਲੇ ਪੜ੍ਹਾਂਗਾ। ਮੇਰੇ ਹਾਣੀ ਛੇਵੀਂ ਜਮਾਤ ਵਿਚ...।"

ਨਾਨੀ ਝੱਈ ਲੈ ਕੇ ਮੁੜ ਮੁੜ ਤੱਕਦੀ, "ਵੇ ਬੈਠਾ ਰਹਿ ਚੁੱਪ ਕਰਕੇ ! ਝਟ ਬਿੰਦ ਗੱਲ ਕਰਨ ਦੇ। ਦੇਖੋ ਨੀ, ਕਿਹੋ ਜਿਹਾ ਇੱਲਤੀ ਮੁੰਡਾ ਏ, ਗੱਲ ਵੀ ਨਹੀਂ ਸਿਰੇ ਚੜ੍ਹਨ ਦਿੰਦਾ।"

ਮੈਂ ਮਾਂ ਦੇ ਗਲ ਵਿਚ ਬਾਹਾਂ ਪਾਈਆਂ ਤਾਂ ਨਾਨੀ ਨੇ ਖਿੱਝ ਕੇ ਮਾਂ ਨੂੰ ਆਖਿਆ, "ਤੈਨੂੰ ਪੜ੍ਹਾਈਆਂ ਦਾ ਕੀ ਪਤਾ। ਚੁੱਪ ਕਰ ਕੇ ਇਥੇ ਤੱਪੇ ਵਿਚ ਦੁਕਾਨ ਖੁਲ੍ਹਾ ਦੇ। ਹਕੀਮੀ ਦੀਆਂ ਪੁਰਾਣੀਆਂ ਚੀਜ਼ਾਂ ਪਈਆਂ ਹਨ — ਖਰਲ, ਸੋਟੇ, ਵੱਟੇ ਸਭ ਮੇਰੇ ਸਾਂਭ ਕੇ ਰਖੇ ਹੋਏ ਹਨ। ਇਸ ਨਿਆਣੇ ਦੀ ਕਾਹਨੂੰ ਜੂਨ ਖ਼ਰਾਬ ਕਰਦੀ ਐਂ ? ਬਿਸ਼ਨੇ ਹਕੀਮ ਕੋਲ ਛੱਡ ਆਉਨੀ ਆਂ, ਸਾਲ ਦੋ ਸਾਲ ਵਿਚ ਚੇਤੰਨ ਹੋ ਜਾਊ। ਹੱਥ ਚੰਗਾ ਦਿਸਦਾ ਏ ਇਸ ਦਾ",

ਤੇ ਫੇਰ ਮੇਰੇ ਵੱਲ ਆਪਣੀਆਂ ਖਿੰਡਰੀਆਂ ਅੱਖਾਂ ਨਾਲ ਤੱਕ ਕੇ ਆਖਣ ਲੱਗੀ, "ਸੁਖ ਨਾਲ ਤੇਰੇ ਮੱਥੇ ਵਿਚ ਵੀ ਜੱਸ ਹੈ, ਕਰਮਾਂ ਵਾਲੇ...।"

ਇਸ ਤਰ੍ਹਾਂ ਬਹੁਤ ਚਿਰ ਤੀਕ ਨਾਨੀ ਵਿਖਿਆਨ ਦਿੰਦੀ ਰਹੀ। ਛੇਕੜ ਮੇਰੀ ਮਾਂ ਨੇ ਥੱਕ ਕੇ ਇਹੋ ਆਖਿਆ, "ਇਹਦੇ ਬਾਪੂ ਨੂੰ ਪੁਛ ਲਵਾਂ, ਉਹੀ ਜਾਣਦੇ ਇਸ ਨੇ ਕੀ ਕਰਨਾ ਐ। ਉਂ ਮੇਰੀ ਸਮਝ ਵਿਚ ਤਾਂ ਬਲਵੰਤ ਅਜੇ ਨਿਆਣਾ ਏ, ਹਾਲੇ ਇਹ ਕੀ ਹਕੀਮੀ ਕਰੂਗਾ ?"

ਨਾਨੀ ਨੇ ਸਿਆਣਪ ਨਾਲ ਚੀਚੀ ਠੋਡੀ ਉੱਤੇ ਰੱਖ ਕੇ ਆਖਿਆ, "ਨੀ ਜਾਣ ਦੇ, ਸੁਖ ਨਾਲ ਗਭਰੂ ਸਾਰਾ ਏ। ਮੀਰੂ ਦੇ ਮੁੰਡੇ ਇਸ ਦੇ ਹਾਣ ਦੇ ਹੀ ਹਨ, ਕਿਵੇਂ ਖੇਤੀ ਕਰਨ ਪਿਉ ਦੇ ਨਾਲ ਜਾਂਦੇ ਹਨ, ਤੇ ਲੱਛੂ ਦਾ ਭਤੀਜਾ ਇਸ ਤੋਂ ਵੀ ਛੋਟਾ ਹੈ, ਸਾਰੀ ਹੱਟ ਸਾਂਭਦਾ ਹੈ, ਤੇ ਜੱਗੇ ਦਾ ਪੁੱਤ...।"

ਇਸ ਤਰ੍ਹਾਂ ਉਸ ਨੇ ਇਕ ਇਕ ਕਰ ਕੇ ਸਾਰੇ ਹਾਣੀ ਗਿਣਾਏ, ਪਰ ਮੇਰੀ ਮਾਂ ਫਿਰ ਵੀ ਜ਼ਰਾ ਨਾ ਡੋਲੀ ਤੇ ਉਸ ਨੇ ਇਹੋ ਆਖ ਕੇ, "ਮੈਨੂੰ ਨਹੀਂ ਪਤਾ, ਇਹਦਾ ਕੰਮ-ਕਿੱਤੇ ਦਾ ਸਾਂਭ ਸੰਭਈਆ ਹੈ", ਨਾਨੀ ਤੋਂ ਆਪਣਾ ਪਿੱਛਾ ਛੁਡਾਇਆ।

ਮਾਂ ਦੇ ਜਾਣ ਮਗਰੋਂ ਮੈਂ ਇਕੱਲਾ ਹੀ ਰਹਿ ਗਿਆ। ਘਰ ਦੀਆਂ ਬਹੁਤ ਸਾਰੀਆਂ ਗੱਲਾਂ ਮੇਰੇ ਲਈ ਅਨੋਖੀਆਂ ਤੇ ਅਜੀਬ ਸਨ। ਮੈਂ ਕਈ ਵਾਰੀ ਉਨ੍ਹਾਂ ਦਾ ਭੇਤ ਜਾਣਨ ਲਈ ਕਾਹਲਾ ਹੋਇਆ ਸੁਆਲ ਪੁੱਛ ਬੈਠਦਾ। ਘਰ ਦੀਆਂ ਸਾਰੀਆਂ ਅਲਮਾਰੀਆਂ ਉਤੇ ਸੰਧੂਰ ਥੱਪਿਆ ਵੇਖ ਕੇ ਮੈਂ ਮਾਮੀ ਨੂੰ ਪੁੱਛਿਆ, "ਮਾਮੀ, ਇਹ ਸੰਧੂਰ ਕਿਉਂ ਇਸ ਤਰ੍ਹਾਂ ਥੱਪਿਆ ਏ ?"

ਮਾਮੀ ਮੇਰੇ ਇਸ ਸੁਆਲ ਨੂੰ ਨਾ ਸਮਝ ਸਕੀ। ਉਹ ਸ਼ੁਰੂ ਤੋਂ ਇਨ੍ਹਾਂ ਅਲਮਾਰੀਆਂ ਨੂੰ ਇਵੇਂ ਵੇਖਦੀ ਆਈ ਸੀ। ਉਸ ਲਈ ਇਹ ਸੁਆਲ ਇਤਨਾ ਹੀ ਅਰਥ-ਹੀਨ ਸੀ ਜਿਵੇਂ ਕੋਈ ਪੁੱਛ ਬੈਠੇ ਕਿ ਉਨ੍ਹਾਂ ਦਰਵਾਜ਼ਿਆਂ ਨੂੰ ਕੁੰਡੇ ਕਿਉਂ ਲੱਗੇ ਹੋਏ ਹਨ। ਉਸ ਨੇ ਹੈਰਾਨ ਹੋ ਕੇ ਜੁਆਬ ਦਿੱਤਾ, "ਸੰਧੂਰ ? ਤੂੰ ਬੜਾ ਹੀ ਭੋਲਾ ਐਂ। ਇਹ ਸੰਧੂਰ ਤਾਂ ਮਹਾਂਬੀਰ ਦਾ ਚਿੰਨ੍ਹ ਐ — ਇਹ ਵੀ ਨਹੀਂ ਜਾਣਦਾ ?"

ਸਾਰਾ ਘਰ ਹਨੂਮਾਨ ਦਾ ਏਡਾ ਭਗਤ ਕਿਉਂ ਸੀ, ਮੈਨੂੰ ਪਤਾ ਨਹੀਂ ਸੀ ਚਲਦਾ। ਮਾਮੇ ਨੇ ਸੁਣ ਰਖਿਆ ਸੀ ਕਿ ਹਨੂਮਾਨ ਗੰਢਾ ਨਹੀਂ ਖਾਂਦੇ, ਸੋ ਉਸ ਵੀ ਗੰਢਾ ਖਾਣਾ ਬੰਦ ਕਰ ਰਖਿਆ ਸੀ।

ਇਕ ਦਿਨ ਮੈਂ ਮਾਮੇ ਨੂੰ ਪੁੱਛਿਆ, "ਮਾਮਾ, ਤੂੰ ਹੁੱਕਾ ਕਿਉਂ

ਪੀਂਦਾ ਐਂ ?''

''ਕਿਉਂ ?''

''ਇਹੋ ਤਾਂ ਮੈਂ ਪੁੱਛਦਾ ਹਾਂ ਕਿ ਕਿਉਂ ?''

''ਓਏ ਕਮਲਿਆ, ਪੀਣ ਦੀ ਚੀਜ਼ ਹੈ, ਪੀਏ ਨਾ ?''

''ਪਰ ਗੰਢਾ ਵੀ ਤਾਂ ਖਾਣ ਦੀ ਚੀਜ਼ ਹੈ,ਉਸਨੂੰ ਤੂੰ ਕਿਉਂ ਨਹੀਂ ਖਾਂਦਾ ?''

ਮਾਮੇ ਨੇ ਖੰਘਦੇ ਹੋਏ ਆਖਿਆ, ''ਇਸ ਨੂੰ ਮਹਾਂਬੀਰ ਮਨ੍ਹਾਂ ਕਰਦੇ ਹਨ ।''

''ਤੇ ਕੀ ਹੁੱਕੇ ਨੂੰ ਨਹੀਂ ਕਰਦੇ ?''

ਇਤਨੇ ਵਿਚ ਨਾਨੀ ਹੁੱਕਾ ਲੈ ਕੇ ਆ ਗਈ, ''ਕੀ ਆਖਦੈ ਇਹ ?'' ਨਾਨੀ ਨੇ ਪੁੱਛਿਆ ।

ਮਾਮੇ ਨੇ ਨੜੀ ਫੜ ਲਈ ਤੇ ਚਿਲਮ ਵੱਲ ਤੱਕਦਾ ਹੋਇਆ ਆਖਣ ਲੱਗਾ, ''ਤਮਾਕੂ ਠੀਕ ਦੱਬਿਆ ਏ ?''

''ਹਾਂ ।''

ਉਸ ਨੇ ਚਿਲਮ ਚੁੱਕ ਕੇ ਦੋ ਤਿੰਨ ਵਾਰ ਪਾਣੀ ਉਛਾਲਿਆ ਤੇ ਫੋਕੀ ਗੁੜ ਗੁੜ ਕੀਤੀ ।

''ਸੂਤ ਹੈ ।'' ਮਾਮਾ ਗੁੜ-ਗੁੜਾਇਆ ।

''ਪਰ ਇਹ ਕੀ ਪੁੱਛਦਾ ਸੀ ?'' ਨਾਨੀ ਨੇ ਨਸਵਾਰ ਦੀ ਡੱਬੀ ਵਿਚੋਂ ਚੂੰਡੀ ਭਰ ਕੇ ਨਾਸਾਂ ਵਿਚ ਲਿਜਾਂਦੇ ਹੋਏ ਆਖਿਆ ।

ਮਾਮੇ ਨੇ ਜ਼ੋਰ ਦਾ ਘੁੱਟ ਭਰਿਆ, ''ਐਵੇਂ ਬੋਲਦਾ ਸੀ । ਹੁਣ ਦੱਸ ਇਸ ਨਗੌਰੀ ਨੂੰ, ਭਲਾ ਗੰਢਾ ਕਿਉਂ ਨਹੀਂ ਖਾਂਦੇ ਤੇ ਹੁੱਕਾ ਕਿਉਂ ਪੀਨੇ ਆਂ ।''

ਨਾਨੀ ਮੇਰੇ ਵੱਲ ਰੋਡੀਆਂ ਅੱਖਾਂ ਅੱਡ ਕੇ ਝਾਕੀ ਤੇ ਨਸਵਾਰ ਦੀ ਚੂੰਢੀ ਪੋਲੀਆਂ ਕਾਲੀਆਂ ਨਾਸਾਂ ਵਿਚ ਲਿਜਾ ਕੇ ਉਸ ਨੇ ਸੁੜਾਕਾ ਮਾਰਿਆ । ਉਸ ਨੇ ਅੱਖਾਂ ਮੀਚ ਕੇ ਜ਼ੋਰ ਦੀ ਨਿੱਛ ਮਾਰੀ ਤੇ ਉਸ ਦੇ ਪਿਲਪਲੇ ਮੂੰਹ ਵਿਚੋਂ ਦੋ ਥੁੱਕ ਦੇ ਮੋਟੇ ਮੋਟੇ ਛਿੱਟੇ ਮੇਰੀਆਂ ਗੱਲ੍ਹਾਂ ਉਤੇ ਆ ਡਿੱਗੇ ।

ਨਾਨੀ ਨੇ ਨੱਕ ਨੂੰ ਰਗੜਦੇ ਹੋਏ ਮਾਮੇ ਨੂੰ ਆਖਿਆ, ''ਚੰਗਾ, ਛੇਤੀ ਛੇਤੀ ਘੁੱਟਾਂ ਭਰ ਲੈ, ਮਹਾਂਬੀਰ ਦੇ ਭੋਗ ਨੂੰ ਕੁਵੇਲਾ ਹੁੰਦਾ ਹੈ ।'' ਉਸ ਨੇ ਉਪਰਲਾ ਬੁਲ੍ਹ ਸੁਕੇੜ ਕੇ ਨਸਵਾਰ ਸੁੰਘੀ ਤੇ ਨਿੱਕੀਆਂ ਨਿੱਕੀਆਂ ਨਿੱਛਾਂ ਮਾਰਨ ਲੱਗੀ ।

ਮੇਰੇ ਮਾਮੇ ਕੋਲ ਇਕ ਪੁਰਾਣੀ ਬੱਘੀ ਸੀ ਪਰ ਘੋੜਾ ਨਾ ਹੋਣ ਕਰ ਕੇ ਹੁਣ ਉਹ ਪੁਰਾਣੇ ਵਕਤਾਂ ਦੀਆਂ ਹੋਰ ਚੀਜ਼ਾਂ ਵਾਂਗ ਦਾਣੇ-ਫੱਕੇ ਵਾਲੇ ਕੋਠੇ ਵਿਚ ਖੜੀ ਰਹਿੰਦੀ । ਕਦੀ ਕਦੀ ਜਦ ਮਾਮੇ ਨੇ ਲਾਗਲੇ ਪਿੰਡ ਨਾਵਾਂ ਉਗ-

ਰਾਹੁਣ ਜਾਣਾ ਹੁੰਦਾ ਤਾਂ ਇਸ ਬੱਘੀ ਦੀ ਲੋੜ ਪੈਂਦੀ।

ਇਕ ਦਿਨ ਮਾਮਾ ਬੜਾ ਖ਼ੁਸ਼ ਸੀ। ਉਸ ਨੇ ਜੋਸ਼ ਨਾਲ ਹੱਥ ਝੱਸਦੇ ਹੋਏ ਮੈਨੂੰ ਪੁੱਛਿਆ, "ਤੈਨੂੰ ਅੱਜ ਬੱਘੀ ਦੀ ਸੈਰ ਕਰਾਈਏ ?"

ਉਹ ਤਬੇਲੇ ਵਿਚੋਂ ਬੱਘੀ ਕੱਢ ਕੇ ਬਾਹਰ ਲਿਆਇਆ ਅਤੇ ਬਲਦੇਵ ਪਟਵਾਰੀ ਦੀ ਮਰੀਅਲ ਜਿਹੀ ਮੰਗਵੀਂ ਘੋੜੀ ਉਸ ਦੇ ਵਿੰਗੇ ਬੰਬਾਂ ਵਿਚਕਾਰ ਜੋੜ ਦਿੱਤੀ। ਮੈਂ ਖ਼ੁਸ਼ੀ ਨਾਲ ਟੱਪ ਪਿਆ ਅਤੇ ਉਛਲ ਕੇ ਉਸ ਦੇ ਨਾਲ ਹੀ ਮੋਹਰਲੀ ਗੱਦੀ ਉੱਤੇ ਬੈਠ ਗਿਆ।

ਬੱਘੀ ਦੇ ਪਹੀਏ ਰਸਤੇ ਦੀ ਅਪੱਧਰੀ ਧਰਤੀ ਉੱਤੇ ਵਾਰ ਵਾਰ ਉਛਲਦੇ ਤੇ ਜਰਕਦੇ ਸਨ। ਗੱਦੇ ਜਿਨ੍ਹਾਂ ਵਿਚ ਡੱਬੜ ਤੇ ਸਣ ਦਾ ਖੋਸਣ ਭਰਿਆ ਹੋਇਆ ਸੀ, ਫੱਟੀਆਂ ਉੱਤੇ ਪਟੱਕ ਪਟੱਕ ਵੱਜਦੇ। ਘੋੜੀ ਦੇ ਮੂੰਹ ਵਿਚ ਲਗਾਮ ਝੱਗੋ-ਝੱਗ ਹੋ ਗਈ ਤੇ ਉਸ ਦੇ ਖੁਰਾਂ ਨਾਲ ਛੰਡੀ ਹੋਈ ਮੋਟੀ ਰੇਤ ਕੱਕੀ ਧੂੰਦ ਵਿਚ ਉਡ ਪਈ। ਧੂੜ ਦੇ ਇਸ ਬੱਦਲ ਨੂੰ ਪਿਛੇ ਛੱਡਦਾ ਦੇਖ ਕੇ ਮੈਂ ਬੜਾ ਖ਼ੁਸ਼ ਹੋਇਆ। ਮੈਨੂੰ ਇਉਂ ਜਾਪਿਆ ਜਿਵੇਂ ਇਹ ਬੱਦਲ ਸਾਡਾ ਪਿੱਛਾ ਕਰ ਰਿਹਾ ਹੋਵੇ, ਸਾਡੇ ਨਾਲ ਨਾਲ ਦੌੜ ਰਿਹਾ ਹੋਵੇ, ਪਰ ਅਸੀਂ ਇਸ ਦੇ ਹੱਥ ਨਾ ਆਉਂਦੇ ਹੋਈਏ।

ਜਦ ਮਾਮਾ ਚਮੜੇ ਦੇ ਛਾਂਟੇ ਨੂੰ ਹਵਾ ਵਿਚ ਘੁਮਾਉਂਦਾ ਹੋਇਆ ਘੋੜੀ ਦੇ ਮਾੜਚੂ ਪੁੜਾਂ ਉਤੇ ਮਾਰਦਾ ਤਾਂ ਉਹ ਨਾਸਾਂ ਫਰਕਾਉਂਦੀ ਹੋਈ ਬੱਘੀ ਦੀ ਅਗਲੀ ਫੱਟੀ ਉਤੇ ਜ਼ੋਰ ਨਾਲ ਦੁਲੱਤੀਆਂ ਝਾੜ ਦਿੰਦੀ। ਛਾਂਟਾ ਹਵਾ ਵਿਚ ਕੁੰਡਲਾਂ ਗੰਢਾ ਪਾਉਂਦਾ ਘੋੜੀ ਦੀ ਕੰਡ ਉਤੇ ਵੱਜਦਾਂ ਤੇ ਖੁਲ੍ਹ ਕੇ ਸਿੱਧਾ-ਸੁਰੰਗ ਹੋ ਜਾਂਦਾ ਜਿਵੇਂ ਛਾਂਟਾ ਵੀ ਘੋੜੀ ਨਾਲ ਸੱਪ ਬਣਨ ਬਣਨ ਖੇਡਦਾ ਹੋਵੇ। ਛਾਂਟੇ ਦੇ ਹਰ ਡੰਗ ਉੱਤੇ ਘੋੜੀ ਤ੍ਰਭਕਦੀ। ਮਾਮਾ ਇਕ ਹੁਸ਼ਿਆਰ ਟਾਂਗੇ ਵਾਲੇ ਡੇਡੋਰਕੀ ਨੂੰ ਪਹੀਆਂ ਦੀਆਂ ਆਰਾਂ ਵਿਚਕਾਰ ਅੜਾ ਕੇ ਵਜਾਉਂਦਾ। ਘੋੜੀ ਧੌਣ ਸੁੱਟ ਕੇ ਫਿਰ ਦੁੜਕੀ ਦੌੜਨ ਲੱਗ ਪੈਂਦੀ, ਉਸ ਦੇ ਗਿਰ ਦੇ ਘੁੰਗਰੂ ਛਣਕ ਪੈਂਦੇ, ਅਤੇ ਮਾਮਾ ਉੱਚੀ ਉੱਚੀ ਗਾਉਣ ਲੱਗਦਾ।

ਰਸਤੇ ਵਿਚ ਸਰ੍ਹੋਂ ਦੇ ਖੇਤਾਂ ਉੱਤੇ ਮੱਖੀਆਂ ਬਹਾਰ ਦਾ ਸ਼ਹਿਦ ਪੀਂਦੀਆਂ ਉਡਦੀਆਂ ਫਿਰਦੀਆਂ ਸਨ। ਦਰਖ਼ਤਾਂ ਦੇ ਝੁਰਮਟ ਵਿਚ ਸਾਵੇ ਤੋਤੇ ਦੀ ਲਾਲ ਚੁੰਝ ਵਿਚੋਂ ਜਾਦੂ-ਭਰਿਆ ਸ਼ੋਰ ਨਿਕਲ ਰਿਹਾ ਸੀ ਤੇ ਦੂਰ ਇਕ ਜੱਟ ਬੋਲਦਾਂ ਨੂੰ ਟਿਚਕਾਰ ਮਾਰ ਰਿਹਾ ਸੀ।

ਘੋੜੀ ਦੇ ਗਲ ਨਾਲ ਬੰਨ੍ਹੀਆਂ ਟੱਲੀਆਂ ਵਾਰ ਵਾਰ ਟੁਣਕ ਪੈਂਦੀਆਂ।

ਘੁੰਗਰੂਆਂ ਦਾ ਅਟੁੱਟ ਰਾਗ ਹਵਾ ਵਿਚ ਜਾਗ ਪਿਆ। ਦਰਖ਼ਤਾਂ ਉੱਤੇ ਬੈਠੀਆਂ ਘੁੱਗੀਆਂ ਚੁੰਝ ਚੁੱਕ ਕੇ ਇਸ ਛੋਟੀ ਜਿਹੀ ਦੌੜਦੀ ਹੋਈ ਬੱਘੀ ਨੂੰ ਅਚਰਜ ਨਾਲ ਦੇਖਣ ਲੱਗ ਪਈਆਂ, ਇਸ ਛੋਟੀ ਜਿਹੀ ਬੱਘੀ ਨੂੰ, ਜਿਸ ਨਾਲ ਗੀਤ ਦੌੜ ਰਹੇ ਸਨ। ਇਕ ਗੀਤ ਪਿਛੋਂ ਦੂਜਾ ਗੀਤ ਆਉਂਦਾ ਸੀ; ਜਿਵੇਂ ਸਮੁੰਦਰ ਵਿਚ ਇਕ ਲਹਿਰ ਪਿਛੋਂ ਦੂਜੀ ਲਹਿਰ ਆਉਂਦੀ ਹੈ, ਜਿਵੇਂ ਸੰਝ ਵੇਲੇ ਅਸਮਾਨ ਵਿਚ ਇਕ ਰੰਗ ਪਿਛੋਂ ਦੂਜਾ ਰੰਗ ਆਉਂਦਾ ਹੈ।

ਆਥਨ ਨੂੰ ਜਦੋਂ ਅਸੀਂ ਪਰਤੇ ਤਾਂ ਮੈਂ ਵੇਖਿਆ ਕਿ ਘੋੜੀ ਦਾ ਪਰਛਾਵਾ ਉਸ ਦੇ ਨਾਲ ਨਾਲ ਨੱਸ ਰਿਹਾ ਸੀ, ਇਕ ਪਾਸੇ ਲੇਟਿਆ ਪਿਆ ਇਕ ਜਾਨਵਰ ਚੁੱਪ-ਚਾਪ ਸਾਡੇ ਨਾਲ ਨਾਲ ਜਾ ਰਿਹਾ ਸੀ।

ਕੀ ਇਹ ਸੱਚੀ ਮੁਚੀ ਛਾਂ ਸੀ, ਜਾਂ ਕੋਈ ਜੀਊਂਦਾ-ਜਾਗਦਾ ਜਾਨਵਰ ? ਮੈਂ ਉਸ ਨੂੰ ਗਹੁ ਨਾਲ ਤੱਕਣ ਲੱਗ ਪਿਆ।

# ਛੇ

ਜਿਸ ਦਿਨ ਮੈਂ ਵਾਪਸ ਬਠਿੰਡ ਆਉਣਾ ਸੀ, ਨਾਨੀ ਨੇ ਮੇਰੇ ਖਾਣ ਲਈ ਇਕ ਪੋਟਲੀ ਵਿਚ ਕੁਝ ਲੱਡੂ ਤੇ ਰਿਉੜੀਆਂ ਬੰਨ੍ਹ ਦਿੱਤੀਆਂ ਤੇ ਮਾਂ ਲਈ ਕੁਝ ਸੂਤ ਤੇ ਖੱਦਰ।

ਉਸ ਪੋਪਲੇ ਮੂੰਹ ਨਾਲ ਮੈਨੂੰ ਚੁੰਮਿਆ ਤੇ ਗਲੀ ਦੇ ਮੋੜ ਤੀਕ ਛੱਡਣ ਆਈ। ਅੱਗੇ ਮਾਮਾ ਬੱਘੀ ਲਈ ਖੜਾ ਸੀ। ਬਲਦੇਵ ਪਟਵਾਰੀ ਦੀ ਉਸੇ ਮਰੀਅਲ ਜਿਹੀ ਘੋੜੀ ਨੂੰ ਫੜੀ ਆਪਣੇ ਹੱਥ ਨਾਲ ਸੁੱਕੇ ਕੱਖ ਮੁਆ ਰਿਹਾ ਸੀ।

ਬੱਘੀ ਦੇਖਣ ਸਾਰ ਮੈਂ ਉੱਛਲ ਕੇ ਉਸ ਦੀਆਂ ਉਖੜੀਆਂ ਪੁਖੜੀਆਂ ਗੱਦੀਆਂ ਉਤੇ ਆ ਬੈਠਾ। ਮਾਮੇ ਨੇ ਛਾਂਟਾ ਸਾਂਭ ਕੇ ਬੱਘੀ ਨੂੰ ਹਿਕਣਾ ਸ਼ੁਰੂ ਕੀਤਾ।

ਬਠਿੰਡੇ ਵਾਪਸ ਆ ਕੇ ਮੈਨੂੰ ਫੇਰ ਸਕੂਲ ਜਾਣਾ ਪਿਆ ਤੇ ਫੇਰ ਉਨ੍ਹਾਂ ਤੱਪੜਾਂ ਉੱਤੇ ਬੈਠਣਾ ਪਿਆ, ਜਿਹੜੇ ਘਸ ਚੁਕੇ ਸਨ।

ਸਾਡੇ ਸਕੂਲ ਦੇ ਬਾਹਰ ਹਰ ਸਾਲ ਡੰਗਰਾਂ ਦੀ ਮੰਡੀ ਲੱਗਦੀ ਸੀ। ਇਕ ਛੋਟੇ ਜਿਹੇ ਤੰਬੂ ਵਿਚ ਦੋ ਮੁਨਸ਼ੀ ਬੈਠੇ ਰਹਿੰਦੇ ਸਨ ਤੇ ਬਾਹਰ ਢੋਲ ਵਾਲਾ ਢੋਲ ਕੁੱਟੀ ਜਾਂਦਾ। ਦਸਾਂ ਪੰਦਰਾਂ ਦਿਨਾਂ ਪਿਛੋਂ ਹੋਰ ਡੰਗਰ ਵੱਖੋ-ਵੱਖ ਪਾਸਿਓਂ ਆਉਣ ਲੱਗ ਪੈਂਦੇ। ਦੂਰੋਂ ਦੂਰੋਂ ਲੋਕੀਂ ਆਉਂਦੇ ਸਨ। ਇਸ ਮੇਲੇ ਵਿਚ ਜੱਟ ਮੋਢੇ ਉਤੇ ਪਰਨਾ ਸੁੱਟੀ, ਪੈਰਾਂ ਦੇ ਜੋੜੇ ਡਾਂਗ ਉੱਤੇ ਟੰਗੀ, ਸਾਰਾ ਪੈਂਡਾ ਨੰਗੇ ਪੈਰੀਂ ਤੁਰ ਕੇ ਆਉਂਦੇ। ਨੇੜੇ ਦੇ ਟੋਭੇ ਉਤੇ ਮੂੰਹ-ਹੱਥ ਧੋ, ਤੇਲ ਨਾਲ ਲਿਸ਼ਕਾਈ ਜੁੱਤੀ ਪਰਨੇ ਨਾਲ ਝਾੜ ਕੇ ਪੈਰੀਂ ਪਾ ਲੈਂਦੇ, ਮੱਝ ਨੂੰ ਘੇਰ ਕੇ ਛੱਪੜ ਵਿਚ ਨਹਾਉਂਦੇ, ਉਸ ਦੇ ਸਿੰਙਾਂ ਨੂੰ ਤੇਲ ਨਾਲ ਚੋਪੜਦੇ ਅਤੇ ਮੇਲੇ ਆ ਵੜਦੇ।

ਜੱਟੀਆਂ ਆਪਣੀਆਂ ਜੁੱਤੀਆਂ ਨੂੰ ਇਕ ਦੂਜੀ ਵਿਚ ਫਸਾ ਕੇ ਸਿਰ ਉਤੇ ਰੱਖ ਲੈਂਦੀਆਂ ਜਿਵੇਂ ਰੋਟੀਆਂ ਦੀ ਬਹੀ ਹੁੰਦੀ ਹੈ। ਤੇੜ ਦੇ ਘਗਰੇ ਦੀ ਗੁੱਟੀ ਜੇਹੀ ਬਣਾ ਕੇ ਉਸ ਨੂੰ ਵੀ ਸਿਰ ਉਤੇ ਟਿਕਾ ਲੈਂਦੀਆਂ। ਮੂੰਗਲੀਆਂ ਵਰਗੀਆਂ ਉਨ੍ਹਾਂ ਦੀਆਂ ਲੱਤਾਂ, ਜਿਨ੍ਹਾਂ ਉਤੇ ਮੋਟੀ ਘੁਟਵੀਂ ਸੁੱਥਣ ਚੜ੍ਹੀ ਹੁੰਦੀ, ਝਾਂਜਰਾਂ ਦੀ ਛਣਨ ਛਣਨ ਨਾਲ ਵਜ ਉਠਦੀਆਂ। ਪਹੇ ਦੀ ਧੂੜ ਵਿਚ ਕੱਕਾ ਰੇਤਾ

ਛੰਡਦੇ, ਨੰਗੇ ਪਬ ਇਉਂ ਜਾਪਦੇ ਜਿਵੇਂ ਨੀਂਦ ਦੀਆਂ ਅਚੇਤ ਧੁੰਦਾਂ ਵਿਚੋਂ ਸੁਫ਼ਨੇ ਵਾਰ ਵਾਰ ਝਾਤੀ ਮਾਰਦੇ ਹੋਣ। ਜਦ ਉਹ ਪਿੰਡ ਦੇ ਟੋਭੇ ਕੋਲ ਆਉਂਦੀਆਂ ਤਾਂ ਘਗਰੇ ਤੇ ਜੁੱਤੀਆਂ ਝਾੜ ਕੇ ਪਾ ਲੈਂਦੀਆਂ ਤੇ ਆਪਣੀਆਂ ਆਪਣੀਆਂ ਵੱਛੀਆਂ ਗਾਈਆਂ ਧੂ ਕੇ ਮੇਲੇ ਵਿਚ ਆ ਬਹੁੜਦੀਆਂ।

ਇਸ ਵਾਰ ਡੰਗਰਾਂ ਦਾ ਬੜਾ ਭਰਵਾਂ ਮੇਲਾ ਸੀ। ਸਕੂਲ ਅੱਗੇ ਢੋਲ ਪਹਿਲਾਂ ਨਾਲੋਂ ਉੱਚੀ ਉੱਚੀ ਵਜਦਾ ਸੀ। ਤੰਬੂ ਵੀ ਬਹੁਤੇ ਸਨ। ਸਾਡੀ ਜਮਾਤ ਦਾ ਖ਼ਿਆਲ ਸੀ ਕਿ ਇਸ ਵਾਰ ਮੰਡੀ ਦੇਖਣ ਲਈ ਜ਼ਰੂਰ ਛੁੱਟੀ ਹੋਵੇਗੀ। ਮਾਸਟਰ ਮਲਾਵਾ ਰਾਮ ਆਖਦਾ ਸੀ ਕਿ ਪਿਛਲੇ ਪੰਦਰਾਂ ਵਰ੍ਹਿਆਂ ਤੋਂ ਕਦੀ ਇਤਨਾ ਇਕੱਠ ਨਹੀਂ ਸੀ ਹੋਇਆ।

ਪਰ ਸਾਨੂੰ ਕੋਈ ਛੁੱਟੀ ਨਾ ਹੋਈ, ਨਾ ਹੀ ਜੁਗਰਾਫ਼ੀਏ ਜਾ ਹਿਸਾਬ ਦੀ ਕਿਸੇ ਘੰਟੀ ਵਿਚ ਕੋਈ ਕਮੀ ਹੋਈ, ਸਗੋਂ ਜੇ ਕੋਈ ਬੇਧਿਆਨਾ ਮੁੰਡਾ ਬਾਹਰ ਮੰਡੀ ਵਿਚ ਵਜਦੇ ਢੋਲ ਡਮਰੂ ਨੂੰ ਸੁਣਨ ਲੱਗਦਾ ਤਾਂ ਮਾਸਟਰ ਉਸ ਨੂੰ ਖੱਬੀ ਅੱਖ ਨਾਲ ਘੂਰਦਾ ਹੋਇਆ ਹੱਥ ਵਿਚ ਫੜੀ ਤੂਤ ਦੀ ਛੜੀ ਮਾਰ ਕੇ ਆਖਦਾ, "ਉਏ ਉਧਰ ਕੀ ਤੇਰਾ ਪਿਉ ਖੇਡ ਕਰਦਾ ਏ ?"

ਅਸੀਂ ਰੋਣ-ਹੱਕੇ ਹੋਏ ਬੈਠੇ ਸਾਂ। ਛੁੱਟੀ ਦੀ ਘੰਟੀ ਵੱਜਣ-ਸਾਰ ਮੇਲੇ ਵਿਚ ਆ ਕੁੱਦੇ।

ਥਾਂ ਥਾਂ ਉਤੇ ਗਾਵਾਂ, ਮੱਝਾਂ, ਊਠ ਤੇ ਘੋੜੀਆਂ ਵਿਕਣ-ਵਿਕਾਉਣ ਲਈ ਆਈਆਂ ਖੜੀਆਂ ਸਨ। ਅਸੀਂ ਬਸਤੇ ਕੁੱਛੜ ਮਾਰੀ ਫੱਟੀਆਂ ਨਾਲ ਗਤਕਾ ਖੇਡਦੇ ਫਿਰਦੇ ਸਾਂ। ਬੇਸ਼ੁਮਾਰ ਬੌਲਦ ਤੇ ਗਊਆਂ ਕਿੱਲਿਆਂ ਨਾਲ ਬੱਧੀਆਂ ਮੁਗਜਾਲੀ ਮਾਰ ਰਹੀਆਂ ਸਨ। ਇਕ ਪਾਸੇ ਪਾਟੇ ਲੀੜੇ ਪਾਈ ਇਕ ਮੁੰਡਾ ਇਕ ਵੱਡੇ ਕਾਲੇ ਸੰਢੇ ਨੂੰ, ਜਿਸ ਦੇ ਨੱਕ ਵਿਚ ਲੋਹੇ ਦੀ ਨੱਥ ਤੇ ਬੂਥ ਉਤੇ ਛਿੱਕਲੀ ਚਾੜ੍ਹੀ ਹੋਈ ਸੀ, ਰੱਸੇ ਤੋਂ ਫੜੀ ਖੜੋਤਾ ਸੀ।

ਅਚਾਨਚੱਕੀ ਇਕ ਝੋਟਾ ਰੱਸਾ ਤੁੜਾ ਕੇ ਸਿੰਙਾਂ ਨਾਲ ਧਰਤੀ ਉਛਾਲਦਾ ਆਇਆ ਤੇ ਬੜ੍ਹਕਾਂ ਮਾਰਦਾ ਹੋਇਆ ਇਕ ਬੌਲਦ ਨਾਲ ਜਾ ਅੜਿਆ। ਦੋਹਾਂ ਪਸ਼ੂਆਂ ਨੇ ਆਪਣੀਆਂ ਅੱਖਾਂ ਤੇ ਨਾਸਾਂ ਅੱਡੀਆਂ ਹੋਈਆਂ ਸਨ। ਝੋਟਾ ਪੈਰਾਂ ਨਾਲ ਵਾਰ ਵਾਰ ਖੌਰੂ ਪਾਉਂਦਾ ਸੀ ਤੇ ਬੌਲਦ ਸਿੰਙਾਂ ਨੂੰ ਤਾਣ ਕੇ ਮੁੜ ਮੁੜ ਝੱਈਆਂ ਲੈਂਦਾ ਸੀ।

ਜਦ ਭੀੜ-ਭੜੱਕੇ ਵਿਚ ਦੋਹਾਂ ਦੇ ਸਿੰਗ ਫਸ ਗਏ ਤਾਂ ਕਈ ਲੋਕ ਬਾਂਸ ਤੇ ਡਾਂਗਾਂ ਚੁੱਕੀ ਉਨ੍ਹਾਂ ਦੇ ਦੁਆਲੇ ਹੋ ਗਏ ਤੇ ਉਨ੍ਹਾਂ ਦੇ ਸਿੰਙਾਂ ਉਤੇ ਤਾਬੜ-

ਤੋੜ ਸੱਟਾਂ ਜੜਨ ਲੱਗ ਪਏ। ਉਨ੍ਹਾਂ ਵਿਚ ਇਕ ਬਾਣੀਆਂ ਵੀ ਸੀ। ਹਰ ਸੱਟ ਮਾਰਨ ਪਿਛੋਂ ਤ੍ਰਭਕ ਕੇ ਉਹ ਪਿਛੇ ਜਾ ਪੈਂਦਾ ਪਰ ਇਕ ਗਿੱਦੜ-ਬਹਾਦਰੀ ਨਾਲ ਖਿਝਿਆ ਹੋਇਆ ਉਹ ਫਿਰ 'ਦੋਵੇਂ ਹੱਥ ਉਤਾਂਹ ਚੁਕਦਾ ਤੇ ਸੋਟੀ ਕੱਢ ਮਾਰਦਾ। ਇਹ ਬਾਣੀਆਂ, ਜਿਹੜਾ ਜ਼ਿੰਦਗੀ ਵਿਚ ਸਦਾ ਨਿਉਂ ਕੇ ਤੇ ਡਰ ਕੇ ਰਹਿੰਦਾ ਸੀ, ਜਿਹੜਾ ਕਿਸੇ ਨਾਲ ਝਗੜਾ ਸਹੇੜਨ ਦਾ ਹੀਆ ਨਹੀਂ ਸੀ ਰੱਖਦਾ, ਜਿਹੜਾ ਕਿਸੇ ਦੀਆਂ ਝਿੜਕਾਂ ਸੁਣ ਕੇ ਅੰਦਰ ਹੀ ਅੰਦਰ ਪੀ ਜਾਂਦਾ ਸੀ, ਹੁਣ ਸ਼ੇਰ ਹੋਇਆ ਡਾਂਗਾਂ ਚੁਕ ਰਿਹਾ ਸੀ ਤੇ ਦਬਾ-ਦਬ ਗਾਲ੍ਹਾਂ ਕੱਢ ਰਿਹਾ ਸੀ। ਜਦੋਂ ਝੋਟਾ ਜਾਂ ਬੌਲਦ ਕਿਸੇ ਇਕ ਪਾਸੇ ਉਲਰਦਾ। ਉਹ ਭੱਜ ਕੇ ਨੇੜੇ ਦੇ ਧੜ੍ਹੇ ਉਤੇ ਜਾ ਚੜ੍ਹਦਾ ਤੇ ਉਥੋਂ ਗਾਲ੍ਹਾਂ ਕੱਢਣ ਲੱਗਦਾ। ਸ਼ਾਇਦ ਇਕ ਉਸੇ ਦਾ ਜੀ ਕਰਦਾ ਸੀ ਕਿ ਇਹ ਬੌਲਦਾਂ ਦੀ ਲੜਾਈ ਨਾ ਮੁੱਕੇ ਤੇ ਉਹ ਆਪਣੇ ਜੀਵਨ-ਭਰ ਦਾ ਜ਼ਬਤ ਇਨ੍ਹਾਂ ਪਸ਼ੂਆਂ ਉਤੇ ਈ ਕੱਢ ਲਵੇ।

ਛੇਕੜ ਉਨ੍ਹਾਂ ਦੇ ਸਿੰਙ ਇਕ ਦੂਜੇ ਦੇ ਕੁੰਡਲਾਂ ਵਿਚੋਂ ਨਿਕਲ ਗਏ। ਦੋਵੇਂ ਹੜ-ਬੜਾ ਕੇ ਵੱਖ ਵੱਖ ਪਾਸਿਆਂ ਨੂੰ ਦੌੜ ਪਏ। ਇਕ ਬੁੱਢੀ ਬੌਲਦ ਹੇਠਾਂ ਦੱਬੀ ਗਈ। ਕਈ ਲੋਕ ਭੱਜੇ ਭੱਜੇ ਇਕ ਦੂਜੇ ਦੇ ਪੈਰਾਂ ਨਾਲ ਦਰੜੇ ਗਏ, ਤੇ ਉਹ ਬਾਣੀਆਂ ਆਪਣੀ ਧੋਤੀ ਵਿਚ ਉਲਝ ਕੇ ਡਿੱਗ ਪਿਆ। ਸੰਢਿਆਂ ਦੀ ਲੜਾਈ ਦੇਖ ਕੇ ਅਸੀਂ ਘਰ ਪਰਤੇ। ਰਸਤੇ ਵਿਚ ਖੂਹ ਦੇ ਕੋਲ ਛੋਟੇ ਜਿਹੇ ਚੁਬੱਚੇ ਵਿਚ ਅਸੀਂ ਫੱਟੀਆਂ ਪੋਚਣ ਬੈਠ ਗਏ। ਇਸ ਛੋਟੇ ਜਿਹੇ ਚੁਬੱਚੇ ਦੀਆਂ ਕੰਧਾਂ ਨਾਲ ਅਸਫ਼ੰਜ ਵਰਗੀ ਕਾਲੀ ਹਰਿਆਵਲੀ ਦੀਆਂ ਲੀਰਾਂ ਲਮਕਦੀਆਂ ਸਨ, ਤੇ ਕਈ ਡੱਡੂ ਲੰਮੀਆਂ ਲੰਮੀਆਂ ਟੰਗਾਂ ਮਾਰਦੇ ਤੈਰਦੇ ਫਿਰਦੇ ਸਨ।

ਮੈਂ ਗਾਚਣੀ ਮਲ ਕੇ ਫੱਟੀ ਉਤੇ ਹੱਥ ਫੇਰਦਾ ਹੋਇਆ ਉਹਦੀ ਤਹਿ ਨੂੰ ਪੱਧਰਾ ਕਰਦਾ ਸਾਂ ਕਿ ਇਕ ਮੋਟਾ ਡੱਡੂ ਛਾਲ ਮਾਰ ਕੇ ਮੇਰੇ ਜੁੱਤੇ ਦੀ ਚੁੰਝ ਉਤੇ ਆ ਕੁੱਦਿਆ। ਮੈਂ ਚੀਖ਼ ਕੇ ਪਿਛਾਂਹ ਹਟਿਆ ਤੇ ਮੇਰੇ ਠੇਡੇ ਨਾਲ ਗਾਚਣੀ ਚੁਬੱਚੇ ਵਿਚ ਜਾ ਪਈ, ਹੇਠਾਂ, ਜਿੱਥੇ ਬਾਹਰ ਨਿਕਲੇ ਡੇਲਿਆਂ ਵਾਲੇ ਡੱਡੂ ਬੈਠੇ ਸਨ।

ਜੱਗੂ ਜ਼ੋਰ ਜ਼ੋਰ ਦੀ ਹੱਸ ਪਿਆ। ਉਹ ਡੱਡੂਆਂ ਤੋਂ ਉੱਕਾ ਨਹੀਂ ਸੀ ਡਰਦਾ, ਸਗੋਂ ਕਈ ਵਾਰ ਫੱਟੀ ਮਾਰ ਕੇ ਉਨ੍ਹਾਂ ਨੂੰ ਭੋਂ ਤੇ ਵਿਛਾ ਦੇਂਦਾ ਸੀ।

ਮੈਨੂੰ ਕਿਸੇ ਨੇ ਦੱਸਿਆ ਸੀ ਕਿ ਡੱਡੂ ਧਰਤੀ ਉਤੇ ਤਾਂ ਕੁਝ ਨਹੀਂ

ਆਖਦੇ ਪਰ ਪਾਣੀ ਵਿਚ ਡਾਢਾ ਕੱਟਦੇ ਸਨ । ਮੈਂ ਜੱਗੂ ਦੇ ਹਾੜੇ ਕੱਢਣ ਲੱਗ ਪਿਆ, ''ਕੀ ਹੋਇਆ, ਮੇਰਾ ਆੜੀ ਨਹੀਂ ਫੇਰ ? ਜ਼ਰਾ ਗਾਚਣੀ ਚੁੱਕ ਦੇ ਖਾਂ।''

ਉਹ ਉੱਚੀ ਉੱਚੀ ਹੱਸਦਾ ਰਿਹਾ, ਘੱਗੀ ਉਖੜੀ ਹੋਈ ਮੋਟੀ ਹਾਸੀ ਜਿਵੇਂ ਕਿਸੇ ਬੁੱਢੇ ਦੀ ਹੁੰਦੀ ਹੈ । ਤੇ ਫੱਟੀ ਨਾਲ ਪਾਣੀ ਫੰਡਣ ਲੱਗ ਪਿਆ ।

ਮੈਂ ਮੂੰਹ ਫੁਲਾ ਲਿਆ ਤੇ ਦੰਦਾਂ ਵਿਚ ਚੀਚੀ ਤੇ ਅਗਲੀ ਉਂਗਲ ਖਿੱਚ ਕੇ ਮੁੜ ਆਖਿਆ, ''ਚੰਗਾ ਨਹੀਂ ਕੱਢਦਾ ਤਾਂ ਫਿਰ ਮੇਰੀ ਤੇਰੀ ਆੜੀ ਟੁਕ ।''

ਉਹ ਆਖਣ ਲੱਗਾ, ''ਯਾਰ, ਤੂੰ ਤਾਂ ਐਵੇਂ ਹੀ ਔਖਾ ਹੋਣ ਲੱਗ ਪੈਂਦਾ ਏਂ, ਕੱਢਦਾ ਤਾਂ ਹਾਂ ।''

ਮੈਂ ਬੁਲ੍ਹਾਂ ਨਾਲ ਚੀਚੀ ਤੇ ਉਂਗਲ ਜੋੜ ਲਈ ।

''ਮੈਂ ਕਿਹੜਾ ਟੁਕ ਕੀਤੀ ਐ ਹਾਲੇ, ਮੈਂ ਤੈਨੂੰ ਵੇਖਦਾ ਸਾਂ'' ਮੈਂ ਆਖਿਆ। ਉਹ ਬੂਟਾਂ ਸਣੇ ਪਾਣੀ ਵਿਚ ਉਤਰ ਗਿਆ । ਥੱਲਾ ਬਹੁਤ ਚੀਕਣਾ ਹੋਣ ਕਰਕੇ ਉਸ ਦਾ ਪੈਰ ਤਿਲਕ ਪਿਆ, ਪਰ ਉਸ ਕੰਢੇ ਉਤੇ ਅਰਕਾਂ ਲਾ ਕੇ ਆਪਣੇ ਆਪ ਨੂੰ ਬੋਚ ਲਿਆ । ਲਾਲ ਕੋਟ ਦੀਆਂ ਬਾਹਵਾਂ ਚੜ੍ਹਾਈ, ਕੋੜਾ ਹੋਇਆ ਉਹ ਵਾਰ ਵਾਰ ਪੈਰਾਂ ਹੱਥਾਂ ਨਾਲ ਗਾਚਣੀ ਟੋਂਹਦਾ ਸੀ, ਪਰ ਡੱਡੂਆਂ ਵਾਂਗ ਗਾਚਣੀ ਵੀ ਤਿਲਕ ਤਿਲਕ ਪੈਂਦੀ । ਛੇਕੜ ਬਹੁਤ ਖਿੱਝ ਕੇ ਉਹ ਦੋਹਾਂ ਹੱਥਾਂ ਨਾਲ ਲੱਭਣ ਲੱਗ ਪਿਆ ਤੇ ਪੰਜ ਸੱਤ ਮਿੰਟ ਦੀ ਟੋਲ ਨਾਲ ਗਾਚਣੀ ਫੜੀ, ਉਸ ਨੇ ਸਿਰ ਉਤਾਂਹ ਚੁੱਕਿਆ । ਮੇਰੀਆਂ ਅੱਖਾਂ ਉਸ ਦੀ ਬੇਲਾਗ ਮਿੱਤਰਤਾ ਤੇ ਭਰੋਸੇ ਨਾਲ ਚਮਕ ਉਠੀਆਂ । ਦੋ ਉਂਗਲਾਂ ਮੈਂ ਅੱਗੇ ਕਰ ਕੇ ਗਾਚਣੀ ਫੜ ਲਈ । ਜੱਗੂ ਦਾ ਸਾਰਾ ਪਜਾਮਾ ਗੜੁੱਚ ਸੀ ਤੇ ਗਰਮ ਲਾਲ ਕੋਟ ਦੀਆਂ ਮੋਹਰੀਆਂ ਤੇ ਜੇਬਾਂ ਵਿਚੋਂ ਪਾਣੀ ਚੋਂਦਾ ਸੀ । ਉਹ ਦੋਵੇਂ ਹੱਥ ਕੰਢੇ ਉਤੇ ਟਿਕਾ ਫੇਰ ਬਾਹਰ ਆ ਗਿਆ ।

ਗਾਚਣੀ ਸਾਂਭ ਕੇ ਜੇਬ ਵਿਚ ਪਾਉਂਦਿਆਂ ਮੈਂ ਪੁੱਛਿਆ, ''ਤੈਨੂੰ ਕਿਸੇ ਡੱਡੂ ਨੇ ਤਾਂ ਨਹੀਂ ਸੀ ਕੱਟਿਆ ?''

''ਨਹੀਂ'' ਉਸ ਜੁਆਬ ਦਿੱਤਾ, ''ਤੇ ਤੂੰ ਆੜੀ ਤਾਂ ਨਹੀਂ ਟੁੱਕ ਕੀਤੀ ?''
ਮੈਂ ਆਖਿਆ, ''ਨਹੀਂ ਤਾਂ ।''

[illegible]ਲਾਂ ਹੋ ਚੁਕੀਆਂ ਸਨ । ਮੇਲੇ ਵਿਚੋਂ ਉਡਦੀ ਧੂੜ, ਜਿਹੜੀ ਕੁਝ ਚਿਰ ਪਹਿਲਾਂ ਸੂਰਜ ਦੀ ਗ਼ਰਕਦੀ ਰੋਸ਼ਨੀ ਨਾਲ ਪੀਲੀ ਗੁਲਾਬੀ ਸੀ, ਹੁਣ ਜਿਸਤੀ ਰੰਗ ਵਿਚ ਡੁੱਬੀ ਜਾਪਦੀ ਸੀ । ਉਸ ਨੇ ਬੂਟ ਪਾ ਲਏ । ਸੁੰਗੜੇ ਗਿੱਲੇ ਪਜਾਮੇ ਨੂੰ ਝਾੜ ਕੇ ਖੁੱਚਾਂ ਤੀਕ ਚੜ੍ਹਾ ਲਿਆ, ਅਤੇ ਅਸੀਂ ਸਾਰੇ ਜਣੇ ਫੱਟੀਆਂ ਘੁਕਾਉਂਦੇ ਤੇ ਸੁਕਾਉਂਦੇ ਘਰਾਂ ਨੂੰ ਮੁੜ ਪਏ ।

# ਸੱਤ

ਅੱਧੀ ਛੁੱਟੀ ਵੇਲੇ ਸਭਨਾਂ ਜਮਾਤਾਂ ਦੀ ਫ਼ੌਜ ਅਮੀ ਚੰਦ ਦੀ ਦੁਕਾਨ ਉਤੇ ਹੱਲਾ ਬੋਲ ਦੇਂਦੀ। ਬਰੋਟੇ ਹੇਠ ਮੰਜੀ ਉਤੇ ਬੈਠੇ ਮਾਸਟਰ ਹੁੱਕੇ ਤੇ ਗਾਂਜੇ ਦਾ ਦਮ ਲਾਉਂਦੇ ਰਹਿੰਦੇ। ਅਮੀ ਚੰਦ ਤੋਂ ਗਾਹਕੀ ਸੰਭਾਲੀ ਨਾ ਜਾਂਦੀ। ਉਹ ਪੈਸੇ ਫੜਨ ਲਈ ਹੱਥ ਅੱਗੇ ਕਰਦਾ ਪਰ ਸੱਭੇ ਉਹਦੀ ਤੱਪੜੀ ਉਤੇ ਚਲਾ ਕੇ ਮਾਰਦੇ, ਜਿੱਥੇ ਪਹਿਲਾ ਪੈਸਿਆਂ ਦਾ ਢੇਰ ਲੱਗਿਆ ਹੁੰਦਾ। ਨਵਾਂ ਪੈਸਾ ਖਣਕਦਾ ਹੋਇਆ ਉਨ੍ਹਾਂ ਵਿਚ ਜਾ ਮਿਲਦਾ। ਚੁੱਪ ਚਾਪ, ਬਿਨਾਂ ਖੜਕਾਏ ਹੱਥ ਵਿਚ ਪੈਸਾ ਫੜਾ ਦੇਣਾ ਸਾਨੂੰ ਬੜਾ ਰੁੱਖਾ ਜਿਹਾ ਜਾਪਦਾ।

ਬਾਹਰ ਲੱਕੜ ਦਾ ਇਕ ਢੋਲ ਪਾਣੀ ਨਾਲ ਭਰਿਆ ਰਹਿੰਦਾ ਜਿਸ ਦੀ ਟੂਟੀ ਨੂੰ ਮੁੰਡੇ ਮੂੰਹ ਲਾ ਕੇ ਵਾਰੀ ਵਾਰੀ ਪਾਣੀ ਪੀਂਦੇ ਰਹਿੰਦੇ। ਲੱਕੜ ਦਾ ਢੋਲ ਇਤਨਾ ਰੁੱਝਿਆ ਰਹਿੰਦਾ ਕਿ ਉਸ ਨੂੰ ਕਦੀ ਸਾਫ਼ ਹੋਣ ਦੀ ਵਿਹਲ ਨਹੀਂ ਸੀ ਮਿਲੀ। ਉਸ ਦੀਆਂ ਵਿਰਲਾਂ ਵਿਚ ਹਰੀ ਕਾਈ ਜੰਮੀ ਰਹਿੰਦੀ। ਜਦ ਤੀਜੇ ਚੌਥੇ ਸਾਲ ਪਿਛੋਂ ਡਾਇਰੈਕਟਰ ਸਾਹਿਬ ਦੌਰਾ ਮਾਰਦੇ ਤਾਂ ਕਿਤੇ ਇਸ ਢੋਲ ਦੀ ਕਿਸਮਤ ਜਾਗਦੀ। ਖੁਰਚਨੀ ਨਾਲ ਇਸ ਦੀ ਹਰੀ ਕਾਈ ਉਤਾਰੀ ਜਾਂਦੀ ਤੇ ਸਕੂਲ ਦਿਆਂ ਤਖ਼ਤਿਆਂ ਤੋਂ ਬਚਿਆ ਖੁਚਿਆ ਗੇਰੂ ਇਸ ਦੇ ਬਾਹਰਲੇ ਪਾਸੇ ਥੱਪ ਦਿੱਤਾ ਜਾਂਦਾ।

ਡਰਿੱਲ ਦੇ ਘੰਟੇ ਹੈਡ ਮਾਸਟਰ ਸਾਹਿਬ ਦੇ ਹੁਕਮ ਨਾਲ ਸਾਨੂੰ ਹਾਕੀ ਦੀ ਫ਼ੀਲਡ ਦੀਆਂ ਰੋੜੀਆਂ ਚੁਗਣ ਜਾਂ ਸਕੂਲ ਦੇ ਇਕ ਖੂੰਜੇ ਪਏ ਰੇਤੇ ਦੇ ਟਿੱਬਿਆਂ ਨੂੰ ਠੀਕ ਕਰਨ ਲਈ ਲਾ ਦਿੱਤਾ ਜਾਂਦਾ। ਸਕੂਲ ਦਾ ਫੰਡ ਥੁੜ ਗਿਆ ਸੀ। ਇਸ ਲਈ ਮਜ਼ਦੂਰਾਂ ਦੀ ਥਾਂ ਛੋਟੀ ਜਮਾਤ ਦੇ ਮੁੰਡਿਆਂ ਤੋਂ ਕੰਮ ਲੀਤਾ ਜਾਂਦਾ ਸੀ। ਸਾਡਾ ਡਰਿੱਲ ਮਾਸਟਰ, ਜੋ ਫ਼ੌਜ ਤੋਂ ਪੈਨਸ਼ਨ ਲੈ ਕੇ ਆਇਆ ਸੀ, ਹੱਥ ਵਿਚ ਚਾਂਦੀ ਦੇ ਮੁੱਠੇ ਵਾਲੀ ਕਾਲੇ ਚੰਮ ਦੀ ਛਮਕੀ ਰੱਖਦਾ। ਹਰ ਵੇਲੇ ਉਹ ਆਪਣੀ ਸੰਘਣੀ ਦਾਹੜੀ ਦੀ ਡੋਰੀ ਠੀਕ ਕਰਦਾ ਰਹਿੰਦਾ ਜਾਂ ਮੁੱਛਾਂ ਵੱਟਦਾ ਰਹਿੰਦਾ। ਜਦ ਕੋਈ ਮੁੰਡਾ ਇਧਰ ਉਧਰ ਹੋ ਜਾਂਦਾ, ਉਹ ਆਪਣੀ ਛਮਕੀ ਹਿਲਾਉਂਦਾ ਹੋਇਆ ਲਲਕਾਰਦਾ, "ਸਿੱਧਾ ਨਹੀਂ ਖੜਾ ਹੋਈਦਾ ? ਬਣਾਵਾਂ ਤੇਰੀ ਚਾਂਦੀ ?"

ਸਕੂਲ ਦੇ ਦਰਵਾਜ਼ੇ ਤੋਂ ਬਾਹਰ ਨਿੰਮ ਹੇਠ ਚਾਟ ਵਾਲੇ, ਚੂਰਨ ਵਾਲੇ, ਛੋਲਿਆਂ ਵਾਲੇ ਤੇ ਬਰਫ਼ ਵੇਚਣ ਵਾਲੇ ਅੱਧੀ ਛੁੱਟੀ ਦੀ ਉਡੀਕ ਵਿਚ ਬੈਠੇ ਰਹਿੰਦੇ। ਮੇਰਾ ਜੀ ਇਨ੍ਹਾਂ ਸਭਨਾਂ ਪਦਾਰਥਾਂ ਲਈ ਕਾਹਲਾ ਪੈ ਜਾਂਦਾ। ਖ਼ਰਚਣ ਨੂੰ ਸਿਰਫ਼ ਇਕ ਪੈਸਾ ਤੇ ਚੀਜ਼ਾਂ ਇਤਨੀਆਂ!

ਰੰਗੀ ਹੋਈ ਬਰਫ਼ ਦੇ ਖਡੌਣੇ ਵੇਚਣ ਵਾਲਾ ਘੰਟੀ ਵਜਾ ਕੇ ਹੋਕਾ ਦਿੰਦਾ, "ਰੰਗ ਦੀ ਗਲਾਸੀ ਪੈਸੇ ਨੂੰ; ਹਰੀਅਲ ਤੋਤਾ ਪੈਸੇ ਨੂੰ!" ਉਸ ਦੇ ਹੱਥ ਵਿਚ ਫੜਿਆ ਬਰਫ਼ ਦਾ ਤੋਤਾ ਖਾਣ ਲਈ ਮੈਂ ਬੇਸਬਰਾ ਹੋ ਜਾਂਦਾ। ਤੂਤਾਂ ਹੇਠ ਖੜਾ ਬਹੁਤ ਚਿਰ ਤੀਕ ਮੈਂ ਉਨ੍ਹਾਂ ਨੂੰ ਤੱਕਦਾ ਰਹਿੰਦਾ।

ਗਲੀ ਵਿੱਚ ਤੁਰਦਾ ਹੋਇਆ ਮੈਂ ਕਦੇ ਸਿੱਧਾ ਨਹੀਂ ਸੀ ਚਲਦਾ। ਰਾਹ ਵਿਚ ਪਏ ਕਿਸੇ ਪੱਥਰ ਯਾ ਰੋੜੇ ਨੂੰ ਕਰਿਕਟ ਦੀ ਗੇਂਦ ਸਮਝ ਕੇ ਕਿਸੇ ਤੁਰੇ ਜਾਂਦੇ ਲੈਂਡਰ ਕੁੱਤੇ ਦੀਆਂ ਖ਼ਿਆਲੀ ਵਿਕਟਾਂ ਉਤੇ ਮਾਰਦਾ। ਉਹ ਚਿਆਂਗਦਾ ਹੋਇਆ ਪਿਛੇ ਮੂੰਹ ਭੁਵਾਈ ਡਰਦਾ ਹੋਇਆ ਨੱਸ ਪੈਂਦਾ ਤੇ ਮੈਂ ਸਮਝਦਾ ਕਿ ਗੇਂਦ ਨਿਸ਼ਾਨੇ ਉਤੇ ਬੈਠੀ ਤੇ ਵਿਚਕਾਰਲੀ ਵਿਕਟ ਸਾਫ਼ ਗਈ।

ਸੂਤਲੀ ਨਾਲ ਮੜ੍ਹਿਆ ਹੋਇਆ ਲੀਰਾਂ ਦਾ ਖਿੱਦੋ ਸਾਨੂੰ ਇੱਟ ਵਰਗੀ ਕਰੜੀ ਚਮੜੇ ਦੀ ਗੇਂਦ ਨਾਲੋਂ ਸੌ ਦਰਜੇ ਪਿਆਰਾ ਸੀ। ਸਾਡੀ ਬਿਨ-ਪੋਚੀ ਫੱਟੀ ਬੈਟ ਹੁੰਦੀ ਤੇ ਚਾਰ ਪੰਜ ਸਾਬਤ ਇੱਟਾਂ ਇਕ ਦੂਜੀ ਉਤੇ ਖੜੀਆਂ ਕਰ ਕੇ ਵਿਕਟਾਂ ਬਣ ਜਾਂਦੀਆਂ। ਐਤਵਾਰ ਨੂੰ ਅਸੀਂ ਇਹ ਸਾਮਾਨ ਚੁੱਕ ਕੇ ਵੱਡੇ ਟੋਭੇ ਦੇ ਕੰਢੇ ਚਲੇ ਜਾਂਦੇ ਅਤੇ ਸੰਝ ਤੀਕ ਖੇਡਦੇ ਰਹਿੰਦੇ। ਜਦੋਂ ਵਾਪਸ ਘਰ ਮੁੜਦੇ ਤਾਂ ਇਕ ਦੂਜੀ ਦੀ ਲੰਮੀ ਛਾਂ ਉਤੇ ਤੁਰਨ ਲਈ ਦੌੜਦੇ। ਹਰ ਇਕ ਜਣਾ ਇਹੋ ਚਾਹੁੰਦਾ ਕਿ ਉਹ ਦੂਜੇ ਦੇ ਸਿਰ ਨੂੰ ਆਪਣੀ ਅੱਡੀ ਹੇਠ ਲਤਾੜਦਾ ਹੋਇਆ ਉਸ ਦੇ ਉਤੋਂ ਦੀ ਲੰਘ ਜਾਵੇ। ਬਾਹਰ ਚਰਦਾ ਵੱਗ ਆਪਣੇ ਖੁਰਾਂ ਨਾਲ ਧੂੜ ਉਡਾਂਦਾ ਹੋਇਆ ਵਾਪਸ ਘਰ ਨੂੰ ਆ ਰਿਹਾ ਹੁੰਦਾ। ਸੂਰਜ ਦੀਆਂ ਛੇਕੜਲੀਆਂ ਕਿਰਨਾਂ ਵਿਚ ਨਿੰਮੀ ਨਿੰਮੀ ਖੱਖ ਗੁਲਾਬੀ ਭੂਰ ਵਾਂਗ ਜਾਪਦੀ। ਗਾਈਆਂ ਦੇ ਗਲ ਬੰਨ੍ਹੇ ਟੱਲ ਵਾਯੂ ਵਿਚ ਇਕ ਮਧੁਰ "ਡਿੰਗ ਡਿੰਗ" ਭਰ ਦਿੰਦੇ। ਉਨ੍ਹਾਂ ਦੀਆਂ ਟੱਲੀਆਂ ਵਿਚੋਂ ਖੇਤਾਂ ਦੀ ਖ਼ੁਸ਼ਬੂ ਤੇ ਖੁਲ੍ਹੀ ਹਵਾ ਦੀ ਮਿਠਾਸ ਡੁਲ੍ਹਦੀ ਜਾਪਦੀ। ਤੀਵੀਆਂ ਸਰ੍ਹੋਂ ਦੀਆਂ ਗੰਦਲਾਂ ਚੁੱਕੀ ਖੇਤਾਂ ਤੋਂ ਘਰਾਂ ਨੂੰ ਵਾਪਸ ਆਉਂਦੀਆਂ ਮਿਲਦੀਆਂ। ਬੌਲਦਾਂ ਦੇ ਚਾਰੇ ਨਾਲ ਲੱਦੇ ਹੋਏ ਗੱਡੇ ਰਾਹ ਵਿਚ ਨਰੋਈ, ਸੱਜਰੀ ਵਾਸ਼ਨਾ ਖਿਲਾਰਦੇ ਹੁੰਦੇ। ਬੱਕਰੀਆਂ ਦਾ ਇੱਜੜ ਮਗਜਾਲੀ ਮਾਰਦਾ ਸਾਡੇ ਅੱਗੇ-ਪਿੱਛੇ ਹੋ ਲੈਂਦਾ। ਕਈ

ਬੱਕਰੀਆਂ ਦੇ ਥਣਾਂ ਉੱਤੇ ਆਟਾ ਲਿਪਿਆ ਹੁੰਦਾ, ਮਤਾ ਉਨ੍ਹਾਂ ਦੇ ਮੇਮਣੇ ਚੁੰਘ ਨਾ ਜਾਣ। ਡੱਬ-ਖੜੱਬੀਆਂ ਬੱਕਰੀਆਂ ਵਿਚ ਬੋਕ ਆਪਣੀ ਦਾਹੜੀ ਹਿਲਾਉਂਦਾ ਇਕ ਬਜ਼ੁਰਗ ਵਾਂਗ ਤੁਰਿਆ ਜਾਂਦਾ। ਵਾਗੀ ਦੇ ਟੋਕਣ ਝਿੜਕਣ ਦੇ ਬਾਵਜੂਦ ਅਸੀਂ ਆਪਣੀ ਇਕ ਇਕ ਬੱਕਰੀ ਮੱਲ ਲੈਂਦੇ, ਚਿੱਟੇ ਡੱਬਾਂ ਵਾਲੀ ਮੇਰੀ ਏ ! ਕੁੰਡਲਦਾਰ ਸਿੰਗਾਂ ਵਾਲੀ ਮੇਰੀ ! ਕਾਲੀ ਪੂਛ ਵਾਲੀ ਮੇਰੀ ! ਆਪਣੇ ਆਪ ਹੀ ਉਨ੍ਹਾਂ ਦੀ ਸਾਂਭ ਦਾ ਜ਼ੁੰਮਾ ਲੈ ਕੇ ਅਸੀਂ ਉਨ੍ਹਾਂ ਦੇ ਨਾਲ ਨਾਲ ਤੁਰ ਪੈਂਦੇ।

ਡਰਦੇ ਡਰਦੇ ਮੈਂ ਆਪਣੀ ਬੱਕਰੀ ਦੀ ਪਿੱਠ ਉੱਤੇ ਹੱਥ ਫੇਰ ਕੇ ਉਸ ਨੂੰ ਪਲੋਸਦਾ। ਉਹ ਆਪਣੀ ਛੋਟੀ ਜਿਹੀ ਪੂੰਛ ਜਿਸ ਵਿਚ ਬਚੀਆਂ ਖੁਚੀਆਂ ਮੇਂਗਣਾਂ ਲੱਗੀਆਂ ਹੁੰਦੀਆਂ, ਝੱਟਕ ਦਿੰਦੀ। ਮੈਨੂੰ ਉਸ ਦਾ ਇਹ ਸੁਭਾਅ ਬਹੁਤ ਚੰਗਾ ਨਾ ਲੱਗਦਾ। ਮੈਂ ਹੋਰ ਵੀ ਪਿਆਰ ਨਾਲ ਉਸ ਦੀ ਚਿਤਕਬਰੀ ਕੰਡ ਪੁਚਕਾਰਦਾ ਤੇ ਉਂਗਲੀਆਂ ਦੇ ਖਰਖਰੇ ਨਾਲ ਉਸ ਦੇ ਵਾਲਾਂ ਵਿਚ ਚੰਬੜੇ ਲਿਹੇ ਉਤਾਰਦਾ, ਪਰ ਉਹ ਮੇਰੇ ਲਾਡ ਪਿਆਰ ਦੀ ਪਰਵਾਹ ਕਰੇ ਬਿਨਾਂ ਓਸੇ ਤਰ੍ਹਾਂ ਤੁਰੀ ਜਾਂਦੀ। ਕਦੇ ਕਦੇ ਜਦ ਬੂਥੀ ਉਤਾਂਹ ਚੁਕ ਕੇ ਆਪਣੀਆਂ ਪੀਲੀਆਂ ਕੌਡੀਆਂ ਵਰਗੀਆਂ ਅੱਖਾਂ ਨਾਲ ਤੱਕਦੀ ਹੋਈ ਖੁੰਢੇ ਸਿੰਙ ਮੇਰੀ ਹਥੇਲੀ ਵਿਚ ਖਭੋ ਦਿੰਦੀ ਤਾਂ ਮੈਂ ਅੱਧਾ ਕੁ ਡਰ ਕੇ ਤੇ ਅੱਧਾ ਕੁ ਗ਼ੁੱਸੇ ਹੋ ਕੇ ਉਸ ਤੋਂ ਆਪਣੇ ਪਿਆਰ ਦਾ ਹੱਥ ਚੁੱਕ ਲੈਂਦਾ, ਤੇ ਦਿਲ ਵਿਚ ਕਹਿੰਦਾ, "ਇਸ ਡੰਗਰ ਤੋਂ ਗਲੀ ਦਾ ਡੱਬੂ ਕੁੱਤਾ ਹੀ ਚੰਗਾ ਜਿਹੜਾ ਰੋਟੀ ਦਾ ਇਕ ਚੱਪਾ ਲੈ ਕੇ ਘੰਟਾ ਭਰ ਪੂੰਛ ਹਿਲਾਉਂਦਾ ਐ।"

ਸਕੂਲ ਦੀਆਂ ਮਿਣੀਆਂ ਗਿਣੀਆਂ ਕਿਤਾਬਾਂ ਤੋਂ ਬਾਹਰ ਮੈਨੂੰ ਕੋਈ ਕਿਤਾਬ ਪੜ੍ਹਨ ਦੀ ਇਜਾਜ਼ਤ ਨਹੀਂ ਸੀ। ਮੈਂ ਬੂਹਾ ਢੋ ਕੇ ਉਸ ਦੀਆਂ ਝੀਤਾਂ ਵਿਚ ਲੀਰੇ ਫਸਾ ਦਿੰਦਾ ਅਤੇ 'ਜੰਗਲੀ ਸ਼ਹਿਜ਼ਾਦੀ', 'ਅਲੀ ਬਾਬਾ', 'ਜਲ ਪਰੀ', 'ਮਾਯਾ ਦਾਸ' ਤੇ 'ਅਨੋਖੇ ਮਾਛੀ' ਦੀਆਂ ਕਹਾਣੀਆਂ ਪੜ੍ਹਨ ਲੱਗ ਪੈਂਦਾ।

ਨਿੰਬੂਆਂ ਦੇ ਦਰਖ਼ਤਾਂ ਹੇਠ ਇਕੱਠੇ ਹੋਏ ਸਾਰੇ ਜਨੌਰਾਂ ਦੀਆਂ ਬੋਲੀਆਂ ਸੁਣਨ ਦਾ ਮੈਨੂੰ ਬਹੁਤ ਚਾਅ ਸੀ। ਚੱਕੀਰਾਹੇ ਤੋਂ ਧਰਤੀ ਹੇਠ ਲੁਕੇ ਖ਼ਜ਼ਾਨਿਆਂ ਦਾ ਭੇਤ ਜਾਨਣ ਲਈ ਮੈਂ ਉਤਾਵਲਾ ਹੋ ਜਾਂਦਾ। ਕਾਸ਼ ! ਕਾਲੀ ਰਾਤ ਦੀਆਂ ਕੰਧਾਂ ਟੱਪ ਕੇ ਮੈਂ ਵੀ ਕਿਸੇ ਬੋਹੜ ਦੀ ਖੋਹ ਵਿਚ ਬੈਠੇ ਚਕਵੇ ਚਕਵੀ ਦੀਆਂ ਗੱਲਾਂ ਸੁਣ ਸਕਦਾ ਤੇ ਰਾਜੇ ਦੀ ਧੀ ਦਾ ਇਲਾਜ ਕਰ ਸਕਦਾ। ਸੋਨੇ ਦੇ ਕੇਸਾਂ ਵਾਲੀ ਸ਼ਹਿਜ਼ਾਦੀ ਦਾ ਇਲਾਜ, ਜਿਹੜੀ ਫਿਰ ਮੇਰੇ ਨਾਲ ਹੀ ਵਿਆਹੀ ਜਾਂਦੀ।

ਸਿਆਲੇ ਨੂੰ ਕੇਵਲ ਤੇ ਮੈਂ ਦੋਵੇਂ ਇਕੋ ਮੰਜੀ ਤੇ ਸੌਂਦੇ। ਦਿਨ ਵੇਲੇ ਉਹ ਮੇਰੇ ਕਈ ਛੋਟੇ ਮੋਟੇ ਕੰਮ ਕਰ ਦਿੰਦਾ, ਜਿਸ ਬਦਲੇ ਮੈਂ ਰੋਜ਼ ਉਹਨੂੰ ਸੌਣ ਲੱਗੇ ਇਕ ਸੱਚੀ ਕਹਾਣੀ ਸੁਣਾਉਂਦਾ।

ਇਕ ਦਿਨ ਮੇਰੇ ਸਿਰ ਵਿਚ ਪੀੜ ਹੁੰਦੀ ਸੀ। ਉਹ ਕਹਾਣੀ ਸੁਣਨ ਦੀ ਗੌਂ ਨਾਲ ਬਹੁਤ ਚਿਰ ਤਕ ਮੇਰੀਆਂ ਪੁੜਪੁੜੀਆਂ ਘੁੱਟਦਾ ਰਿਹਾ, ਤੇ ਮੈਂ ਕਹਾਣੀ ਆਖਣ ਲੱਗਾ, "ਇਕ ਚਰਾਂਦ ਵਿਚ ਇਕ ਬੌਲਦ ਰਹਿੰਦਾ ਸੀ।"

"ਹੂੰ" ਉਸ ਹੁੰਗਾਰਾ ਭਰਿਆ।

"ਇਕ ਦਿਨ ਲੂੰਮੜੀ ਨੇ ਆ ਕੇ ਬੌਲਦ ਨੂੰ ਆਖਿਆ ਕਿ ਦੂਸਰੇ ਪਾਸਿਓਂ ਸ਼ੇਰ ਆਉਂਦਾ ਏ। ਬੌਲਦ ਇਹ ਸੁਣਦਿਆਂ ਸਾਰ ਉਥੋਂ ਨੱਸ ਖੜੋਤਾ। ਅੱਗੇ ਦਰਿਆ ਪੈਂਦਾ ਸੀ। ਉਸ ਦੇ ਮਿੱਤਰ ਮਗਰ-ਮੱਛ ਨੇ ਉਸ ਨੂੰ ਇਸ ਤਰ੍ਹਾਂ ਭੌਂਤਲਿਆਂ ਵੇਖ ਕੇ ਪੁੱਛਿਆ, 'ਯਾਰਾ, ਕੀ ਗੱਲ ਹੈ? ਇਸ ਤਰ੍ਹਾਂ ਹੌਂਕਦਾ ਆਉਨਾ ਏਂ?'

ਬੌਲਦ ਨੇ ਸਿੰਗ ਹਿਲਾ ਕੇ ਆਖਿਆ, "ਕੁਝ ਨਾ ਪੁੱਛ। ਪੀੜ੍ਹੀਆਂ ਤੋਂ ਇਸ ਜੰਗਲ ਵਿਚ ਆਰਾਮ ਨਾਲ ਰਹਿੰਦੇ ਆਉਂਦੇ ਸਾਂ। ਸੁਣਿਆ ਏ ਲਾਗਲੇ ਜੰਗਲ ਵਿਚ ਕਾਲ ਪੈ ਗਿਆ ਤੇ ਸ਼ੇਰ ਇਧਰ ਤੁਰਿਆ ਆਉਂਦਾ ਏ।"

ਮਗਰ-ਮੱਛ ਨੇ ਉਸ ਨੂੰ ਹੌਂਸਲਾ ਦਿੱਤਾ, "ਐਵੇਂ ਨਾ ਘਾਬਰ। ਆ ਮੇਰੀ ਪਿੱਠ ਤੇ ਬੈਠ, ਮੈਂ ਤੈਨੂੰ ਪਾਰ ਲੰਘਾ ਦਿੰਦਾ ਹਾਂ।"

ਪਾਰਲੇ ਕੰਢੇ ਪੁੱਜ ਕੇ ਤੱਕਿਆ ਕਿ ਇਕ ਪਾਸਿਓਂ ਰਿੱਛ ਬੁੱਕਦਾ ਆਉਂਦਾ ਹੈ। ਉਹ ਫਿਰ ਤੀਰ ਹੋ ਗਿਆ। ਅੱਗੇ ਇਕ ਟੋਇਆ ਸੀ। ਠੇਡਾ ਖਾ ਕੇ ਘੜੱਮ ਡਿਗਿਆ ਤਾਂ ਪੈਰ ਨੂੰ ਮੋਚ ਆ ਗਈ। ਰਿੱਛ ਚੰਘਿਆੜਦਾ ਹੋਇਆ ਉਸ ਵਲ ਦੌੜਿਆ। ਬੌਲਦ ਲਙਾਂਦਾ ਲਙਾਂਦਾ ਭੱਜ ਕੇ ਝੱਟ ਇਕ ਪਿੱਪਲ ਉਤੇ ਜਾ ਚੜ੍ਹਿਆ...

ਕੇਵਲ ਨੇ ਮੇਰੇ ਸਿਰ ਨੂੰ ਪਲੋਸਣਾ ਬੰਦ ਕਰ ਦਿੱਤਾ। "ਇਹ ਕਹਾਣੀ ਤਾਂ ਝੂਠੀ ਹੈ" ਉਹ ਆਖਣ ਲੱਗਾ, "ਜ਼ਰੂਰ ਤੂੰ ਆਪਣੇ ਮਨੋਂ ਜੋੜ ਕੇ ਸੁਣਾਉਨਾ ਏਂ।"

ਮੈਂ ਆਖਿਆ, "ਨਹੀਂ, ਉੱਕਾ ਸੱਚੀ ਏ, ਮੈਂ ਤਾਂ ਨਾਨੀ ਤੋਂ ਸੁਣੀ ਸੀ।"

ਕੇਵਲ ਗੁੱਸੇ ਹੋ ਗਿਆ ਤੇ ਕੂਤਰ ਕੇ ਆਖਣ ਲੱਗਾ, "ਜੇ ਬੌਲਦ ਰਾਜ਼ੀ ਹੁੰਦਾ, ਫਿਰ ਤਾਂ ਭਲਾ ਮੈਂ ਮੰਨ ਲੈਂਦਾ ਕਿ ਚਲੋ ਚੜ੍ਹ ਗਿਆ, ਪਰ ਲੰਙਾ ਬੌਲਦ ਵੀ ਕਦੇ ਪਿੱਪਲ ਉਤੇ ਚੜ੍ਹਿਆ ਏ।"

ਮੈਂ ਬਥੇਰਾ ਆਖਿਆ, ਕਿ ਇਹ ਗੱਲ ਬਿਲਕੁਲ ਸਚ ਏ। ਲੰਙਾ ਤੇ

ਤੰਦਰੁਸਤ ਬੌਲਦ, ਦੋਵੇਂ ਸੌਖ ਨਾਲ ਪਿੱਪਲ ਉੱਤੇ ਚੜ੍ਹ ਸਕਦੇ ਹਨ, ਪਰ ਉਹ ਆਖਦਾ ਸੀ "ਤੂੰ ਝੂਠ ਮਾਰਦਾ ਏਂ। ਮੈਨੂੰ ਚੰਗੀ ਤਰ੍ਹਾਂ ਪਤਾ ਏ ਕਿ ਲੰਙੇ ਬੌਲਦ ਤੋਂ ਤਾਂ ਹਿੱਲਿਆ ਵੀ ਨਹੀਂ ਜਾਂਦਾ। ਆਪਣੇ ਵਹਿੜਕੇ ਦੀ ਜਦੋਂ ਪਿਛਲੀ ਲੱਤ ਫੱਟੜ ਹੋ ਗਈ ਸੀ, ਉਸ ਤੋਂ ਉੱਠ ਕੇ ਖੁਰਲੀ ਵਿਚ ਵੀ ਨਹੀਂ ਸੀ ਮੂੰਹ ਪਾਇਆ ਜਾਂਦਾ, ਫਿਰ ਤੇਰਾ ਇਹ ਮੋਚ-ਮਾਰਿਆ ਬੌਲਦ ਪਿੱਪਲ ਉਤੇ ਕਿਵੇਂ ਚੜ੍ਹ ਗਿਆ।"

ਉਸ ਦਿਨ ਮੇਰੀ ਕਹਾਣੀ ਦਾ ਪਾਜ ਖੁਲ੍ਹ ਗਿਆ। ਉਸ ਪਿਛੋਂ ਕੇਵਲ ਨੇ ਮੇਰੀਆਂ ਗੱਲਾਂ ਉਤੇ ਯਕੀਨ ਕਰਨਾ ਛੱਡ ਦਿੱਤਾ ਤੇ ਮੇਰੇ ਛੋਟੇ ਮੋਟੇ ਕੰਮਾਂ ਨੂੰ ਜਵਾਬ ਦੇਣ ਲੱਗ ਪਿਆ। ਸੌਣ ਲੱਗੇ ਬੂਹਾ ਮੈਨੂੰ ਜੜਨਾ ਪੈਂਦਾ, ਬਰਸਾਤੀ ਵਿਚੋਂ ਭੂਆ ਦੀ ਗੀਤਾ ਤੇ ਮਾਲਾ ਚੁੱਕ ਕੇ ਲਿਆਉਣੀ ਪੈਂਦੀ ਤੇ ਬਾਹਰ ਗਲੀ ਵਿਚ ਸੁੱਤੇ ਪਏ ਪਿਤਾ ਜੀ ਲਈ ਦੁੱਧ ਵੀ ਮੈਨੂੰ ਹੀ ਲੈ ਕੇ ਜਾਣਾ ਪੈਂਦਾ।

ਉਸ ਰਾਤ ਮੈਂ ਬਹੁਤ ਚਿਰ ਤੀਕ ਪਿਆ ਪਛਤਾਉਂਦਾ ਰਿਹਾ ਕਿ ਮੈਂ ਐਵੇਂ ਈ ਬੌਲਦ ਨੂੰ ਲੰਙਾ ਕੀਤਾ, ਕੀ ਲੋੜ ਸੀ ਇਸ ਦੀ ?...

ਪਰ ਥੋੜ੍ਹੇ ਚਿਰ ਪਿਛੋਂ ਹੀ ਮੇਰੀਆਂ ਅੱਖਾਂ ਬੇਅੰਤ ਸੁਫਨਿਆਂ ਦੇ ਨਸ਼ੇ ਨਾਲ ਮਿਚਣ ਲੱਗ ਪਈਆਂ ਤੇ ਮੈਂ ਨੀਂਦ ਦੀ ਕੰਡ ਉੱਤੇ ਸਵਾਰ ਹੋ ਕੇ ਸਮੇਂ ਦੇ ਅਥਾਹ ਆਕਾਸ਼ ਵਿਚ ਉੱਡਣ ਲੱਗ ਪਿਆ।

ਸੱਤ ਸਮੁੰਦਰੀਂ ਪਾਰ ਸੋਨੇ ਟਾਪੂ ਵਿਚ ਮੇਰੇ ਜਹਾਜ਼ ਘੋਗਿਆਂ, ਮਣਕਿਆਂ ਤੇ ਸਿੱਪੀਆਂ ਨਾਲ ਲੱਦੇ ਖੜੇ ਹਨ ਤੇ ਮੈਂ ਚੰਦਨ ਦੇ ਜੰਗਲ ਵਿਚ ਸੱਪ-ਸੱਪਣੀਆਂ ਦੇ ਕੁੰਡਲਾਂ ਤੋਂ ਬਚਦਾ ਹੋਇਆ ਸ਼ਹਿਜ਼ਾਦੀ ਟੋਲਣ ਲਈ ਤੁਰ ਪੈਂਦਾ ਹਾਂ। ਮੈਨੂੰ ਕਈ ਦੁੱਧ ਦੇ ਦਰਿਆ ਲੰਘਣੇ ਪੈਂਦੇ ਹਨ। ਅੱਗੇ ਜਾ ਕੇ ਮੈਂ ਇਕ ਬਹੁਤ ਵਡੇ ਬੋਹੜ ਦੀ ਖੋਹ ਵਿਚ ਰਹਿੰਦੀ ਗਟਾਰ ਦੇ ਬੱਚਿਆਂ ਦੀ ਜਾਨ ਬਚਾਉਂਦਾ ਹਾਂ। ਗਟਾਰ ਮੈਨੂੰ ਆਪਣੇ ਖੰਭਾਂ ਉੱਤੇ ਬਿਠਾ ਲੈਂਦੀ ਹੈ ਅਤੇ ਪਹਾੜਾਂ, ਝੀਲਾਂ ਉਤੋਂ ਦੀ ਉਡਦੀ ਹੋਈ ਇਕ ਅਜਿਹੀ ਜਗ੍ਹਾ ਲਿਆ ਖਲ੍ਹਿਆਰਦੀ ਹੈ ਜਿਥੋਂ ਦਿਉਣੀ ਦਾ ਮਹਿਲ, ਜਿਸ ਵਿਚ ਸ਼ਹਿਜ਼ਾਦੀ ਹੈ, ਸਾਫ਼ ਦਿਸਦਾ ਹੈ। ਜਾਂਦੇ ਹੋਏ ਉਹ ਮੈਨੂੰ ਦੱਸਦੀ ਹੈ ਕਿ ਦਿਉਣੀ ਦੀ ਜਾਨ ਪਿੰਜਰੇ ਅੰਦਰ ਬੰਦ ਕੀਤੇ ਤੋਤੇ ਵਿਚ ਹੈ।

ਬੁੱਢੀ ਦਿਉਣੀ ਮੈਨੂੰ ਬੜੇ ਪਿਆਰ ਨਾਲ ਬਿਠਾਉਂਦੀ ਹੈ। ਉਸ ਦੇ ਕੱਲਮ-ਕੱਲੇ ਭਾਂ ਭਾਂ ਕਰਦੇ ਮਹੱਲ ਵਿਚ ਕੋਈ ਆਵਾਜ਼ ਨਹੀਂ। ਉਸ ਦੇ ਬਾਗ਼ ਵਿਚ ਕੋਈ ਪੰਛੀ ਨਹੀਂ ਬੋਲਦਾ, ਸਿਰਫ਼ ਦੂਰ ਟਾਪੂ ਦੇ ਕੰਢੇ ਸਮੁੰਦਰ ਦੀਆਂ ਛਲ ਛਲ

ਕਰਦੀਆਂ ਕਾਂਗਾਂ ਦੇ ਵੈਣ ਸੁਣਾਈ ਦੇਂਦੇ ਹਨ ।

ਇਕ ਦਿਨ ਦਿਉਣੀ ਬਾਹਰ ਗਈ ਹੋਈ ਸੀ । ਮੈਨੂੰ ਦਾਅ ਲੱਗ ਗਿਆ । ਮੈਂ ਪਿੰਜਰੇ ਵਿਚੋਂ ਤੋਤੇ ਨੂੰ ਕੱਢ ਕੇ ਹੱਥ ਵਿਚ ਫੜ ਲਿਆ । ਉਸੇ ਵੇਲੇ ਮੈਂ ਤੱਕਿਆ, ਦਿਉਣੀ ਹੱਥ ਵਿਚ ਸੋਟੀ ਟੇਕਦੀ ਨੱਸੀ ਤੁਰੀ ਆਉਂਦੀ ਹੈ । ਮੈਂ ਝਟ ਪਟ ਤੋਤੇ ਦੀ ਇਕ ਟੰਗ ਮਰੋੜ ਦਿੱਤੀ, ਦਿਉਣੀ ਦੀ ਵੀ ਉਸੇ ਵੇਲੇ ਇਕ ਟੰਗ ਟੁੱਟ ਗਈ । ਪਰ ਉਹ ਉਸੇ ਤਰ੍ਹਾਂ ਲੰਙ ਮਾਰਦੀ ਹੋਈ ਮੇਰੇ ਵੱਲ ਝੱਈ ਲੈ ਕੇ ਬਹੁੜੀ । ਮੈਂ ਝੱਟ ਪਟ ਸਾਰਾ ਜ਼ੋਰ ਲਾ ਕੇ ਤੋਤੇ ਦੀ ਗਰਦਨ ਮਰੋੜ ਦਿੱਤੀ । ਦਿਉਣੀ ਦਾ ਗਾਟਾ ਵੀ ਉਸੇ ਵੇਲੇ ਮੁੱਸ ਗਿਆ...

ਇਕ-ਦਮ ਮੇਰੀ ਵੱਖੀ ਵਿਚ ਜ਼ੋਰ ਦੀ ਕੋਈ ਚੀਜ਼ ਖੁੱਭੀ । ਕੇਵਲ ਨੇ ਲੱਤਾਂ ਮਾਰੀਆਂ ਤੇ ਆਖਿਆ, ''ਓਏ ਠੀਕ ਹੋ ਕੇ ਪੈ । ਮੇਰੀ ਬਾਂਹ ਕਿਉਂ ਮਚਕੋੜਨ ਲੱਗਾ ਏਂ ?''

ਮੈਂ ਉਭੜਵਾਹਾ ਜਾਗ ਉਠਿਆ । ਬਾਹਰ ਮੀਂਹ ਪੈ ਰਿਹਾ ਸੀ । ਮੈਂ ਮੀਂਹ ਦੀ ਕਿਣਮਿਣ ਹੇਠ ਦੱਬੀ ਹੋਈ ਰਾਤ ਵਿਚ ਮੌਤ ਤੇ ਜ਼ਿੰਦਗੀ ਦੀਅ ਜੰਗਾਂ ਲੜ ਰਿਹਾ ਸਾਂ ।

# ਅੱਠ

ਮੇਰੀ ਮਾਂ ਮੈਨੂੰ ਗੁਆਂਢ ਦੇ ਮਰਾਸੀਆਂ ਨਾਲ ਖੇਡਣ ਤੋਂ ਬਥੇਰਾ ਰੋਕ਼ਦੀ, ਪਰ ਮੈਂ ਉਸ ਦੀਆਂ ਗਾਲ੍ਹਾਂ ਝਿੜਕਾਂ ਨੂੰ ਕੁਝ ਨਾ ਜਾਣਦਾ।

ਇਕ ਦਿਨ ਮੈਂ ਤੇ ਹੋਰ ਕਈ ਹਾਣੀ ਸ਼ਾਮ ਨੂੰ ਹੋਲਾਂ ਕਰਨ ਲਈ ਘੀਚਰ ਦੇ ਖੇਤ ਚਲੇ ਗਏ। ਕੱਚੇ ਛੋਲਿਆਂ ਦੇ ਟਹਿ ਟਹਿ ਕਰਦੇ ਬੂਟਿਆਂ ਨੂੰ ਪੁੱਟ ਕੇ ਅਸੀਂ ਇਕ ਥਾਂ ਢੇਰ ਲਾ ਲਿਆ ਅਤੇ ਉਸ ਉਤੇ ਸੁੱਕੇ ਕਰੀਰ ਦੇ ਝਾਫੇ ਰੱਖ ਕੇ ਅੱਗ ਲਾ ਦਿੱਤੀ। ਗਿੱਲੇ ਬੂਟੇ ਚਰੜ ਚਰੜ ਕਰ ਕੇ ਮਚਣ ਲੱਗ ਪਏ ਅਤੇ ਸੱਜਰੀਆਂ ਟਾਟਾਂ ਭੁੱਜ ਕੇ ਕਰਾਰੀਆਂ ਹੋਲਾਂ ਬਣ ਗਈਆਂ।

ਅਸੀਂ ਚਿਰ ਤੀਕ ਦਾਣੇ ਕੱਢ ਕੱਢ ਚੱਬਦੇ ਰਹੇ ਅਤੇ ਕੋਲ ਵਗਦੇ ਖਾਲ 'ਚੋਂ ਪਾਣੀ ਪੀ ਕੇ ਰੱਜੇ ਪੁੱਜੇ ਦਾਈ-ਦੁੱਕੜ ਖੇਡਣ ਲੱਗ ਪਏ। ਮੈਂ ਉੱਕਾ ਭੁੱਲ ਗਿਆ ਕਿ ਸੱਤ ਵਜੇ ਮੈਨੂੰ ਮੌਲਵੀ ਰੱਜਬ ਅਲੀ ਦੇ ਘਰ ਸਵਾਲ ਸਿੱਖਣ ਵੀ ਜਾਣਾ ਸੀ। ਖੇਡਦਿਆਂ ਕਾਫ਼ੀ ਚਿਰ ਹੋ ਗਿਆ। ਜਦ ਮੇਰੇ ਸਿਰ ਦਾਈ ਆਈ ਤਾਂ ਮੈਨੂੰ ਇਕ-ਦਮ ਖ਼ਿਆਲ ਆਇਆ ਕਿ ਮੌਲਵੀ ਸਾਹਿਬ ਦਾ ਹੁੱਕਾ ਉਡੀਕਦਾ ਹੋਵੇਗਾ, ਕਿਉਂਕਿ ਜਦ ਮੈਂ ਮੌਲਵੀ ਸਾਹਿਬ ਦੇ ਘਰ ਜਾਂਦਾ ਤਾਂ ਪਹਿਲਾ ਕੰਮ ਉਨ੍ਹਾਂ ਦਾ ਹੁੱਕਾ ਭਰਨਾ ਹੁੰਦਾ ਸੀ। ਮੈਂ ਸਾਰਿਆਂ ਦੀਆਂ ਵਾਰੋ-ਵਾਰ ਮਿੰਨਤਾਂ ਕੀਤੀਆਂ ਕਿ ਉਹ ਮੈਨੂੰ ਜਾਣ ਦੇਣ ਪਰ ਦਾਈ ਲਏ ਬਾਝੋਂ ਕੋਈ ਹਿੱਲਣ ਕਿਹੜਾ ਦੇਂਦਾ ਸੀ।

ਹੌਲੀ ਹੌਲੀ ਹਨੇਰਾ ਹੋ ਗਿਆ। ਬੋਹੜ ਕਿਸੇ ਧੁੰਦੇ ਵਾਂਗ ਉਂਘਲਾਇਆ ਖੜਾ ਸੀ। ਹਾਲੀ ਤੇ ਲਾਵੇ ਇਕ ਇਕ ਕਰ ਕੇ ਖੇਤ ਵਿਚੋਂ ਚਲੇ ਗਏ। ਆਲੇ-ਦੁਆਲੇ ਦੀ ਸੁੰਝ ਤੋਂ ਇਕ-ਦਮ ਘਬਰਾ ਕੇ ਅਸੀਂ ਛੇਤੀ ਛੇਤੀ ਘਰੀਂ ਪਰਤੇ।

ਮੇਰੇ ਪਿਛੋਂ ਮੇਰੀ ਮਾਂ ਮੈਨੂੰ ਗਲੀ ਵਿਚ ਆਵਾਜ਼ਾਂ ਦੇਂਦੀ ਰਹੀ ਪਰ ਜਦ ਕੇਵਲ ਨੇ ਆ ਕੇ ਆਖਿਆ ਕਿ ਮੈਂ ਤਾਂ ਜੁਲਾਹਿਆਂ ਦੇ ਖੇਤ ਹੋਲਾਂ ਖਾਣ ਗਿਆ ਹਾਂ ਤਾਂ ਉਹਨੂੰ ਰੋਹ ਚੜ੍ਹ ਗਿਆ। "ਡੁਬ ਜਾਣੇ ਨੂੰ ਆਉਣ ਦੇ ਅੱਜ, ਜੇ ਨਾ ਟੰਗਾਂ ਛਾਂਗ ਦੇਵਾਂ।"

ਮੈਂ ਡਰਦਾ ਡਰਦਾ ਘਰ ਬਹੁੜਿਆ।

"ਕਿੱਥੇ ਗਿਆ ਸੀ ਵੇ ਤੂੰ ?" ਮਾਂ ਮੈਨੂੰ ਦੇਖਣ-ਸਾਰ ਬੋਲੀ।

''ਬਾਹਰ ਖੇਡਣ ।''

''ਕਿਹਦੇ ਨਾਲ ।''

''ਮੁੰਡਿਆਂ ਨਾਲ ?''

ਮੈਂ ਭਿੱਜੀ ਬਿੱਲੀ ਵਾਂਗ ਹੌਲੀ ਹੌਲੀ ਖੂੰਜਿਓਂ ਕਿਤਾਬਾਂ ਟੋਲਣ ਲੱਗਾ ।

''ਕੀ ਕਰਨ ਲੱਗਾ ਏਂ ਹੁਣ ?'' ਮੇਰੀ ਮਾਂ ਨੇ ਕੜਕ ਕੇ ਆਖਿਆ । ਫਿਰ ਜਦੋਂ ਉਹਨੂੰ ਖ਼ਿਆਲ ਆਇਆ ਕਿ ਅੱਜ ਤਾਂ ਮੈਂ ਪੜ੍ਹਨ ਵੀ ਨਹੀਂ ਗਿਆ ਤਾਂ ਉਹ ਝੱਈ ਲੈ ਕੇ ਮੇਰੇ ਵਲ ਆਈ, ''ਵੇ ਮੌਲਵੀ ਤੇਰੀ ਜਾਨ ਨੂੰ ਰੋਂਦਾ ਹੋਊ ਤੇ ਤੂੰ ਹਾਲੇ ਏਥੇ ਮਰਦਾ ਏਂ ।'' ਇਹ ਆਖਦਿਆਂ ਉਸ ਮੇਰੇ ਦੋ ਤਿੰਨ ਲਫੇੜੇ ਮਾਰੇ । ਮੈਂ ਡੁਸਕੂੰ ਡੁਸਕੂੰ ਕਰਦਾ ਅੰਦਰ ਕੋਠੇ ਵਿਚ ਜਾ ਕੇ ਮੰਜੀ ਉਤੇ ਪੈ ਗਿਆ ਤੇ ਬਹੁਤ ਚਿਰ ਹਉਕੇ ਲੈਂਦਾ ਰਿਹਾ ।

ਭਗਵਤੀ, ਕੇਵਲ ਤੇ ਸ਼ਾਂਤੀ ਇਕ ਇਕ ਵਾਰ ਸਭੇ ਆ ਕੇ ਮੈਨੂੰ ਇਸ ਤਰ੍ਹਾਂ ਪਿਆ ਦੇਖ ਗਏ ਤੇ ਮਾਂ ਨੂੰ ਜਾ ਕੇ ਆਖਣ ਲੱਗੇ, ''ਉਹ ਰੁਸਿਆ ਪਿਆ ਏ ।''

ਮੇਰੀ ਮਾਂ ਚੁਲ੍ਹੇ ਉਤੇ ਦੁੱਧ ਗਰਮ ਕਰਦੀ ਸੀ । ਬੋਲੀ, ''ਗਲਿਆ ਰਹਿਣ ਦੇ ਏਸੇ ਤਰ੍ਹਾਂ । ਕੱਲ੍ਹ ਨੂੰ ਜਦੋਂ ਮੌਲਵੀ ਬੱਬਰ ਭੰਨੂ, ਆਪੇ ਸਿੱਧਾ ਹੋ ਜਾਊ ।''

ਉਸ ਮੈਨੂੰ ਰੋਟੀ ਖਾਣ ਵਾਸਤੇ ਆਵਾਜ਼ਾਂ ਦਿੱਤੀਆਂ । ਮੈਂ ਅਹਿੱਲ ਪਿਆ ਰਿਹਾ ।

ਉਹ ਚਿਮਟਾ ਖੜਕਾਉਂਦੀ ਹੋਈ ਬਾਹਰ ਬੈਠੀ ਉੱਚੀ ਉੱਚੀ ਆਖਦੀ ਸੁਣੀ, ''ਜਦੋਂ ਭੁੱਖ ਲੱਗੀ ਫਿਰ ਰੋਟੀ ਤਾਂ ਮੈਥੋਂ ਹੀ ਮੰਗੂਗਾ । ਦਿਊਂਗੀ ਇਹਨੂੰ ਮੰਨੀਆਂ ਪਕਾ ਕੇ । ਬਲਦਾ ਬਲਦਾ ਚੋ ਨਾ ਲਾਊਂ ਮੱਥੇ ਵਿਚ ।''

ਮੈਂ ਹੁਬਕਾਂ ਲੈਂਦਾ ਉਸੇ ਤਰ੍ਹਾਂ ਪਿਆ ਰਿਹਾ । ਮੈਨੂੰ ਮਾਂ ਉੱਤੇ ਬੜਾ ਗੁੱਸਾ ਚੜ੍ਹਿਆ ਹੋਇਆ ਸੀ, ਦੋਵੇਂ ਭੈਣਾਂ ਬਾਹਰ ਮੰਜੀ ਉਤੇ ਬੈਠੀਆਂ, ਮੇਰੀਆਂ ਸਾਂਗਾਂ ਲਾਉਂਦੀਆਂ ਸਨ ।

ਮੈਂ ਗੁੱਸੇ ਵਿਚ ਪੈਰੋਂ ਛਿੱਤਰ ਵਗਾਹ ਮਾਰੇ ਤੇ ਆਲੇ ਵਿਚ ਪਈ ਦੀਵਟ ਨੂੰ ਉਲਟਾ ਦਿੱਤਾ ਅਤੇ ਖੂੰਜੇ ਪਏ ਚਰਖਿਆਂ ਦੇ ਤੱਕਲੇ ਵਿੰਗੇ ਕਰ ਦਿੱਤੇ । ਇਸ ਪਿਛੋਂ ਵੀ ਮੇਰਾ ਗੁੱਸਾ ਢਿੱਲਾ ਨਾ ਹੋਇਆ । ਮੈਂ ਕੇਵਲ ਦੀਆਂ ਇਕੱਠੀਆਂ ਕੀਤੀਆਂ ਗੋਲੀਆਂ ਤੇ ਕੌਡੀਆਂ ਦੀ ਲੱਪ ਭਰ ਕੇ ਇਕ ਮੋਘੇ ਵਿਚ ਖਿੰਡਾਰ ਦਿੱਤੀ । ਸ਼ਾਂਤੀ ਦੇ ਅਧ-ਬੁਣੇ ਰੇਸ਼ਮੀ ਆਜ਼ਾਰਬੰਦ ਵਿਚੋਂ ਕਾਨੀਆਂ

ਕੱਢ ਦਿੱਤੀਆਂ ਅਤੇ ਦੌਣ ਨਾਲ ਪੈਰ ਰਗੜਦਾ ਰਗੜਦਾ ਉਸੇ ਤਰ੍ਹਾਂ ਰੁੱਸਿਆ ਪਿਆ ਰਿਹਾ।

ਮੈਨੂੰ ਰੋਟੀ ਦੀ ਲੋੜ ਤਾਂ ਸੀ ਹੀ ਨਹੀਂ। ਛੋਲਿਆਂ ਨਾਲ ਜੁ ਢਿੱਡ ਚੰਗੀ ਤਰ੍ਹਾਂ ਭਰਿਆ ਹੋਇਆ ਸੀ, ਇਸ ਲਈ ਮੈਂ ਸਾਰੇ ਟੱਬਰ ਉਤੇ ਆਪਣੇ ਜ਼ਬਤ ਤੇ ਗੁੱਸੇ ਦਾ ਹਿਰਖ ਵਿਖਾਉਣ ਲਈ ਕਾਹਲਾ ਸਾਂ।

ਮੇਰੀ ਮਾਂ ਭਾਂਡੇ ਮਾਂਜ ਕੇ ਤੇ ਸਭਨਾਂ ਨੂੰ ਦੁੱਧ ਪਿਲਾ ਕੇ ਜਦੋਂ ਵਿਹਲੀ ਹੋਈ ਤਾਂ ਕੇਵਲ ਨੇ ਆਖਿਆ, ''ਬਲਵੰਤ ਨੂੰ ਨਹੀਂ ਦੁੱਧ ਪਿਲਾਉਣਾ, ਉਹ ਹਨੇਰੇ ਵਿਚ ਲਿਪਟਿਆ ਪਿਆ ਏ।''

ਮਾਂ ਨੇ ਫਿਰ ਗੱਚ ਵਿਚ ਆਖਿਆ, ''ਚੰਗਾ ਵੇ ਚੰਗਾ—ਪਿਆ ਦੇ ਫਿਰ— ਮੈਥੋਂ ਨਹੀਂ ਤੁਹਾਡੇ ਸਾਰਿਆਂ ਦੇ ਗੁਰਮਤੇ ਪੂਰੇ ਹੁੰਦੇ! ਭੁੱਖ ਲੱਗੀ ਤਾਂ ਆਪੇ ਖਾ ਨਿੱਘਰ ਲਊ।''

ਮੇਰੀ ਭੂਆ ਗੀਤਾ ਦੇ ਸਤਿਸੰਗ ਤੋਂ ਵਾਪਸ ਆਈ, ਤਾਂ ਇਹ ਸਾਰਾ ਝਗੜਾ ਉਸ ਦੀ ਕੰਨੀਂ ਪਿਆ। ਉਹ ਝੱਟ ਅੰਦਰ ਆਈ। ਮੈਂ ਉਸ ਦੇ ਪੈਰਾਂ ਦੀ ਬਿੜਕ ਸੁਣ ਕੇ ਫਿਰ ਵਿਲਕਣ ਲੱਗ ਪਿਆ।

ਮੈਨੂੰ ਹਨੇਰੇ ਵਿਚ ਟੋਂਹਦੇ ਹੋਏ ਆਖਣ ਲੱਗੀ, ''ਕੀ ਗੱਲ ਏ ਸਾਊ?''
ਮੈਂ ਚੁੱਪ ਰਿਹਾ।

ਪਿਆਰ ਨਾਲ ਮੈਨੂੰ ਜਗਾ ਕੇ ਤੇ ਮੇਰੇ ਵਾਲਾਂ ਵਿਚ ਉਂਗਲਾਂ ਫੇਰ ਕੇ ਬੋਲੀ, ''ਨਾ ਮੇਰਾ ਚੰਦ, ਉੱਠ! ਮਾਵਾਂ ਨਾਲ ਨਹੀਂ ਗੁੱਸੇ ਹੋਈਦਾ। ਉੱਠ ਚਲ ਕੇ ਗੁੱਲੀ ਖਾ ਲੈ, ਮੈਂ ਸੱਜਰੀ ਪਕਾ ਦਿਨੀ ਆਂ।''

ਮੈਂ ਡੁਸਕਦੇ ਹੋਏ ਆਖਿਆ, ''ਹਟ ਜਾ! ਮੈਂ ਨਹੀਂ ਖਾਂਦਾ ਹੁਣ।''

ਉਸ ਨੇ ਮਲ੍ਹਾਰ ਕੇ ਮੈਨੂੰ ਬਾਹੋਂ ਫੜਿਆ ਤੇ ਆਪਣੀ ਗੋਦੀ ਵਿਚ ਲਿਟਾ ਲਿਆ।

ਇਤਨੇ ਵਿਚ ਦੀਵਾ ਲਈ ਮੇਰੀ ਮਾਂ ਬਾਹਰੋਂ ਆ ਗਈ। ਕੋਠੇ ਦੀਆਂ ਚੀਜ਼ਾਂ ਨੂੰ ਖਿੰਡਿਆ ਦੇਖ ਕੇ ਆਖਣ ਲੱਗੀ, ''ਦੇਖ! ਇਸ ਨਿਆਣੇ ਦੇ ਚੱਜ! ਰੋਟੀ ਦੇਣ ਲੱਗੀ ਤਾਂ ਉਹ ਨਹੀਂ ਸੀ ਲਈ। ਅੰਦਰ ਆ ਕੇ ਖਰੂਦ ਪੁਟਿਆ ਏ? ਕੁੜੀਆਂ ਮੁੰਡਿਆਂ ਦੀਆਂ ਸਭੇ ਚੀਜ਼ਾਂ ਕਿਵੇਂ ਮਰੋੜ ਤਰੋੜ ਦਿਤੀਆਂ ਹਨ। ਤੇਰੇ ਪਿਆਰ ਨੇ ਤਾਂ ਇਸ ਨੂੰ ਪੱਟ ਦਿਤੈ। ਕਿਉਂ ਇਸ ਦੇ ਤਰਲੇ ਕਰਦੀ ਏਂ? ਇਨ੍ਹਾਂ ਗੱਲਾਂ ਨੇ ਈ ਤਾਂ ਇਸ ਨੂੰ ਚੰਭਲਾ ਰਖਿਆ ਏ। ਲਿਆ, ਅੰਦਰ ਡੱਕ ਦਿਆਂ!''

ਭੂਆ ਮੈਨੂੰ ਆਪਣੀ ਗੋਦੀ ਵਿਚ ਸਾਂਭ ਕੇ ਬੈਠੀ ਰਹੀ, ਤੇ ਮਾਂ ਨੂੰ ਗੁੱਸੇ ਹੋ ਕੇ ਆਖਣ ਲੱਗੀ, ''ਜਾ, ਕੰਮ ਕਰ ਤੂੰ । ਚੰਦਰੀ ਨੂੰ ਨਿਆਣੇ ਦਾ ਰਤੀ ਪਿਆਰ ਨਹੀਂ । ਵੇਖ ਖਾਂ ਮੁੰਡੇ ਦੀਆਂ ਅੱਖਾਂ ਰੋ ਰੋ ਕਿਵੇਂ ਲਾਲ ਪੀੜ੍ਹ ਹੋਈਆਂ ਨੇ ?''

ਇਕ-ਦਮ ਮੈਂ ਗੁੱਸੇ ਵਿਚ ਆ ਗਿਆ ਅਤੇ ਸਿਸਕੜੀਆਂ ਲੈ ਕੇ ਰੋਣ ਲੱਗ ਪਿਆ ।

ਭੂਆ ਬਹੁਤ ਚਿਰ ਇਸੇ ਤਰ੍ਹਾਂ ਮਨਾਂਦੀ ਰਹੀ, ਮੈਂ ਰੋਂਦਾ ਰਿਹਾ । ਮੇਰਾ ਹਿਰਖ ਅਣ-ਮੁੱਕਵਾਂ ਸੀ । ਮੈਂ ਉਸ ਨੂੰ ਨਹੀਂ, ਸਾਰੇ ਟੱਬਰ ਨੂੰ ਆਪਣੇ ਪੈਰਾਂ ਉੱਤੇ ਝੁਕਿਆ ਵੇਖਣਾ ਚਾਹੁੰਦਾ ਸਾਂ ।

ਓੜਕ ਥੱਕ ਹਾਰ ਕੇ ਉਹ ਚਲੀ ਗਈ । ਮੈਂ ਉਂਝ ਹਿਚਕੀਆਂ ਲੈਂਦਾ ਪਿਆ ਰਿਹਾ । ਮੇਰੇ ਕੋਲ ਕੋਈ ਨਾ ਆਇਆ । ਕੁਝ ਚਿਰ ਪਿਛੋਂ ਮੇਰੇ ਹਉਕੇ ਲੰਮੇਰੀ ਵਿੱਥ ਦੇ ਹੋ ਗਏ । ਮੈਂ ਸ਼ਾਮ ਦੀਆਂ ਖੇਡਾਂ, ਖੇਤਾਂ ਦੇ ਹਾਸੇ, ਤੇ ਸਭੇ ਹਾਣੀਆਂ ਦੀਆਂ ਕਿਲਕਾਰੀਆਂ ਦੇ ਖ਼ਿਆਲ ਵਿਚ ਮਗਨ ਹੋ ਗਿਆ । ਕਿਸੇ ਕਿਸੇ ਵੇਲੇ ਅੱਭੜ-ਵਾਹੇ ਮੈਂ ਸੁੜ੍ਹਾਰੇ ਮਾਰਨ ਲੱਗ ਪੈਂਦਾ ।

ਸਾਰੇ ਭੈਣ ਭਰਾ ਇਕ ਇਕ ਕਰ ਕੇ ਸੌਂ ਗਏ । ਭੂਆ ਖੂੰਜੇ ਵਾਲੇ ਕੋਠੇ ਅੰਦਰ ਰਾਮ-ਜਾਪ ਕਰਦੀ ਉਂਘਲਾ ਗਈ ਸੀ । ਇਕੱਲੀ ਮੇਰੀ ਮਾਂ ਸਬਾਤ ਵਿਚ ਬੈਠੀ ਗਲੋਟੇ ਅਟੇਰਦੀ ਰਹੀ ।

ਰਾਤ ਅੱਧੀ ਏਧਰ, ਅੱਧੀ ਉਧਰ, ਆਂਢ-ਗੁਆਂਢ ਦੇ ਘਰਾਂ ਵਿਚ ਸਭਨਾਂ ਉਤੇ ਨੀਂਦ ਦਾ ਕਾਲਾ ਟੂਣਾ ਸੀ । ਗਲੋਟੇ ਪੱਛੀ ਵਿਚ ਪਏ ਉਛਲਦੇ ਟੱਪਦੇ ਸਨ । ਉਨ੍ਹਾਂ ਦੀਆਂ ਤੰਦਾਂ ਨਾਲ ਨਾਲ ਉੱਕਰ ਹੀ ਬੈਠੀ ਉਹ ਅਟੇਰਨ ਉਤੇ ਇਕ ਨਿੰਮ੍ਹੇ ਗੀਤ ਦੀ ਬਰੀਕ ਜਹੀ ਲਿਲਕ ਵੀ ਵਲ੍ਹੇਟ ਰਹੀ ਸੀ । ਉਹ ਇਕ ਲੋਰੀ ਸੀ, ਜਿਸ ਦਾ ਮਤਲਬ ਟੁਟੇ-ਫੁਟੇ ਸ਼ਬਦਾਂ ਵਿਚ ਕੁਝ ਇਸ ਤਰ੍ਹਾਂ ਸੀ :—

''ਮੇਰੀ ਗੋਦੀ ਵਿਚ ਸੌਂ ਜਾ ।
ਮੈਂ ਤਾਰਿਆਂ ਦੀ ਠੰਢ ਤੇਰੀਆਂ ਅੱਖਾਂ ਵਿਚ ਭਰ ਦਿਆਂਗੀ ।
ਬਕਰੀ ਦੇ ਦੁੱਧ ਦੀਆਂ ਧਾਰਾਂ ਦੀ ਵਰਖਾ ਕਰ ਦੇਵਾਂਗੀ ਤੇਰਿਆਂ ਬੁਲ੍ਹਾਂ ਉੱਤੇ ।
ਤੇਰੇ ਵਾਲ੍ਹਾਂ ਨੂੰ ਚੰਦ ਦੀਆਂ ਐਟਲੀਆਂ ਕਿਰਨਾਂ ਦੇ ਚਾਨਣ ਨਾਲ ਪਲੋਸਾਂਗੀ ।
ਮੇਰੀ ਗੋਦੀ ਵਿਚ ਸੌਂ ਜਾ !''

ਮੇਰੇ ਅਬੜ-ਵਾਹੇ ਹਉਕਿਆਂ ਨੂੰ ਸੁਣ ਕੇ ਉਸ ਦੇ ਕੰਨ ਖੜੇ ਹੋ ਗਏ । ਮੈਂ ਅੰਦਰ ਪਿਆ ਉਸੇ ਤਰ੍ਹਾਂ ਹਉਕੇ ਲੈ ਰਿਹਾ ਸਾਂ ।

ਉਹ ਅਟੇਰਨ ਤੇ ਗਲੋਟੇ ਛੱਡ ਕੇ ਝੱਟ ਅੰਦਰ ਆਈ, "ਬਲੰਤ" ।

ਮੈਂ ਅੱਖਾਂ ਉਤੇ ਹਥੇਲੀਆਂ ਰੱਖੀ ਉਸੇ ਤਰ੍ਹਾਂ ਡੁਸਕਦਾ ਰਿਹਾ ।

ਮੇਰੇ ਉਤੇ ਝੁਕ ਕੇ ਬੋਲੀ, "ਪੁੱਤ ਬਲੰਤਿਆ" । ਇਸ ਪਿੱਛੋਂ ਉਸ ਨੇ ਮੇਰੇ ਵਾਲਾਂ ਨੂੰ ਆਪਣੀਆਂ ਉਂਗਲੀਆਂ ਦੀ ਕੰਘੀ ਵਿਚ ਰੋਲਦੇ ਹੋਏ ਕਿਹਾ, "ਸੁੱਤਾ ਨਹੀਂ ਹਾਲੇ ਸਿਉਣਿਆਂ ?"

ਮੇਰੀਆਂ ਅੱਖੀਆਂ ਵਿਚੋਂ ਇਕ ਵਾਰ ਫਿਰ ਹੰਝੂ ਫੁੱਟ ਵਗੇ । ਉਸ ਨੇ ਮੇਰੀਆਂ ਅੱਖਾਂ ਨੂੰ ਛੁਹਿਆ ਅਤੇ ਮੇਰੇ ਸਰ੍ਹਾਣੇ ਬੈਠ ਗਈ ।

ਮੇਰਾ ਹੱਥ ਆਪਣੇ ਹੱਥ ਵਿਚ ਲੈ ਕੇ ਪਿਆਰ ਨਾਲ ਆਖਣ ਲੱਗੀ "ਨਾ ਮੇਰਾ ਸਿਉਣਾ । ਰੋਈਦਾ ਹੁੰਦਾ ਏ ਕਦੇ । ਉਠ......" ਉਸ ਦੇ, ਕੰਬਦੇ ਹੋਏ ਬੁਲ੍ਹਾਂ ਨੇ ਮੇਰੇ ਮੱਥੇ ਨੂੰ ਚੁੰਮਿਆ, "ਦੇਖ ! ਮੈਂ ਰੋਟੀ ਖਾਧੀ ਏ ਕਿਤੇ । ਉੱਠ ਇੰਜ ਨਹੀਂ ਗੁੱਸੇ ਹੋਈਦਾ । ਐਡਾ ਸਿਆਣਾ ਸੋਥਾ ਹੋ ਕੇ ਐਨਾ ਹਿਰਖ..."

ਉਸ ਦੀ ਆਵਾਜ਼ ਭਰ ਗਈ । ਉਸ ਦੀਆਂ ਦੁੱਧ-ਭਰੀਆਂ ਬਾਹਵਾਂ ਨੇ ਮੈਨੂੰ ਗਲਵੱਕੜੀ ਪਾ ਲਈ । ਉਹ ਅਟੇਰਨ ਭੁੱਲ ਗਈ । ਆਪਣੇ ਗੀਤ ਭੁੱਲ ਗਈ । ਬਾਹਰ ਸਰ੍ਹੋਂ ਦੇ ਦੀਵੇ ਨੂੰ ਬੁਝਾਉਣਾ ਭੁੱਲ ਗਈ ਅਤੇ ਮੈਨੂੰ ਆਪਣੀ ਝੋਲੀ ਵਿਚ ਲੈ ਕੇ ਮੇਰੇ ਸਿਰ ਉਤੇ ਹੱਥ ਫੇਰਨ ਲੱਗੀ । ਇਸ ਮਮਤਾ-ਭਰੇ ਹੱਥ ਦੀ ਛੁਹ ਨੂੰ ਹੀ ਮੈਂ ਤਰਸ ਰਿਹਾ ਸਾਂ । ਇਸ ਛੋਹ ਨੇ ਮੇਰੇ ਸਾਰੇ ਦੁੱਖ ਹਰ ਲਏ ।

# ਨੌਂ

ਗਰਮੀਆਂ ਵਿਚ ਦੁਪਹਿਰ ਦੇ ਗਿਆਰਾਂ ਵਜੇ ਸਕੂਲੋਂ ਛੁੱਟੀ ਹੁੰਦੀ। ਸਾਰੇ ਮੁੰਡੇ ਛੁੱਟੀ ਦੀ ਘੰਟੀ ਸੁਣਦਿਆਂ ਹੀ ਚੀਕਾਂ ਮਾਰਦੇ ਕਮਰਿਆਂ ਵਿਚੋਂ ਨਿਕਲ ਆਉਂਦੇ ਤੇ ਸਿਰ ਉਤੇ ਫੱਟੀਆਂ ਤੇ ਬਸਤੇ ਰੱਖੀ ਘਰਾਂ ਨੂੰ ਤੁਰ ਪੈਂਦੇ। ਰਸਤੇ ਵਿਚ ਜਿਹੜੀ ਕੋਈ ਅੰਬ ਦੀ ਗੁਠਲੀ, ਟੀਨ ਦਾ ਡੱਬਾ ਜਾਂ ਗੰਨੇ ਦਾ ਬੂਝੜ ਮਿਲਦਾ, ਉਸ ਨੂੰ ਠੇਡੇ ਮਾਰਦੇ ਹੋਏ ਘਰ ਲਿਆਉਂਦੇ। ਮੈਨੂੰ ਗਿੱਟਿਆਂ ਤੀਕਰ ਕਾਲੇ ਬੂਟਾਂ ਦਾ ਬੜਾ ਚਾਅ ਸੀ, ਕਿਉਂਕਿ ਇਨ੍ਹਾਂ ਨਾਲ ਪੈਰ ਉੱਤੇ ਸੱਟ ਫੇਟ ਲੱਗਣ ਦਾ ਕੋਈ ਡਰ ਨਹੀਂ ਸੀ ਰਹਿੰਦਾ ਅਤੇ ਮੈਂ ਨਿਡਰ ਹੋ ਕੇ ਹਰ ਚੀਜ਼ ਨੂੰ ਆਪਣੇ ਬੂਟ ਦੀ ਨੋਕ ਨਾਲ ਸੁੰਘ ਸਕਦਾ ਸੀ। ਇਨ੍ਹਾਂ ਉਤੇ ਪਾਲਸ਼ ਕਰਨਾ ਇਤਨਾ ਹੀ ਬੇਫ਼ਾਇਦਾ ਸੀ ਜਿਤਨਾ "ਅੰਨ੍ਹੇ ਟੋਭੇ" ਵਿਚ ਸਾਬਣ ਮਲ ਕੇ ਨਹਾਉਣਾ।

ਜੇਠ ਹਾੜ ਦੀ ਤੇਜ਼ ਧੁੱਪ ਵਿਚ ਜਦ ਕੰਧਾਂ ਕੋਲੇ ਤੀਕ ਦੁਪਹਿਰੇ ਨਾਲ ਭੱਠ ਵਾਂਗ ਤਪਣ ਲੱਗ ਜਾਂਦੇ, ਮੇਰੀ ਮਾਂ ਭਰੂੰਗੜੇ ਉਤੇ ਪੱਖੀ ਝਲਦੀ ਝਲਦੀ ਸੌਂ ਜਾਂਦੀ। ਮੈਂ ਕੁਰਸੀ ਉਤੇ ਸੌਣ ਦਾ ਯਤਨ ਕਰਦਾ ਬੈਠਾ ਰਹਿੰਦਾ ਪਰ ਨੀਂਦ ਨਾ ਪੈਂਦੀ। ਮੈਨੂੰ ਪਤਾ ਸੀ ਕਿ ਰੱਲੋ ਦੀ ਹਵੇਲੀ ਪਿਛੇ ਟੇਕੂ, ਸੌਣ, ਨੰਦ ਗੀਠੇ ਖੇਡ ਰਹੇ ਹਨ। ਉਨ੍ਹਾਂ ਦਾ ਰੌਲਾ, ਉਨ੍ਹਾਂ ਦਾ ਹਾਸਾ ਖ਼ਾਮੋਸ਼ ਦੁਪਹਿਰੇ ਵਿਚ ਮੈਨੂੰ ਚੰਗੀ ਤਰ੍ਹਾਂ ਸੁਣਦਾ, "ਤੇਲਾ, ਤੇਲਾ!" "ਮੇਰੀ ਮਿੱਤ ਏ!" "ਚੌਕੀ ਭਰ ਦੇ!" ਸਭਨਾਂ ਦੇ ਲਲਚਾ ਦੇਣ ਵਾਲੇ ਸ਼ਬਦ ਸੁਣਦੇ, ਪਰ ਕੈਦੀ ਵਾਂਗ ਬੱਧਾ, ਜ਼ਾਲਿਮ ਆਗਿਆ ਨਾਲ ਨੂੜਿਆ ਹੋਇਆ ਬੈਠਾ ਰਹਿੰਦਾ। ਰਤਾ ਜਿਹੇ ਹਿਲਣ-ਜੁਲਣ ਨਾਲ ਵੀ ਮਾਂ ਬੁੜ-ਬੁੜਾ ਕੇ ਉਠਦੀ, "ਵੇ ਕੀ ਕਰਦਾ ਏਂ, ਸਵਾਲ ਕੱਢੇ ਕਿ ਨਹੀਂ?"

ਮੈਂ ਫਿਰ ਅਲਜਬਰੇ ਦੀ ਕਿਤਾਬ ਦੇ ਅੱਖਰਾਂ ਨੂੰ ਦੇਖਣ ਲੱਗ ਪੈਂਦਾ। ਸਲੇਟ ਨੂੰ ਘੜੀ ਮੁੜੀ ਸਾਫ਼ ਕਰਦਾ ਅਤੇ ਇਨ੍ਹਾਂ ਸਵਾਲਾਂ ਦੇ ਕੱਢਣ ਵਿਚ ਰੁਝਿਆ ਰਹਿੰਦਾ, ਜਿਨ੍ਹਾਂ ਦਾ ਮੈਨੂੰ ਕੁਝ ਵੀ ਪਤਾ ਨਹੀਂ ਸੀ ਚਲਦਾ — ਕੋਹਲੂ ਦੇ ਬਲਦ ਵਾਂਗ ਜਿਹੜਾ ਅੱਖਾਂ ਉਤੇ ਖੋਪੇ ਚਾੜ੍ਹੀ ਆਪਣੇ ਕੰਮ ਦੀ ਵਿਧੀ ਜਾਣੇ ਬਾਝੋਂ ਵਲ ਵਲ ਘਾਣੀ ਦੇ ਆਲੇ ਦੁਆਲੇ ਭੌਂਦਾ ਰਹਿੰਦਾ ਹੈ।

ਪਰ ਕਦੇ ਕਦੇਂ ਜਦ ਦੁਪਹਿਰਾਂ ਵੇਲੇ ਮੇਰੀ ਮਾਂ ਕੱਤਣ ਜਾਂਦੀ, ਜਾਂ ਕਿਸੇ ਨਿਆਣੇ ਦੀ ਮਰਗ ਉਤੇ ਪੱਲਾ ਪਾਉਣ ਜਾਂਦੀ ਤਾਂ .ਖੁਲ੍ਹੀ ਛੁੱਟੀ ਮਿਲਦੀ। ਮੈਂ ਆਪਣੇ ਡੱਬੇ ਵਿਚੋਂ ਗੀਠਿਆਂ ਦੀ ਲੱਪ ਭਰ ਕੇ ਦੋ ਦੋ ਪੌੜੀਆਂ ਹੁੰਦਾ ਹੋਇਆ ਝਟ ਖਾੜੇ ਵਿਚ ਪਹੁੰਚ ਜਾਂਦਾ। ਫਿਰ ਗਰਮੀ, ਦੁਪਹਿਰਾਂ, ਅੱਗਾ-ਪਿੱਛਾ ਕਿਸੇ ਚੀਜ਼ ਦੀ ਸੁਧ ਨਾ ਰਹਿੰਦੀ।

ਗੀਠਿਆਂ ਵਿਚ ਜੁਟਿਆ ਹੋਇਆ ਮੇਰਾ ਦਿਲ ਸਭਨਾਂ ਚੀਜ਼ਾਂ ਨੂੰ ਭੁੱਲ ਜਾਂਦਾ। ਜਦ ਟੇਕੂ ਹਾਰ ਜਾਂਦਾ ਤੇ ਉਸ ਨੂੰ ਕੋਈ ਵੀ ਗੀਠੇ ਉਧਾਰ ਨਾ ਦਿੰਦਾ, ਤਾਂ ਉਹ ਰੋਂਡੀ ਪਿੱਟਣ ਲੱਗ ਪੈਂਦਾ। ਕਈ ਵਾਰ ਖੁੱਤੀ ਉਤੇ ਬੈਠ ਜਾਂਦਾ, ਕਿਸੇ ਦੇ ਦੋ ਚਾਰ ਗੀਠੇ ਚੁਕ ਕੇ ਦੌੜ ਜਾਂਦਾ। ਕਿਸੇ ਦੀ ਹਿੰਮਤ ਨਾ ਪੈਂਦੀ ਕਿ ਖੇਡ ਜਾਰੀ ਰਖੇ। ਉਹ ਇਤਨਾ ਰੌਲੀ ਤੇ ਲੜਾਕਾ ਸੀ ਕਿ ਸਭ ਉਸ ਤੋਂ ਡਰਦੇ ਸਨ। ਕੋਈ ਉਸ ਨਾਲ ਝਗੜਾ ਸਹੇੜਨਾ ਪਸੰਦ ਨਹੀਂ ਸੀ ਕਰਦਾ। ਹਮੇਸ਼ਾ ਟੇਕੂ ਹੀ ਹੁੰਦਾ ਜਿਹੜਾ ਇਸ ਖੇਡ ਵਿਚ ਭੰਗ ਪਾਉਂਦਾ। ਜੇ ਜਿੱਤ ਜਾਂਦਾ ਤਾਂ ਇਸ ਲਈ ਹਟ ਜਾਂਦਾ ਕਿ ਹੋਰ ਖੇਡਿਆ ਤਾਂ ਹਾਰ ਜਾਵਾਂਗਾ — "ਲਾ ਲਓ ਜ਼ੋਰ, ਨਹੀਂ ਖੇਡਦਾ!" ਜੇ ਹਾਰ ਜਾਂਦਾ ਤਾਂ ਇਸ ਲਈ ਨਾ ਖੇਡਣ ਦੇਂਦਾ ਕਿ ਉਸ ਕੋਲ ਗੀਠੇ ਨਹੀਂ ਹਨ। ਜਦ ਉਹ ਨਹੀਂ ਖੇਡਦਾ ਤਾਂ ਹੋਰ ਕਿਸੇ ਨੂੰ ਕੀ ਹੱਕ ਸੀ ਕਿ ਉਸ ਦੀ ਹਵੇਲੀ ਪਿਛੇ ਖੁੱਤੀਆਂ ਪੁੱਟ ਪੁੱਟ ਖੇਡੇ।

ਰੋਜ਼ ਦੁਪਹਿਰ ਵੇਲੇ ਅਮੀ ਚੰਦ ਬਰਫ਼ ਦੀ ਸੰਦੂਕੜੀ ਚੁੱਕੀ ਆਪਣੀ ਮੋਟੀ ਘੱਗੀ ਆਵਾਜ਼ ਨਾਲ ਹੋਕਾ ਦੇਂਦਾ ਹੋਇਆ ਲੰਘਦਾ, "ਮਲਾਈ ਦੀ ਬਰਫ਼!" ਜਦ ਕਦੀ ਮੈਂ ਪੈਸੇ ਦੀ ਬਰਫ਼ ਲੈਂਦਾ ਤਾਂ ਟੇਕੂ ਦੁਆਲੇ ਹੋ ਜਾਂਦਾ, "ਅਮੀ ਚੰਦ ਮੈਨੂੰ ਵੀ ਚਖਾ।" ਅਮੀ ਚੰਦ ਇਸ ਤੋਂ ਪਿੱਛਾ ਛੁਡਾਉਣ ਖ਼ਾਤਰ ਪੱਤੇ ਉਤੇ ਬਰਫ਼ ਦੀ ਇਕ ਬਰੀਕ ਕਾਤਰ ਰੱਖ ਦੇਂਦਾ। ਟੇਕੂ ਇਸ ਪੱਤੇ ਨੂੰ ਮੇਰੇ ਬਰਫ਼ ਖਾ ਚੁਕਣ ਦੇ ਅੱਧੇ ਘੰਟੇ ਪਿਛੋਂ ਤੀਕ ਚੱਟਦਾ ਰਹਿੰਦਾ।

ਓਡਾਂ ਤੇ ਸਿਕਲੀਗਰਾਂ ਦੀਆਂ ਤੀਵੀਆਂ ਛੱਜ ਛਾਨਣੀ, ਕੜਛੇ ਤੇ ਖੁਰਪੇ ਵੇਚਣ ਲਈ ਆਉਂਦੀਆਂ। ਇਨ੍ਹਾਂ ਦੇ ਨਾਲ ਕਾਲੇ-ਕਲੋਟੇ ਦੋ ਮੁੰਡੇ ਵੀ ਹੁੰਦੇ। ਜਦ ਉਹ ਬਾਘੀ ਪਾਉਂਦੇ ਤਾਂ ਗਲੀ ਦੇ ਸਾਰੇ ਨਿਆਣੇ ਇਕੱਠੇ ਹੋ ਜਾਂਦੇ। ਅਖ਼ੀਰ ਵਿਚ ਮੇਰੀ ਤਾਈ ਘੂਰ ਕੇ ਸਭਨਾਂ ਨੂੰ ਹਟਾ ਦਿੰਦੀ, "ਕਿਉਂ ਡੰਡ ਪਾਈ ਏ? ਹੋਇਆ ਇਕ ਵਾਰ, ਦੋ ਵਾਰ, ਬੂਬਣੀਆਂ ਨੇ ਜੁਆਕਾਂ ਨੂੰ ਲੁੱਟਣ ਦਾ ਕੀ ਢੰਗ ਲੱਭਿਆ ਏ? ਦੋ ਰੋਟੀਆਂ ਮੱਥੇ ਮਾਰੋ ਤੇ ਹਟਾਓ ਏਸ ਕੁਤੀੜ ਨੂੰ!"

ਜਦ ਕਦੀ ਕੋਈ ਬਾਂਦਰ ਜਾਂ ਰਿੱਛ ਦਾ ਖੇਡਾ ਪਾਉਣ ਵਾਲਾ ਆ ਜਾਂਦਾ, ਤਾਂ ਮਹੱਲੇ ਦੀ ਜ਼ਿੰਦਗੀ ਵਿਚ ਸਾਹ ਆ ਜਾਂਦਾ। ਮੈਂ ਭੂਰੇ ਰਿੱਛ ਦਾ ਜ਼ਿਆਦਾ ਸ਼ੌਕੀਨ ਸਾਂ। ਜਿਤਨਾ ਉਹ ਨਾਸਾਂ ਫੁਲਾ ਕੇ ਜ਼ਿਆਦਾ ਅੜਾਉਂਦਾ ਤੇ ਬੁੱਕਦਾ ਉਤਨਾ ਹੀ ਮੇਰੇ ਵਿਚ ਪ੍ਰਸ਼ਰਮੀ ਸਨਸਨਾਹਟ ਦੀ ਕੰਬਣੀ ਜ਼ਿਆਦਾ ਕੁਤਕੁਤਾੜੀਆਂ ਕੱਢਦੀ, ਤੇ ਮੇਰੀ ਹਿੱਕੜੀ ਵਿਚ ਛੋਟਾ ਜਿਹਾ ਦਿਲ ਧੱਕ ਧੱਕ ਖੜਕਣ ਲੱਗ ਪੈਂਦਾ। ਖੇਡੇ ਵਾਲਾ ਸਾਡੇ ਵਿਚੋਂ ਕਿਸੇ ਮੁੰਡੇ ਨੂੰ ਰਿੱਛ ਦੀ ਕੰਡ ਉਤੇ ਬਿਠਾਉਣ ਦਾ ਇਕ ਪੈਸਾ ਲੈਂਦਾ। ਮੇਰੀ ਮਾਂ ਘੱਗਰੀ ਸੰਭਾਲਦੀ ਦੌੜੀ ਹੋਈ ਆਉਂਦੀ, "ਨਾ ਪੁੱਤ, ਤੂੰ ਨਾ ਚੜ੍ਹੀਂ। ਜਨੌਰ ਏ ਆਖ਼ਰ ਨੂੰ, ਜੇ ਚਾਂਭਲ ਗਿਆ ਤਾਂ ਰਿੱਛ ਵਾਲੇ ਦਾ ਪਿਓ ਵੀ ਤੈਨੂੰ ਉਸ ਦੀਆਂ ਤਿੱਖੀਆਂ ਨਹੁੰਦਰਾਂ ਤੋਂ ਨਾ ਬਚਾ ਸਕੂ। ਰਿੱਛ ਦਾ ਜੱਫਾ ਬੁਰਾ! ਭਾਵੇਂ ਲੱਖ ਡਾਂਗਾਂ ਮਾਰੋ, ਵੈਰੀ ਖਾਏ ਬਾਝੋਂ ਨਹੀਂ ਛੱਡਦਾ।"

ਜਮਨੀ ਤੇ ਸੋਧਾਂ ਖੇਡੇ ਵਾਲੇ ਤੋਂ ਰਿੱਛ ਦੀ ਧੌਣ ਦੇ ਵਾਲ ਮੰਗਣ ਆਉਂਦੀਆਂ। ਉਨ੍ਹਾਂ ਦਾ ਖ਼ਿਆਲ ਸੀ ਕਿ ਤੜਾਗੀ ਵਿਚ ਪ੍ਰੋਏ ਤੋਂ ਨਿਆਣਾ ਬੀਮਾਰ ਨਹੀਂ ਹੁੰਦਾ, ਤੇ ਚਰਮਖ ਨੂੰ ਬੰਨ੍ਹਣ ਨਾਲ ਤੱਕਲਾ ਠੀਕ ਚਲਦਾ ਦੇ। ਰਿੱਛ ਵਾਲਾ ਇਕ ਇਕ ਰੋਟੀ ਬਦਲੇ ਇਕ ਇਕ ਵਾਲ ਦੇ ਦੇਂਦਾ।

ਜਦੋਂ ਖੇਡਾ ਖ਼ਤਮ ਹੋ ਜਾਂਦਾ, "ਓ ਲੌ—ਲੌ ਲੌ" ਕਰਦੇ ਅਸੀਂ ਰਿੱਛ ਦੇ ਪਿਛੇ ਲੱਗ ਪੈਂਦੇ। ਕਦੀ ਕਦੀ ਰਿੱਛ ਝੱਗ ਨਾਲ ਭਰੀ ਹੋਈ ਬੂਥੀ ਇਕ-ਦਮ ਭੁਆ ਕੇ, ਖ਼ਾਲੀ ਹਵਾ ਨੂੰ ਵੱਢ ਖਾਂਦਾ। ਅਸੀਂ ਡਰ ਕੇ ਪਿਛੇ ਹਟ ਜਾਂਦੇ ਤੇ ਤਾੜੀ ਮਾਰਨ ਲੱਗ ਪੈਂਦੇ। ਗਲੀ ਦੇ ਭੌਂਕਦੇ ਹੋਏ ਕੁੱਤਿਆਂ ਨਾਲ ਰਲ ਕੇ ਅਸੀਂ ਮਦਾਰੀ ਤੇ ਰਿੱਛ ਨੂੰ ਗੁਆੜ ਤੋਂ ਬਾਹਰ ਤੀਕ ਛੱਡ ਕੇ ਆਉਂਦੇ।

ਜੇਠ ਹਾੜ ਦੀ ਧੁੱਪ ਵਿਚ ਜਦ ਸਭ ਲੋਕ ਅੰਦਰ ਸੁੱਤੇ ਪਏ ਹੁੰਦੇ, ਤੇ ਜੱਟ ਖੇਤ ਛੱਡ ਕੇ ਹਥਾਈ ਵਿਚ ਮੰਜੀਆਂ ਉਤੇ ਲੇਟੇ ਪਏ ਹੁੰਦੇ, ਤਾਂ ਅਸੀਂ ਕੰਧਾਂ ਤੇ ਘਰਾਂ ਦੀ ਛਾਂ ਹੇਠ "ਹੀਲੋ — ਹੀਲੋ" ਖੇਡਣ ਲੱਗ ਪੈਂਦੇ।

ਸਾਡੇ ਗੁਆਂਢ ਵਿਚ ਇਕ ਬਾਬੂ ਨਵਾਂ ਨਵਾਂ ਬਦਲ ਕੇ ਆਇਆ ਸੀ। ਉਸ ਦੀ ਧੀ ਰਾਮ ਪਿਆਰੀ, ਮੈਂ ਤੇ ਕੇਵਲ ਇਕ ਪਾਸੇ ਹੁੰਦੇ, ਅਤੇ ਟੇਕੂ, ਪਰਤਾਪ ਤੇ ਜੀਤੋ ਦੂਜੇ ਪਾਸੇ। ਗਲੀ ਦੀਆਂ ਸਾਰੀਆਂ ਕੰਧਾਂ ਕਾਲੀਆਂ ਬਰੀਕ ਬਰੀਕ ਲੀਕਾਂ ਨਾਲ ਭਰ ਜਾਂਦੀਆਂ। ਰਾਮ ਪਿਆਰੀ ਅਜਿਹੀਆਂ ਅਨੋਖੀਆਂ ਥਾਵਾਂ ਉਤੇ ਲੀਕਾਂ ਵਾਹੁੰਦੀ ਕਿ ਦੂਜੀ ਧਿਰ ਨੂੰ ਉਥੋਂ ਮਿਟਾਉਣ ਦਾ ਖ਼ਿਆਲ ਹੀ ਨਾ ਆਉਂਦਾ। ਜੈ ਕੌਰ ਨੈਣ ਦੇ ਹਾਰੇ ਦਾ ਚਾਪੜ, ਮੂਧਾ ਪਿਆ ਬੱਠਲ,

ਗੋਤਾਵਾ ਰਲਾਉਣ ਵਾਲੀ ਖ਼ੁਰਲੀ — ਸਭਨਾਂ ਨੂੰ ਉਹ ਕਾਹਲੀ ਕਾਹਲੀ ਨਿੱਕੇ ਟਿਮਕਣਿਆਂ ਨਾਲ ਭਰ ਦਿੰਦੀ ।

ਕਈ ਵਾਰ ਉਹ ਮੇਰੇ ਪੜ੍ਹਨ ਦੇ ਕਮਰੇ ਵਿਚ ਆ ਬੈਠਦੀ । ਮੇਰੀ ਕਾਪੀ ਉਤੇ ਪਿਨਸਲ ਨਾਲ ਫੁੱਲ ਬਣਾਉਂਦੀ ਰਹਿੰਦੀ । ਮੈਨੂੰ ਕਿਤਾਬਾਂ ਉਤੇ ਸੁਆਲ ਕੱਢਦੇ ਦੇਖ ਕੇ ਕਦੀ ਨਿਰਾਸ ਨਹੀਂ ਸੀ ਹੁੰਦੀ, ਸਗੋਂ ਇਕ ਸਟੂਲ ਉਤੇ ਬੈਠੀ ਮੈਨੂੰ ਇਸ ਤਰ੍ਹਾਂ ਤੱਕਦੀ ਰਹਿੰਦੀ ਜਿਵੇਂ ਮੈਂ ਬ੍ਰਹਿਮੰਡ ਦੀਆਂ ਗੁੰਝਲਾਂ ਹੱਲ ਕਰ ਰਿਹਾ ਹੁੰਦਾ ਹਾਂ । ਉਹ ਮੇਰੀ ਦੁਆਤ ਵਿਚ ਦੌੜ ਕੇ ਪਾਣੀ ਪਾਉਂਦੀ, ਪਿਨਸਲ ਘੜ ਦਿੰਦੀ, ਤੇ ਸਿਆਹੀ-ਚੂਸ ਲੈ ਕੇ ਤਿਆਰ ਬੈਠੀ ਰਹਿੰਦੀ ਕਿ ਕਦ ਮੈਂ ਸਫ਼ੇ ਨੂੰ ਖ਼ਤਮ ਕਰਾਂ ਤੇ ਕਦ ਉਹ ਇਸ ਨੂੰ ਗਿੱਲੇ ਅੱਖਰਾਂ ਉਤੇ ਠੱਪ ਦੇਵੇ ।

ਕਦੇ ਕਦੇ ਮੇਰੀ ਮਾਂ ਉੱਨ ਤੁੰਮਦੀ ਹੋਈ ਮੇਰੇ ਕਮਰੇ ਵਿਚ ਆ ਪੈਰ ਪਾਉਂਦੀ ਤੇ ਉਸ ਨੂੰ ਦੇਖ ਲੈਂਦੀ ਤਾਂ ਬੜੀ ਗ਼ੁੱਸੇ ਹੁੰਦੀ, "ਤੂੰ ਕੀ ਕਰਦੀ ਐਂ ਇਥੇ ? ਚਲ ਕੁੜੀਏ ਖੇਡ ਜਾ ਕੇ, ਨਿਆਣਾ ਕੰਮ ਕਰਦਾ ਏ ।"

ਉਹ ਆਪਣੀਆਂ ਵੱਡੀਆਂ ਵੱਡੀਆਂ ਬਦਾਮੀ ਅੱਖਾਂ ਉਪਰ ਚੁੱਕ ਕੇ ਆਖਦੀ, "ਮੈਂ ਕੇਹੜਾ ਇਸ ਨੂੰ ਕੁਝ ਕਹਿੰਦੀ ਆਂ ।"

ਪਰ ਮਾਂ ਰਾਮ ਪਿਆਰੀ ਵਲ ਘੂਰ ਕੇ ਕਹਿੰਦੀ, "ਜਾ, ਤੇਰੀ ਮਾਂ ਤੈਨੂੰ ਭਾਲਦੀ ਫਿਰਦੀ ਸੀ । ਐਨੇ ਨੂੰ ਬਲਵੰਤ ਕੰਮ ਮੁਕਾ ਕੇ ਆ ਜਾਊ ।" ਉਹ ਆਪਣੀ ਚੁੰਨੀ ਦਾ ਪੱਲਾ ਦੰਦਾਂ ਵਿਚ ਲੈ ਕੇ ਹੌਲੀ ਹੌਲੀ ਤੁਰਦੀ ਚਲੀ ਜਾਂਦੀ ।

ਇਕ ਦਿਨ ਉਸ ਦੇ ਜਾਣ ਪਿਛੋਂ ਮਾਂ ਨੇ ਮੈਨੂੰ ਆਖਿਆ, "ਇਸ ਨੂੰ ਨਾ ਆਉਣ ਦਿਆ ਕਰ, ਇਸ ਕੁੜੀ ਦੀ ਝਾਕਨੀ ਠੀਕ ਨਹੀਂ ।"

ਮੈਂ ਹੋਲਡਰ ਦਾ ਡੋਬਾ ਭਰ ਕੇ ਕੁਝ ਲਿਖਣ ਲੱਗਾ ਸਾਂ । ਮੇਰੀਆਂ ਉਂਗਲਾਂ ਥਿੜਕ ਗਈਆਂ ਤੇ ਸਿਆਹੀ ਸਫ਼ੇ ਉਤੇ ਖਿੰਡ ਗਈ । ਮੈਂ ਆਖਿਆ, "ਮਾਂ ਤੂੰ ਹਮੇਸ਼ਾ ਰਾਮ ਪਿਆਰੀ ਉਤੇ ਲੱਗਦੀ ਰਹਿੰਨੀ ਏਂ, ਕੀ ਖੋਟ ਏ ਉਸ ਵਿਚ ? ਮੈਨੂੰ ਤਾਂ ਬੜੀ ਪਿਆਰੀ ਲੱਗਦੀ ਏ ।"

ਬੇ-ਸਮਝੀ ਵਿਚ ਮੈਨੂੰ ਪਤਾ ਨਾ ਸੀ ਕਿ ਮੈਂ ਕੀ ਆਖ ਦਿੱਤਾ । ਇਸ ਦਾ ਗਿਆਨ ਉਸ ਵੇਲੇ ਹੋਇਆ ਜਦ ਮਾਂ ਦੀਆਂ ਪੰਜੇ ਉਂਗਲਾਂ ਮੇਰੀ ਗੱਲ੍ਹ ਉਤੇ ਉੱਘੜ ਆਈਆਂ, "ਠਹਿਰ ਡੁੱਬ-ਜਾਣਿਆਂ; ਹੁਣੇ ਤੋਂ ਪਿਆਰ ਦੀਆਂ ਗੱਲਾਂ ਕਰਦੈਂ । ਆਉਣ ਦੇ ਤੇਰੇ ਪਿਉ ਨੂੰ, ਨਾ ਸੋਟੀਆਂ ਨਾਲ ਕੁਟਵਾਇਆ !"

ਮਾਂ ਇਸ ਤਰ੍ਹਾਂ ਬੋਲਦੀ ਬਾਹਰ ਚਲੀ ਗਈ ਤੇ ਮੈਂ ਬਹੁਤ ਚਿਰ ਬੈਠਾ ਰੋਂਦਾ ਰਿਹਾ।

ਉਸ ਮਗਰੋਂ ਰਾਮ ਪਿਆਰੀ ਕਦੇ ਸਾਡੇ ਘਰ ਨਾ ਆਈ।

ਇਕ ਦੁਪਹਿਰ ਜਦ ਮਾਂ ਦੂੰਨੇ ਦੀ ਭੈਣ ਨੂੰ ਸਟੇਸ਼ਨ ਉਤੇ ਗੱਡੀ ਚੜ੍ਹਾਉਣ ਗਈ ਸੀ, ਮੈਂ ਆਪਣੇ ਕਮਰੇ ਵਿਚ ਇਕੱਲਾ ਬੈਠਾ ਕਮੀਜ਼ ਦੇ ਬਟਨ ਲਾ ਰਿਹਾ ਸਾਂ ਕਿ ਕਿਸੇ ਨੇ ਹੌਲੀ ਹੌਲੀ ਬੂਹਾ ਖੋਲ੍ਹਿਆ। "ਕੌਣ ਏ?"

"ਪਿਆਰੀ।" ਉਹ ਆ ਕੇ ਉਸੇ ਪੁਰਾਣੇ ਸਟੂਲ ਤੇ ਬੈਠ ਗਈ। "ਕੀ ਕਰਦਾ ਏਂ?"

"ਬਟਨ ਲਾਉਂਦਾ ਹਾਂ।"

"ਤੈਥੋਂ ਨਹੀਂ ਲੱਗਣੇ", ਉਸ ਆਖਿਆ, "ਲਿਆ ਮੈਂ ਲਾ ਦਿਆਂ।"

ਮੈਂ ਸੂਈ ਧਾਗਾ ਉਸ ਨੂੰ ਫੜਾ ਦਿੱਤਾ। ਮੰਜੇ ਉਤੇ ਉਹ ਮੇਰੇ ਕੋਲ ਬੈਠ ਗਈ ਤੇ ਮੇਰੇ ਗਲਵੇਂ ਦਾ ਬਟਨ ਲਾਉਣ ਲੱਗੀ। ਮੈਂ ਪੁੱਛਿਆ:

"ਪਿਆਰੀ, ਹੁਣ ਤੂੰ ਸਾਡੇ ਘਰ ਕਦੇ ਨਹੀਂ ਆਈ?" ਉਸ ਨੇ ਇਸ ਦਾ ਕੁਝ ਉੱਤਰ ਨਾ ਦਿੱਤਾ, ਸਗੋਂ ਬਟਨ ਦੇ ਭੀੜੇ ਛੇਕਾਂ ਵਿਚ ਸੂਈ ਸੂਤਦੀ ਪਤਾ ਨਹੀਂ ਬੈਠੀ ਕੀ ਸੋਚਦੀ ਸੀ।

ਮੈਂ ਉਸ ਦੇ ਸਿਉਂਦੇ ਹੱਥ ਨੂੰ ਠੱਲ੍ਹ ਕੇ ਆਖਿਆ, "ਤੂੰ ਬੋਲਦੀ ਕਿਉਂ ਨਹੀਂ। ਐਨੇ ਦਿਨ ਕਿਉਂ ਨਹੀਂ ਆਈ?"

ਗਲੀ ਦੇ ਮੋੜ ਉਤੇ ਆਉਂਦਿਆਂ ਤੀਵੀਆਂ ਵਿਚ ਮੇਰੀ ਮਾਂ ਦਾ ਬੋਲ ਸੁਣਾਈ ਦਿੱਤਾ। ਰਾਮ ਪਿਆਰੀ ਨੇ ਝੱਟ ਬਟਣ ਛੱਡ ਦਿੱਤਾ। ਉਹ ਬਗੈਰ ਕੁਝ ਆਖੇ ਉਸੇ ਤਰ੍ਹਾਂ ਚਲੀ ਗਈ ਅਤੇ ਮੈਂ ਤੇਜ ਰਾਮ ਦੇ ਹਿਸਾਬ ਵਿਚੋਂ ਨਫ਼ਾ-ਨੁਕਸਾਨ ਦੇ ਸੁਆਲ ਕੱਢਣੇ ਸ਼ੁਰੂ ਕਰ ਦਿੱਤੇ।

ਦੂਜੇ ਦਿਨ ਮੈਂ ਗਲੀ ਵਿਚੋਂ ਦੋ ਗੱਡੇ ਸਮਾਨ ਦੇ ਭਰੇ ਲੱਦੇ ਤੱਕੇ। ਮੈਂ ਮਾਂ ਨੂੰ ਪੁੱਛਿਆ, "ਇਹ ਕੀਹਦਾ ਕਾਠ ਕੁਆੜ ਲੱਦਿਆ ਜਾਂਦਾ ਏ?"

"ਤੈਨੂੰ ਨਹੀਂ ਪਤਾ? ਪਿਆਰੀ ਦੇ ਬਾਬੂ ਦੀ ਬਦਲੀ ਹੋ ਗਈ ਏ, ਤੇ ਉਹ ਅੱਜ ਜਾ ਰਹੇ ਨੇ।"

# ਦਸ

ਸਕੂਲ ਇਕ ਅਜਿਹੀ ਜੇਹਲ ਸੀ ਜਿਥੇ ਸਾਡੇ ਮਾਸਟਰ ਸਾਨੂੰ ਲੱਕੜ ਦੇ ਵਿੰਗ-ਤੜਿੰਗੇ ਬੈਂਚਾਂ ਉਤੇ ਬਿਠਾ ਕੇ ਪੂਰੇ ਛੀ ਘੰਟੇ ਵਗ਼ਾਰ ਲੈਂਦੇ ਸਨ। ਉਹ ਇਸ ਉਤੇ ਹੀ ਸਬਰ ਨਹੀਂ ਸਨ ਕਰਦੇ ਸਗੋਂ ਘਰ ਜਾ ਕੇ ਵੀ ਸਾਨੂੰ ਉਥੋਂ ਦੀ ਰਹਿੰਦ-ਖੂੰਹਦ ਨਬੇੜਨੀ ਪੈਂਦੀ ਸੀ।

ਮਾਸਟਰ ਮਲਾਵਾ ਰਾਮ ਦਾ ਕਾਲਾ ਡੰਡਾ, ਲਾਡਲੀ ਪਰਸ਼ਾਦ ਦਾ ਖੂੰਡਾ, ਬਰਮਾ ਨੰਦ ਦੀ ਬੈਂਤ ਤੇ ਹਾਜੀ ਸਾਹਿਬ ਦਾ ਰੂਲ — ਇਹ ਸਭ ਚੀਜ਼ਾਂ ਸਾਡੇ ਸਿਰ ਉਤੇ ਘਰ ਜਾ ਕੇ ਵੀ ਘੁੰਮਦੀਆਂ ਰਹਿੰਦੀਆਂ। ਹਰ ਇਕ ਮਾਸਟਰ ਦੇ ਮਾਰਨ ਤੇ ਝਿੜਕਾਂ ਦੇਣ ਦਾ ਤਰੀਕਾ ਵੱਖ ਵੱਖ ਸੀ।

ਲਾਡਲੀ ਪਰਸ਼ਾਦ ਬਾਹਰ ਬਰੋਟੇ ਹੇਠ ਪੜ੍ਹਾਉਂਦੇ ਸਨ। ਜਦ ਉਹ ਕਿਸੇ ਮੁੰਡੇ ਨੂੰ ਇਧਰ ਉਧਰ ਤੱਕਦਿਆਂ ਦੇਖਦੇ ਤਾਂ ਜਿਹੜੀ ਚੀਜ਼ ਉਨ੍ਹਾਂ ਦੇ ਹੱਥ ਵਿਚ ਹੁੰਦੀ, ਮੁੰਡੇ ਦੇ ਸਿਰ ਉਤੇ ਵਗਾਹ ਮਾਰਦੇ। ਆਮ ਤੌਰ ਤੇ ਜਮਾਤ ਵਿਚੋਂ ਕਿਸੇ ਮੁੰਡੇ ਦੀ ਕਿਤਾਬ ਹੀ ਹੁੰਦੀ ਸੀ ਜਿਹੜੀ ਉਨ੍ਹਾਂ ਦੇ ਹੱਥ ਵਿਚੋਂ ਨਿਕਲ ਕੇ ਪਹਿਲਾਂ ਤਾਂ ਗ਼ਰੀਬ ਮੁੰਡੇ ਦੇ ਸਿਰ ਨਾਲ ਵੱਜਦੀ, ਫਿਰ ਜਿਲਦ ਅਲੱਗ ਤੇ ਵਰਕੇ ਅਲੱਗ ਹੋ ਕੇ ਕਿਸੇ ਪੰਛੀ ਦੇ ਖਿਲਰੇ ਖੰਭਾਂ ਵਾਂਗ ਡਿੱਗ ਪੈਂਦੀ। ਇਸ ਪਿਛੋਂ ਕੌੜ-ਮੈਂਹ ਵਾਂਗ ਝਾਕਦੇ ਹੋਏ ਉਹ ਬੋਲਦੇ, "ਉਧਰ ਕੀ ਤੇਰੀ ਮਾਂ ਨੱਚਦੀ ਏ ਜੋ ਘੜੀ ਮੁੜੀ ਗਰਦਨ ਮਰੋੜ ਕੇ ਝਾਕਦਾ ਏਂ?"

ਮਲਾਵਾ ਰਾਮ ਇਕ ਅੱਖ ਤੋਂ ਕਾਣੇ ਸਨ ਤੇ ਦੂਜੀ ਵੀ ਵਾਹਿਗੁਰੂ ਦੀ ਕਿਰਪਾ ਨਾਲ ਬਹੁਤੀ ਤੇਜ਼ ਨਹੀਂ ਸੀ। ਉਹ ਕਿਹਾ ਕਰਦੇ ਸਨ ਕਿ ਉਨ੍ਹਾਂ ਦੀ ਉਸ ਇਕ ਅੱਖ ਵਿਚ ਹੀ ਦੂਜੀ ਅੱਖ ਦੀ ਜੋਤ ਇਕੱਠੀ ਹੋ ਗਈ ਸੀ ਤੇ ਉਹ ਉਤਨਾਂ ਹੀ ਦੇਖ ਸਕਦੇ ਸਨ ਜਿਤਨਾ ਕਿ ਕੋਈ ਹੋਰ। ਜਮਾਤ ਵਿਚ ਵੜਦਿਆਂ-ਸਾਰ ਉਹ ਉਸ ਅੱਖ ਨੂੰ, ਜਿਸ ਨਾਲ ਉਹ ਸਾਰੇ ਬ੍ਰਹਿਮੰਡ ਨੂੰ ਦੇਖਣ ਦਾ ਦਾਹਵਾ ਕਰਦੇ ਸਨ, ਇਧਰ ਉਧਰ ਘੁਮਾਉਂਦੇ ਤੇ ਫੇਰ ਇਹ ਦੇਖ ਕੇ ਕਿ ਕੀ ਸੱਚੀ-ਮੁੱਚੀ ਸਾਰੇ ਮੁੰਡੇ ਖੜੇ ਹੋਏ ਹਨ, ਉਹ ਆਪਣੀ ਕੁਰਸੀ ਉਤੇ ਬੈਠ ਜਾਂਦੇ। ਕਾਲੇ ਡੰਡੇ ਨੂੰ ਆਪਣੇ ਹੱਥ ਦੀ ਤਲੀ ਉਤੇ ਸੂਤਦੇ ਹੋਏ ਪੁੱਛਦੇ, "ਹੂੰ, ਕੋਹ ਹਿਮਾਲੀਆ ਤੇ ਕੋਹ ਸੁਲੇਮਾਨ ਦਾ ਮੁਕਾਬਲਾ ਕਰੋ।" ਸਵਾਲ ਉਨ੍ਹਾਂ ਦੇ

ਮੂੰਹੋਂ ਨਿਕਲਦਿਆਂ ਸਾਰੇ ਮੁੰਡੇ ਆਪਣਾ ਸੱਜਾ ਹੱਥ ਅੱਗੇ ਕੱਢ ਕੇ ਜ਼ੋਰ ਦੀ ਹਿਲਾਉਣ ਲੱਗ ਪੈਂਦੇ ਅਤੇ ਮੁੰਡਿਆਂ ਦੇ ਹੱਥ ਸੈਂਕੜੇ ਜੀਭਾਂ ਵਾਂਗ ਬਾਹਰ ਨਿਕਲ ਆਉਂਦੇ। ਉਹ ਇਕ ਪਾਸੇ ਤੋਂ ਦੂਜੇ ਪਾਸੇ ਘੁੰਮਦੇ ਹੋਏ ਜਾਚਦੇ ਕਿ ਕਿਸ ਦਾ ਹੱਥ ਢਿੱਲਾ ਹਿੱਲਦਾ ਹੈ। "ਹੂੰ!" ਉਹ ਆਪਣੇ ਕਾਲੇ ਡੰਡੇ ਨੂੰ ਹੱਥ ਹਿਲਾਉਂਦੇ ਹੋਏ ਫਿਰ ਕਹਿੰਦੇ, "ਹੂੰ"।

ਪਿਆਰੇ ਦਾ ਹੱਥ ਰਤੀ ਥੱਕਿਆ ਥੱਕਿਆ ਹਿੱਲਦਾ ਦੇਖ ਕੇ ਮਾਸਟਰ ਜੀ ਦੀ ਅੱਖ ਉਸ ਉਤੇ ਆ ਕੇ ਠਹਿਰ ਜਾਂਦੀ। ਖੰਘੂਰਾ ਮਾਰ ਕੇ ਉਹ ਫਿਰ ਕਹਿੰਦੇ, "ਹੂੰ, ਤੂੰ ਦੱਸ ਓਏ!"

ਉਹਨੀਂ ਦਿਨੀਂ ਮੁੰਡੇ ਇਤਨੇ ਚਤੁਰ ਨਹੀਂ ਸਨ ਕਿ ਜਿਸ ਨੂੰ ਸਵਾਲ ਨਹੀਂ ਆਉਂਦਾ, ਉਹ ਵੀ ਆਪਣਾ ਹੱਥ ਜ਼ੋਰ ਜ਼ੋਰ ਦੀ ਹਿਲਾਉਣ ਲੱਗ ਜਾਵੇ। ਮਾਸਟਰ ਜੀ ਦਾ ਅੰਦਾਜ਼ਾ ਠੀਕ ਹੀ ਬੈਠਦਾ ਤੇ ਕਮਜ਼ੋਰ ਮੁੰਡਾ ਫੜਿਆ ਜਾਂਦਾ। ਉਸ ਨੂੰ ਬਾਹਰ ਖੜਾ ਕਰ ਲੈਂਦੇ। ਕਮਜ਼ੋਰ ਮੁੰਡਿਆਂ ਨੂੰ ਉਹ ਇਉਂ ਛਾਂਟ ਛਾਂਟ ਬਾਹਰ ਕੱਢਦੇ, ਜਿਵੇਂ ਕੋਈ ਆਪਣੀ ਦਾਹੜੀ ਵਿਚੋਂ ਧੌਲੇ ਛਾਂਟਦਾ ਹੋਵੇ।

ਇਸ ਪਿਛੋਂ ਉਹ ਮੁਮਤਾਜ਼ ਨੂੰ, ਜਿਸ ਦਾ ਪਿਉ ਖ਼ਾਨਸਾਮਾਂ ਸੀ, ਪੁੱਛਦੇ "ਤੂੰ ਦੱਸ ਓਏ ਖ਼ਾਨਸਾਮਿਆ!" ਜੇ ਮੁਮਤਾਜ ਦੱਸ ਦਿੰਦਾ ਤਾਂ ਉਹ ਆਪਣੀ ਮੋਟੀ ਧੌਣ ਹਿਲਾ ਕੇ ਫਿਰ ਆਖਦੇ; "ਹੂੰ!"

ਹੱਥ ਵਿਚ ਫੜੇ ਡੰਡੇ ਨਾਲ ਉਨ੍ਹਾਂ ਕਦੇ ਕਿਸੇ ਨੂੰ ਨਹੀਂ ਸੀ ਕੁੱਟਿਆ। ਇਹ ਤਾਂ ਸਿਰਫ਼ ਉਨ੍ਹਾਂ ਨੂੰ ਪੜ੍ਹਾਈ ਦੇ ਵਾਯੂ-ਮੰਡਲ ਵਿਚ ਲਿਆਉਣ ਤੇ ਉਤਸ਼ਾਹ ਦੇਣ ਦੇ ਕੰਮ ਆਉਂਦਾ ਸੀ। ਪਹਿਲਾਂ ਪਹਿਲਾਂ ਤਾਂ ਮੁੰਡੇ ਇਸ ਮੋਟੇ ਕਾਲੇ ਡੰਡੇ ਤੋਂ ਡਰਦੇ ਰਹੇ ਪਰ ਥੋਹੜੇ ਹੀ ਦਿਨਾਂ ਪਿਛੋਂ ਪਤਾ ਲੱਗ ਗਿਆ ਕਿ ਇਹ ਤਾਂ ਮਰਿਆ ਸੱਪ ਹੈ, ਕੋਈ ਗਲ ਵਿਚ ਪਾ ਲਵੇ।

ਮਾਸਟਰ ਜੀ ਕਾਲੇ ਡੰਡੇ ਨੂੰ ਹੱਥ ਰਗੜਦੇ ਹੋਏ ਹੁਕਮ ਦੇਂਦੇ, "ਚੰਗਾ ਮਾਰੋ ਪਿਆਰੇ ਦੇ ਵੀਹ ਥੱਪੜ।" ਮੁਮਤਾਜ਼ ਪਿਆਰੇ ਦੀਆਂ ਗੱਲ੍ਹਾਂ ਉਤੇ ਚੁਪੇੜਾਂ ਮਾਰਨ ਲੱਗ ਪੈਂਦਾ।

"ਠਹਿਰੋ", ਮਾਸਟਰ ਜੀ ਨੇ ਆਪਣੀ ਅੱਖ ਦੀ ਕਾਲੀ ਤੇ ਚਿੱਟੀ ਥਾਂ ਬਦਲਦੇ ਹੋਏ ਆਖਿਆ, "ਤੂੰ ਲਾ ਕੇ ਦੱਸ ਓਏ! ਇਸ ਖ਼ਾਨਸਾਮੇ ਨੂੰ ਥੱਪੜ ਵੀ ਨਹੀਂ ਲਾਉਣੇ ਆਉਂਦੇ।"

ਇਕ-ਦਮ ਪਾਸੇ ਪਰਤ ਜਾਂਦੇ। ਪਿਆਰਾ ਖਿੱਚ ਖਿੱਚ ਕੇ ਮੁਮਤਾਜ਼ ਦੇ

ਚੁਪੇੜਾਂ ਜੜਨੀਆਂ ਸ਼ੁਰੂ ਕਰ ਦੇਂਦਾ। ਇਤਨੇ ਵਿਚ ਘੰਟੀ ਵੱਜ ਜਾਂਦੀ ਤੇ ਮਲਾਵਾ ਰਾਮ ਕਿਤਾਬ ਖੋਹਲਦੇ ਹੋਏ ਕਹਿੰਦੇ, ''ਚੰਗਾ, ਕਲ੍ਹ ਨੂੰ ਦਰਯਾਏ ਗੰਗਾ ਉਤੇ ਵਸਦੇ ਸ਼ਹਿਰਾਂ ਦੇ ਨਾਂ ਯਾਦ ਕਰ ਕੇ ਲਿਆਉਣੇ।''

ਪੰਡਤ ਬਰਮਾ ਨੰਦ ਦੀ ਮੁੰਡਿਆਂ ਵਿਚ ਬੈਂਤ ਮਸ਼ਹੂਰ ਸੀ ਅਤੇ ਮਾਪਿਆਂ ਵਿਚ ਉਨ੍ਹਾਂ ਦੀ ਪੜ੍ਹਾਈ ਦੇ ਗੁਰ। ਉਨ੍ਹਾਂ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੁੰਦੀਆਂ। ਸਾਡਾ ਖ਼ਿਆਲ ਸੀ ਕਿ ਪੜ੍ਹਾਈ ਦੇ ਤੇਜ ਕਰਕੇ ਉਨ੍ਹਾਂ ਦੀਆਂ ਅੱਖਾਂ ਵਿਚ ਵਿਦਿਆ ਦੀ ਜੋਤ ਜਗਦੀ ਸੀ। ਜਮਾਤ ਵਿਚ ਕਿਸੇ ਦੀ ਮਜਾਲ ਨਹੀਂ ਸੀ ਕਿ ਉਨ੍ਹਾਂ ਦੀ ਅੱਖ ਨਾਲ ਅੱਖ ਮਿਲਾ ਸਕੇ। ਜਦੋਂ ਉਹ ਜਮਾਤ ਵਿਚ ਆਉਂਦੇ, ਮੁੰਡਿਆਂ ਦਾ ਸਾਰਾ ਰੌਲਾ, ਸਾਰੀਆਂ ਸ਼ਰਾਰਤਾਂ ਕਿਧਰੇ ਉੱਡ ਜਾਂਦੀਆਂ। ਉਨ੍ਹਾਂ ਨੇ ਕੁੱਟ ਦੀਆਂ ਕਿਸਮਾਂ ਬਣਾਈਆਂ ਹੋਈਆਂ ਸਨ। 'ਲਾਡ ਪਿਆਰ' ਦਾ ਮਤਲਬ ਸੀ ਇਕ ਚਪੇੜ। 'ਚਿਰਕੇ ਆਉਣ' ਦੀ ਸਜ਼ਾ ਸੀ ਉਲਟੇ ਕੰਨ ਫੜਾ ਕੇ ਇਕ ਟੰਗ ਭਾਰ ਖੜਾ ਹੋਣਾ। ਜੇ ਕੋਈ ਮੁੰਡਾ ਘਰੋਂ ਸਬਕ ਯਾਦ ਨਾ ਕਰਕੇ ਆਉਂਦਾ ਤਾਂ ਪੰਡਤ ਜੀ ਉਸ ਦੀਆਂ ਉਂਗਲਾਂ ਹੋਲਡਰ ਦੀ ਡੰਡੀ ਵਿਚ ਨੱਪ ਕੇ ਦੱਬ ਦੇਂਦੇ। ਉਨ੍ਹਾਂ ਦੀ ਬੈਂਤ ਤਾਂ ਕਦੇ ਕਦੇ ਉਠਦੀ ਸੀ।

ਉਨ੍ਹਾਂ ਦੀ ਕੁੱਟ ਬਾਰੇ ਕਈ ਅਖੌਤਾਂ ਮਸ਼ਹੂਰ ਸਨ ਜਿਹੜੀਆਂ ਕਈ ਵਰ੍ਹਿਆਂ ਤੋਂ ਚਲੀਆਂ ਆਉਂਦੀਆਂ ਸਨ, ਅਤੇ ਅਸੀਂ ਵੀ ਇਹ ਜੱਦੀ ਜਾਗੀਰ, ਜਦ ਉਪਰਲੀਆਂ ਜਮਾਤਾਂ ਵਿਚ ਚੜ੍ਹ ਗਏ, ਆਪਣੇ ਬੈਂਚ ਮੱਲਣ ਵਾਲੇ ਮੁੰਡਿਆਂ ਨੂੰ ਸੰਭਾਲ ਦਿੱਤੀ।

ਪੰਡਤ ਜੀ ਆਪਣੇ ਬੁੱਲ੍ਹ ਘੁੱਟ ਕੇ ਮੀਚੀ ਰੱਖਦੇ। ਸਾਨੂੰ ਉਨ੍ਹਾਂ ਤੋਂ ਬਹੁਤ ਡਰ ਲੱਗਦਾ। ਸੁੱਤੇ ਜਾਗਦੇ ਉਨ੍ਹਾਂ ਦਾ ਘੰਟਾ ਮਸਾਂ ਮਸਾਂ ਟਪਾਉਂਦੇ। ਸੋਚਦੇ, ਸ਼ਾਇਦ ਚਪੜਾਸੀ ਸੌਂ ਗਿਆ ਹੋਵੇਗਾ। ਘੰਟੀ ਵੱਜਣ ਵਿਚ ਨਹੀਂ ਸੀ ਆਉਂਦੀ, ਤੇ ਪੰਡਤ ਜੀ ਹੌਲੀ ਹੌਲੀ ਮੀਚੇ ਬੁੱਲ੍ਹਾਂ ਨਾਲ ਅਲਜਬਰੇ ਦੀਆਂ ਔਖੀਆਂ ਮਸ਼ਕਾਂ ਸਮਝਾਉਂਦੇ ਰਹਿੰਦੇ। ਇਸ ਅਲਜਬਰੇ ਦਾ ਉਨ੍ਹਾਂ ਵੇਲਿਆਂ ਦਾ ਡਰ ਪਿਆ ਹੁਣ ਤੀਕ ਨਹੀਂ ਗਿਆ।

ਇਸ ਪਿਛੋਂ ਹਾਜੀ ਸਾਹਿਬ ਉਰਦੂ ਪੜ੍ਹਾਉਣ ਆਉਂਦੇ। ਉਹ ਨਮਾਜ਼-ਰੋਜ਼ੇ ਦੇ ਬੜੇ ਪਾਬੰਦ ਸਨ, ਤੇ ਦਾੜ੍ਹੀ ਮੁੱਛਾਂ ਇਸਲਾਮੀ ਅਸੂਲਾਂ ਅਨੁਸਾਰ ਗਿਣ ਮਿਣ ਕੇ ਤ੍ਰਾਸ਼ੀ ਰੱਖਦੇ। ਉਰਦੂ ਲਿਖਣ ਲਈ ਅਸੀਂ ਬਹੁਤਾ ਕਰ ਕੇ ਉਨ੍ਹਾਂ ਨੂੰ ਕਲਮ ਘੜਾਉਣ ਲਈ ਤੰਗ ਕਰਦੇ। ਉਨ੍ਹਾਂ ਨੇ ਸਾਰਿਆਂ ਮੁੰਡਿਆਂ

ਕੋਲੋਂ ਪੈਸਾ ਪੈਸਾ ਇਕੱਠਾ ਕਰ ਕੇ ਇਕ ਚਾਕੂ ਖ਼ਰੀਦਿਆ ਸੀ। ਪਰ ਇਸ ਸਾਂਝੇ ਚਾਕੂ ਤੋਂ ਫ਼ਾਇਦਾ ਅਮੀਰ ਮੁੰਡੇ ਈ ਉਠਾਉਂਦੇ, ਜਾਂ ਇਕ ਦੋ ਹੋਰ ਜਿਨ੍ਹਾਂ ਨੂੰ ਉਹ ਜਾਣਦੇ ਸਨ। ਉਨ੍ਹਾਂ ਦੇ ਜਾਨ ਵਾਲੇ ਮੁੰਡੇ ਅਕਸਰ ਚੰਗੇ ਘਰਾਂ ਤੋਂ ਹੁੰਦੇ ਸਨ, ਜਿਹੜੇ ਉਨ੍ਹਾਂ ਨੂੰ ਅੱਧੀ ਛੁੱਟੀ ਵੇਲੇ ਆਲੂ ਛੋਲੇ ਜਾਂ ਪੂਰੀਆਂ ਪੁੱਛ ਸਕਣ। ਪਟਵਾਰੀਆਂ ਦੇ ਮੁੰਡੇ ਤੋਂ ਉਹ ਲੱਕੜਾਂ ਤੇ ਕੱਚੀ ਘਾਣੀ ਦਾ ਤੇਲ ਮੰਗਵਾਇਆ ਕਰਦੇ। ਤੇਜਾ ਸਿੰਘ ਉਨ੍ਹਾਂ ਲਈ ਆਪਣੇ ਪਿੰਡ ਚਿੱਭੜ ਤੇ ਖੱਖੜੀਆਂ ਲੈ ਕੇ ਆਇਆ ਕਰਦਾ। ਦਾਤਾ ਰਾਮ ਉਨ੍ਹਾਂ ਲਈ ਸਬਜ਼ੀ ਲੈਣ ਚਲਾ ਜਾਂਦਾ। ਇਕ ਜਣਾ ਪਾਨ ਲੁਆਉਣ ਲਈ ਬਾਜ਼ਾਰ ਵਿਚ ਘੁੰਮਦਾ ਫਿਰਦਾ। ਇਸ ਅਨਮੋਲ ਸੇਵਾ ਦੀ ਮਿਹਰ ਉਨ੍ਹਾਂ ਸ਼ਿਸ਼ਾਂ ਉੱਤੇ ਹੀ ਹੁੰਦੀ ਜਿਹੜੇ ਉਨ੍ਹਾਂ ਨੂੰ ਸਭ ਤੋਂ ਬਹੁਤੇ ਅਜ਼ੀਜ਼ ਹੁੰਦੇ। ਮੈਂ ਉਨ੍ਹਾਂ ਮੁੰਡਿਆਂ ਦੀ ਕਿਸਮਤ ਉਤੇ ਬੜਾ ਰਸ਼ਕ ਕਰਦਾ। ਮੇਰਾ ਜੀਅ ਵੀ ਬਾਜ਼ਾਰ ਦੀ ਸੈਰ ਲਈ ਉਤਾਵਲਾ ਹੋ ਹੋ ਜਾਂਦਾ। ਪਰ ਮੈਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਕਦੀ ਉਹ ਮਾਨ ਨਾ ਪਾ ਸਕਿਆ ਜਿਸ ਕਰਕੇ ਮੈਨੂੰ ਉਹ ਆਪਣਾ ਕੋਈ ਨਿੱਕਾ ਮੋਟਾ ਕੰਮ ਸੌਂਪ ਦੇਂਦੇ।

ਉਹ ਸਲਵਾਰ ਗੋਡਿਆਂ ਤੀਕ ਚੜ੍ਹਾ ਕੇ ਪੱਬਾਂ ਭਾਰ ਕੁਰਸੀ ਉਤੇ ਬੈਠ ਜਾਂਦੇ। ਉਨ੍ਹਾਂ ਕੋਲ ਇਕ ਗੋਲ ਰੂਲ ਹੁੰਦਾ। ਇਸ ਨੂੰ ਉਹ "ਮੌਲਾ ਬਖ਼ਸ਼" ਕਹਿੰਦੇ। ਗ਼ਰੀਬ ਮੁੰਡਿਆਂ ਦੇ ਸਿਰਾਂ ਉਤੇ ਘੁਮਾਉਂਦੇ ਹੋਏ ਉਹ ਕਈ ਵਾਰ ਆਖਿਆ ਕਰਦੇ, "ਮੈਂ ਜਿਤਨਾ ਨਰਮ ਹਾਂ, ਉਤਨਾ ਈ ਸਖ਼ਤ ਵੀ ਹਾਂ। ਕੰਮ ਵੇਲੇ ਕੰਮ ਤੇ ਖੇਡ ਵੇਲੇ ਖੇਡ। ਜੇ ਤੁਹਾਡੇ 'ਚੋਂ ਕੋਈ ਕੁਸਕਿਆ ਜਾਂ ਸ਼ਰਾਰਤ ਕੀਤੀ ਤਾਂ ਇਸ ਮੌਲਾ ਬਖ਼ਸ਼ ਨੂੰ ਯਾਦ ਰਖੋ।" ਇਹ ਆਖ ਕੇ ਉਹ ਫਿਰ ਰੂਲ ਹਿਲਾਉਂਦੇ। ਪਰ ਮੌਲਾ ਬਖ਼ਸ਼ ਦਾ ਗ਼ਰੀਬ ਘਰ ਦੇ ਮੁੰਡਿਆਂ ਦੀਆਂ ਹਥੇਲੀਆਂ ਨਾਲ ਜ਼ਿਆਦਾ ਪਿਆਰ ਸੀ।

ਸਕੂਲ ਦੇ ਸਾਰੇ ਹਾਣੀਆਂ ਵਿਚੋਂ ਮੈਨੂੰ ਕਾਲੂ ਸਦਾ ਯਾਦ ਰਹੇਗਾ। ਜਦੋਂ ਉਹ ਪਹਿਲਾਂ ਪਹਿਲਾਂ ਸਾਡੇ ਸਕੂਲ ਆਇਆ ਉਸ ਦੇ ਸਿਰ ਉਤੇ ਵਾਲਾਂ ਦੇ ਸੰਘਣੇ ਗੁੰਝਲਦਾਰ ਗੁੱਛੇ ਸਨ — ਅਣ-ਵਾਹੇ, ਗਿਜ-ਗਿਜ ਕਰਦੇ। ਉਹ ਘੜੀ ਮੁੜੀ ਖੁਰਕ ਕਰਦਾ। ਉਸ ਦਾ ਝੱਗਾ ਕਈ ਵਾਰ ਲਾਲ ਡੱਬਾਂ ਨਾਲ ਲਿੱਬੜਿਆ ਹੁੰਦਾ। ਇਸ ਵਿਚ ਉਨ੍ਹਾਂ ਖਟਮਲਾਂ ਦਾ ਲਹੂ ਹੁੰਦਾ, ਜਿਹੜੇ ਉਸ ਨੂੰ ਰਾਤ ਵੇਲੇ ਵੱਢ ਖਾਂਦੇ।

ਕਈ ਵਾਰ ਉਹ ਸਕੂਲ ਦੇ ਥੜ੍ਹੇ ਉਤੇ ਬੈਠਾ ਸਿਰ ਨੀਵਾਂ ਕਰ ਕੇ ਟੁੱਟੀ ਭੱਜੀ ਕੰਘੀ ਨਾਲ ਵਾਲਾਂ ਨੂੰ ਵਾਹੁਣ ਲੱਗ ਪੈਂਦਾ। ਜ਼ੋਰ ਜ਼ੋਰ ਦੇ ਹਬਕੇ

ਮਾਰ ਕੇ ਉਹ ਮੈਲੀ ਥੋੜੀ ਕੰਘੀ ਵਿਚੋਂ ਆਪਣੇ ਵਾਲਾਂ ਨੂੰ ਸੂਤਦਾ। ਇਸ ਤਰ੍ਹਾਂ ਕਈ ਜੂੰਆਂ ਭੁਰੇ ਹੋਏ ਦੰਦਿਆਂ ਵਿਚ ਫਸ ਜਾਂਦੀਆਂ। ਉਨ੍ਹਾਂ ਜੂੰਆਂ ਨੂੰ ਇਕੱਠੀਆਂ ਕਰ ਕੇ ਉਹ ਹੱਸਦਾ ਹੋਇਆ ਇਕ ਇਕ ਨੂੰ ਆਪਣੇ ਨਹੁੰ ਉਤੇ ਮਾਰਦਾ। ਕਈ ਵਾਰ ਉਹ ਤਿੰਨ ਚਾਰ ਜੂੰਆਂ ਆਪਣੀ ਹਥੇਲੀ ਉਤੇ ਲਈ ਫਿਰਦਾ — ਇਹ ਬੇਸੂਰਤ ਲੀਖਾਂ, ਨਿੱਕੀਆਂ,ਧੱਖਾਂ, ਬੇਹੋਸ਼ ਜਿੰਦ ਦੇ ਦਾਣੇ ਉਸ ਦੇ ਹੱਥ ਉਤੋਂ ਐਵੇਂ ਇਧਰ ਉਧਰ ਰੁੜ੍ਹਦੇ ਰਹਿੰਦੇ। ਉਹ ਹੱਸਦਾ ਰਹਿੰਦਾ ਤੇ ਜਦੋਂ ਘੰਟੀ ਵੱਜਦੀ ਤਾਂ ਸਭਨਾਂ ਨੂੰ ਨਹੁੰ ਉਤੇ ਕੜਕਾ ਕੇ ਮਾਰ ਦੇਂਦਾ। ਉਹ ਸਭਨਾਂ ਤੋਂ ਛੇਕੜਲੇ ਬੈਂਚ ਉਤੇ ਬੈਠਦਾ। ਉਹਦੀ ਧੌਣ ਉਤੇ ਵਾਲਾਂ ਦੀ ਇਕ ਲੰਮੀ ਜਟੂਰੀ ਪਈ ਰਹਿੰਦੀ ਅਤੇ ਸਿਰ ਦੇ ਵਿਚਕਾਰ ਵਾਲਾਂ ਦੀ ਇਕ ਮੋਟੀ ਬੋਦੀ ਸੀ। ਦੋ ਬੋਦੀਆਂ ਹੋਣ ਕਰ ਕੇ ਮੁੰਡਿਆਂ ਉਹਦਾ ਨਾਂ 'ਦਬੋਦੀ' ਰਖਿਆ ਹੋਇਆ ਸੀ।

ਕਾਲੂ ਨੇ ਕਦੀ ਪੈਰੀਂ ਜੁੱਤੀ ਨਹੀਂ ਸੀ ਪਾਈ। ਪਾਟੇ ਟਾਕੀਆਂ ਵਾਲੇ ਕੋਟ ਵਿਚ ਹੀ ਉਸ ਦੇ ਸਿਆਲ ਹੁਨਾਲ ਲੰਘ ਜਾਂਦੇ। ਜਦ ਉਸ ਦਾ ਸੁਆਲ ਗਲਤ ਹੁੰਦਾ ਤਾਂ ਮਾਸਟਰ ਬਾਕੀ ਜਮਾਤ ਦੇ ਕੁੱਟਣ ਦਾ ਹਿਰਖ ਉਸ ਉਤੇ ਕੱਢਦਾ — "ਕਿਉਂ ਓਏ ਕਾਲੂ, ਜੁਗਰਾਫ਼ੀਆ ਤੇਰੀ ਮਾਂ ਯਾਦ ਕਰੂ ? ਸਾਰਾ ਦਿਨ ਇੱਲਤਾਂ ਤੋਂ ਨਹੀਂ ਟਲਦਾ!" ਫਿਰ ਡੰਡਾ ਮਾਰਦੇ ਹੋਏ — "ਦਸ ਖਾਂ ਕੁਸਤੁਨਤੁਨੀਆ ਕਿਉਂ ਮਸ਼ਹੂਰ ਹੈ ?"

ਔਲੇ ਮੌਲੇ ਕਾਲੂ ਨੂੰ ਕੁਝ ਸਮਝ ਨਾ ਪੈਂਦਾ।

"ਓਏ ਦੱਸ..." ਮਾਸਟਰ ਉਸ ਦੀ ਵੱਖੀ ਵਿਚ ਡੰਡਾ ਖਭੋਂਦੇ ਹੋਏ ਕਹਿੰਦਾ, "ਆ ਜਾਂਦੇ ਨੇ ਘਰੋਂ ਪਿਉ ਵਾਲੇ ਸਕੂਲ ਪੜ੍ਹਨ। ਕਿਉਂ ਓਏ, ਘਰ ਕੀ ਲਵੇਰੀਆਂ ਚਾਰਦਾ ਰਹਿੰਨਾ ਏਂ ?"

ਮਾਸਟਰ ਉਸ ਦੇ ਲੱਕੜ ਵਰਗੇ ਹੱਥਾਂ ਉਤੇ ਨਰਮ ਪਤਲੀ ਤੂਤ ਦੀ ਛਮਕ ਮਾਰਦਾ, ਤੇ ਕਾਲੂ ਦੀਆਂ ਅੱਖਾਂ ਵਿਚੋਂ ਹੰਝੂ ਵਗ ਤੁਰਦੇ। ਉਹ ਸੜ੍ਹਾਕੇ ਮਾਰਦਾ ਰੋਣ ਲੱਗ ਜਾਂਦਾ। ਮਾਸਟਰ ਬੂਹਕਦੇ ਹੋਏ ਕਾਲੂ ਨੂੰ ਠੇਡਾ ਮਾਰ ਕੇ ਆਖਦਾ — "ਜਾਹ ਜਾ ਕੇ ਆਪਣੀ ਥਾਂ ਉਤੇ ਖੜਾ ਹੋ ਜਾ!"

ਇਕ ਦਿਨ ਮੌਲਵੀ ਅਬਦੁਲ ਗ਼ਨੀ ਦੀ ਘੰਟੀ ਸੀ। ਮੌਲਵੀ ਹੋਰੀਂ ਸਦਾ ਹੀ ਇਉਂ ਰਹਿੰਦੇ ਜਿਵੇਂ ਘਰੋਂ ਲੜ ਕੇ ਆਏ ਹੁੰਦੇ ਹਨ। ਗੱਲ ਗੱਲ ਉਤੇ ਮੁੰਡਿਆਂ ਨਾਲ ਉਲਝ ਪੈਂਦੇ, ਔਖੇ ਸਵਾਲ ਪੁੱਛਦੇ ਤੇ ਪਿਛਲਾ ਸਬਕ ਸੁਣਾਉਣ ਲਈ ਕਦੇ ਕਿਸੇ ਨੂੰ ਤੇ ਕਦੇ ਕਿਸੇ ਨੂੰ ਖੜਾ ਕਰ ਲੈਂਦੇ। ਹਮੇਸ਼ਾਂ ਹੀ

ਉਨ੍ਹਾਂ ਦੀ ਜਮਾਤ ਵਿਚ ਇਕ ਦੋ ਮੁੰਡੇ ਸੁਆਲ ਹੱਲ ਨਾ ਕਰ ਸਕਣ ਕਾਰਣ ਖੜੇ ਰਹਿੰਦੇ ਤੇ ਬਾਕੀ ਦੇ ਸਿਰ ਨੀਵੇਂ ਕਰੀ ਸੁਆਲ ਕੱਢਦੇ ਰਹਿੰਦੇ।

ਉਸ ਦਿਨ ਕਮਰੇ ਵਿਚ ਡਰ ਤੇ ਕ੍ਰੋਧ ਦੀ ਬੜੀ ਚੁੱਪ-ਚਾਂ ਸੀ। ਮੌਲਵੀ ਸਾਹਿਬ ਸਾਹਮਣੇ ਚੌਕੀ ਉਤੇ ਬੈਠੇ ਡੰਡੇ ਨੂੰ ਹੱਥ ਵਿਚ ਸੂਤ ਰਹੇ ਸਨ ਕਿ ਇਤਨੇ ਵਿਚ ਕਾਲੂ ਸਹਿਮਿਆ ਜਿਹਾ ਬਸਤਾ ਕੱਛ ਵਿਚ ਮਾਰੀ ਢਿੱਲੇ ਢਿੱਲੇ ਕਦਮਾਂ ਨਾਲ ਬੂਹੇ ਉਤੇ ਅੱਪੜਿਆ। ਉਸ ਨੂੰ ਦੇਖਦੇ-ਸਾਰ ਮੌਲਵੀ ਸਾਹਿਬ ਦੇ ਮੱਥੇ ਦੇ ਵੱਟ ਹੋਰ ਡੂੰਘੇ ਹੋ ਗਏ ਅਤੇ ਉਹ ਕੜਕ ਕੇ ਬੋਲੇ, ''ਆ ਗਿਐਂ ਓਏ ? ਚੰਗਾ ਪਹਿਲਾਂ ਇਧਰ ਆ।''

ਕਾਲੂ ਕੰਬਦਾ ਹੋਇਆ ਮੌਲਵੀ ਵੱਲ ਸਰਕਿਆ। ਮੌਲਵੀ ਨੇ ਸੱਜਾ ਦੇਖਿਆ ਨਾ ਖੱਬਾ, ਲੈਂਦੇ ਸਾਰ ਉਸ ਦੇ ਮੂੰਹ ਉਤੇ ਤਾਬੜਤੋੜ ਕਈ ਚਪੇੜਾਂ ਕੱਢ ਮਾਰੀਆਂ ਅਤੇ ਉਸ ਦੇ ਜੂੜਿਆਂ ਨੂੰ ਫੜ ਕੇ ਝੰਜੋੜਿਆ। ਕਾਲੂ ਸੁੰਨ-ਸੁੰਨ ਅੱਧਾ-ਬੇਹੋਸ਼ਾ ਮੌਲਵੀ ਸਾਹਿਬ ਦੇ ਠੇਡਿਆਂ ਨਾਲ ਬੌਂਦਲਿਆ ਆਪਣੇ ਤੱਪੜ ਉਤੇ ਜਾ ਡਿੱਗਿਆ। ਉਸ ਦੇ ਬਸਤੇ ਦੀਆਂ ਕਿਤਾਬਾਂ ਇਧਰ ਉਧਰ ਖਿੱਲਰ ਗਈਆਂ ਅਤੇ ਦਵਾਤ ਵਿਚੋਂ ਸਾਰੀ ਸਿਆਹੀ ਉਸਦੇ ਕੋਟ ਉਤੇ ਡੁਲ੍ਹ ਗਈ।

ਮੁੰਡੇ ਡਰ ਤੇ ਮਾਰ ਦੀ ਇਸ ਸਖ਼ਤੀ ਵਿਚ ਸੁੰਗੜੇ ਬੈਠੇ ਸਨ।

ਮੌਲਵੀ ਦਾ ਆਖ਼ਰੀ ਠੇਡਾ ਵੱਜਣ ਨਾਲ ਕਾਲੂ ਚੀਕ ਪਿਆ। ਪਤਾ ਨਹੀਂ ਉਸ ਦੀ ਚੀਕ ਵਿਚ ਕੀ ਸੀ ? ਜਿਵੇਂ ਉਸ ਦੀ ਰੂਹ ਨੇ ਓੜਕ ਇਕ ਭਰਵਾਂ ਹੰਭਲਾ ਮਾਰ ਕੇ ਚਿਰ ਦੀ ਬਰਦਾਸ਼ਤ ਦੇ ਖਲੇਪੜ ਵਗਾਹ ਮਾਰੇ ਹੋਣ। ਉਸ ਦੇ ਬੁੱਲ੍ਹ ਕੰਬੇ ਅਤੇ ਉਹ ਖੜਾ ਹੋ ਗਿਆ।

ਮੌਲਵੀ ਨੇ ਦੰਦ ਪੀਹ ਕੇ ਮੁੜ ਆਖਿਆ — ''ਸ਼ੈਤਾਨ !''

ਕਾਲੂ ਦੀਆਂ ਫਿੱਕੀਆਂ ਅੱਖਾਂ ਵਿਚ ਨਰੋਜੀ ਤਿੱਖ ਚਮਕਣ ਲੱਗ ਪਈ। ਉਸ ਦੀਆਂ ਪੁਤਲੀਆਂ ਸੁੰਗੜ ਗਈਆਂ, ਅਤੇ ਉਨ੍ਹਾਂ ਵਿਚ ਪੀਤੇ ਹੋਏ ਸਬਰ ਦੀਆਂ ਕਿਰਮਚੀ ਕਿਰਨਾਂ ਭਖ਼ ਉਠੀਆਂ। ਉਹ ਹਟਕੋਰਿਆਂ ਵਿਚ ਬੋਲਿਆ, ''ਮੌਲਵੀ ਸਾਹਿਬ, ਰਾਤੀਂ ਮੇਰੀ ਮਾਂ...ਮਰ...ਗਈ...ਸੀ...''

ਉਹ ਆਪਣੀਆਂ ਕਿਤਾਬਾਂ ਇਕੱਠੀਆਂ ਕੀਤੇ ਬਿਨਾਂ ਹੌਲੀ ਹੌਲੀ ਟੁਰਦਾ ਬਾਹਰ ਨਿਕਲ ਗਿਆ।

ਉਸ ਦਿਨ ਪਿਛੋਂ ਮੁੜ ਕਾਲੂ ਕਦੀ ਸਕੂਲ ਨਾ ਆਇਆ।

# ਗਿਆਰਾਂ

ਜਦ ਮੈਂ ਅੱਠਵੀਂ ਦਾ ਇਮਤਿਹਾਨ ਦੇ ਚੁਕਿਆ, ਸਕੂਲ ਬੰਦ ਸਨ। ਹੁਣ ਕਦੀ ਮੇਰੀ ਮਾਂ ਨੇ ਮੈਨੂੰ ਪੜ੍ਹਨ ਲਈ ਨਹੀਂ ਸੀ ਆਖਿਆ। ਉਸ ਦਾ ਖ਼ਿਆਲ ਸੀ ਕਿ ਪੁਰਾਣੀਆਂ ਕਿਤਾਬਾਂ ਫੇਲ੍ਹ ਮੁੰਡੇ ਪੜ੍ਹਦੇ ਹਨ। ਇਸ ਲਈ ਆਪਣੇ ਹਾਣੀਆਂ ਨਾਲ ਮੈਂ ਇਸ ਤਰ੍ਹਾਂ ਖੇਡਦਾ ਰਹਿੰਦਾ ਜਿਵੇਂ ਬੇਸ਼ੁਮਾਰ ਭੰਵਰੇ ਸੂਰਜ ਦੀਆਂ ਕਿਰਨਾਂ ਦੇ ਜਾਲ ਵਿਚ ਖੇਡ ਰਹੇ ਹੋਣ। ਆਜ਼ਾਦੀ ਦਾ ਇਕ ਵੱਡਾ ਸਮੁੰਦਰ ਮੇਰੇ ਇਰਦ-ਗਿਰਦ ਸਾਹ ਲੈਂਦਾ ਸੀ।

ਮੈਂ ਕਈ ਥਾਂ ਜਾਣ ਦੀਆਂ ਸਲਾਹਾਂ ਮਿੱਥੀਆਂ ਪਰ ਮਾਂ ਤਪਾ ਮੰਡੀ ਸਿਵਾਏ ਹੋਰ ਕਿਸੇ ਥਾਂ ਵੀ ਭੇਜਣ ਲਈ ਰਾਜ਼ੀ ਨਹੀਂ ਸੀ।

ਹਾੜ੍ਹ ਦਾ ਅੱਧਾ ਕੁ ਮਹੀਨਾ ਮੁੱਕ ਚੁਕਿਆ ਸੀ, ਪਰ ਹਾਲੇ ਵੀ ਛੁੱਟੀਆਂ ਦੇ ਦੋ ਮਹੀਨੇ ਪਏ ਸਨ। ਨਾਨਕੇ ਗਏ ਮੈਨੂੰ ਚਾਰ ਸਾਲ ਹੋ ਗਏ ਸਨ। ਹੁਣ ਅੱਠਵੀਂ ਪਾਸ ਕਰਨ ਪਿਛੋਂ ਨਾਨੀ ਦੀਆਂ ਗੱਲਾਂ, ਲੱਡੂ ਤੇ ਪਤਾਸੇ ਸਭ ਯਾਦ ਆਏ। ਭਾਵੇਂ ਉਮਰ ਦੇ ਵਧਣ ਕਰ ਕੇ ਇਨ੍ਹਾਂ ਚੀਜ਼ਾਂ ਲਈ ਮੇਰਾ ਚਾਅ ਘਟ ਗਿਆ ਸ਼ੀ, ਪਰ ਥਾਂ ਦੀ ਬਦਲੀ ਤੇ ਨਾਨੀ ਦੀਆਂ ਪੁਰਾਣੀਆਂ ਯਾਦਾਂ ਕਰ ਕੇ ਮੈਂ ਤਪੇ ਜਾਣ ਦੀ ਸਲਾਹ ਬਣਾ ਲਈ।

ਇਸ ਵਾਰ ਜਦੋਂ ਮੈਂ ਨਾਨਕੇ ਗਿਆ ਤਾਂ ਮੈਂ ਬਹੁਤ ਬਦਲਿਆ ਹੋਇਆ ਸਾਂ। ਪਰ ਨਾਨੀ ਦਾ ਘਰ ਉਸੇ ਤਰ੍ਹਾਂ ਸੀ। ਪਹਿਲਾਂ ਵਾਂਗ ਹੀ ਇਸ ਵਿਚ ਸਨਾਤਨ ਕਾਲ ਦੀ ਬੂ ਸੀ। ਘਰ ਦੇ ਪਿਛਾੜੀ ਬੈਠਕ ਵਿਚ ਨਾਨੇ ਦੀਆਂ ਦਵਾਈਆਂ, ਖਰਲ, ਡੱਬੇ ਤੇ ਅਰਕ ਦੀਆਂ ਖ਼ਾਲੀ ਬੋਤਲਾਂ, ਜਿਨ੍ਹਾਂ ਉਤੇ ਕੇਲ ਬੂਟੇ ਕੱਢੇ ਹੋਏ ਸਨ, ਉਸੇ ਤਰ੍ਹਾਂ ਪਏ ਸਨ। ਲੱਕੜਾਂ ਵਾਲੇ ਕੋਠੇ ਵਿਚ ਮੱਕੜੀ ਦੇ ਜਾਲੇ ਅੱਗੇ ਨਾਲੋਂ ਕੁਝ ਕੁ ਵਧ ਸਨ, ਜਿਵੇਂ ਨਾਨੀ ਦੇ ਮੂੰਹ ਦੀਆਂ ਝੁਰੜੀਆਂ ਅੱਗੇ ਨਾਲੋਂ ਵਧੇਰੇ ਡੂੰਘੀਆਂ ਸਨ। ਮਾਮੇ ਵਿਚ ਕੋਈ ਬਹੁਤਾ ਫ਼ਰਕ ਨਹੀਂ ਸੀ ਆਇਆ। ਸਿਰਫ਼ ਇਹੋ ਕਿ ਉਸ ਦੀ ਗੱਲ੍ਹ ਉੱਤੇ ਉਗਿਆ ਕਾਲਾ ਮਹੁਕਾ ਪਹਿਲਾਂ ਨਾਲੋਂ ਕੁਝ ਵੱਡਾ ਵੱਡਾ ਲਗਦਾ ਸੀ ਤੇ ਉਸ ਦੇ ਦੰਦ ਜਿਹੜੇ ਪਾਨ ਚਬਦੇ ਰਹੇ ਸਨ, ਰਤੀ ਜ਼ਿਆਦਾ ਧੁਆਂਕਲੇ ਹੋ ਗਏ ਸਨ। ਡਿਊਢੀ ਵਿਚਕਾਰ ਲਾਲਟੈਣ ਉਸੇ ਤਰ੍ਹਾਂ ਟੰਗੀ ਹੋਈ ਸੀ। ਹੋਰ ਤਾਂ ਹੋਰ ਨਾਨੀ ਦੀ ਨਸਵਾਰ ਦੀ

ਡੱਬੀ ਤੇ ਮਾਮੀ ਦੀ ਤਿੰਨ-ਟੰਗੀ ਸੁਰਮੇਦਾਨੀ ਵੀ ਓਹੋ-ਜਹੀ ਦੀ ਓਹੋ ਜਹੀ ਸੀ। ਹਾਂ, ਵਿਹੜੇ ਦੇ ਖੱਬੇ ਪਾਸੇ ਉੱਚੀ ਕੰਧ ਢਹਿ ਗਈ ਸੀ, ਜਿਵੇਂ ਵਕਤ ਦੇ ਤੇਜ਼ ਨਸਦੇ ਘੋੜੇ ਨੇ ਜਾਂਦੇ ਜਾਂਦੇ ਵੀ ਇਸ ਘਰ ਉੱਤੇ ਵੀ ਇਕ ਦੁਲੱਤੀ ਝਾੜ ਦਿੱਤੀ ਹੋਵੇ।

ਨਾਨੀ ਨੇ ਸਭਨਾਂ ਗੁਆਂਢਣਾਂ ਨਾਲ ਮੇਰੀ ਸਿਆਣ ਕਰਵਾਈ। "ਪੁੰਨੀ ਦਾ ਪੁੱਤ ਬਲੰਤ ਆਇਆ ਏ, ਸੁਖ ਨਾਲ ਅੱਠ ਜਮਾਤਾਂ ਪੜ੍ਹ ਗਿਆ ਏ।"

ਮੈਨੂੰ ਸਭੇ ਤੀਵੀਆਂ ਦੇਖਣ ਆਈਆਂ, ਗਲੀ ਮਹੱਲੇ ਦੀਆਂ ਕੁੜੀਆਂ ਵੀ, ਤੇ ਹੋਰ ਕਈ ਮੁੰਡੇ ਜਿਹੜੇ ਪੜ੍ਹ ਕੇ ਹਟ ਚੁਕੇ ਸਨ। ਸਭਨਾਂ ਨੇ ਅਸਚਰਜ ਕੀਤਾ, "ਬੱਲੇ ਬੱਲੇ, ਕੀ ਅੰਤ ਐ ਵਿਦਿਆ ਦਾ! ਅੱਠ ਪਾਸ ਕਰ ਲਈਆਂ ਨੇ।"

ਨਾਨੀ ਵਾਰ ਵਾਰ ਆਖਦੀ, "ਹਾਂ ਅੱਠ ਤੇ ਅਜੇ ਕਿਹੜਾ ਸਬਰ ਕਰਦਾ ਏ। ਆਖਦਾ ਏ, ਪੂਰੀਆਂ ਦਸ ਕਰਾਂਗਾ। ਧੰਨ ਏ ਇਸ ਦਾ ਮੱਥਾ, ਖਬਰੇ ਕਿਵੇਂ ਏਨਾ ਬੋਝ ਸਹਾਰ ਲੈਂਦਾ ਏ!"

ਮੇਰੀ ਹਰ ਚੀਜ਼ ਬਦਲੀ ਹੋਈ ਸੀ, ਪਰ ਉਹ ਸਭੇ ਉਸੇ ਤਰ੍ਹਾਂ ਸਨ। ਨਾਨੀ ਦੇ ਦੋ ਸੂਏ ਦੰਦ ਓਕਰ ਹੀ ਲੰਬੇ ਪੀਲੇ ਤੇ ਤਿੱਖੇ ਸਨ। ਬੋਲਣ ਲੱਗੇ ਪਹਿਲਾਂ ਵਾਂਗ ਸ਼ਬਦ ਥਥਲਾ ਜਾਂਦੇ ਤੇ ਉਪਰਲਾ ਬੁਲ੍ਹ ਝੁਰੜਿਆ ਜਾਂਦਾ। ਸਾਰੇ ਘਰ ਦਾ ਵਾਯੂ-ਮੰਡਲ ਇਤਨਾ ਜਾਣੂ-ਪਛਾਣੂ ਲਗਦਾ ਸੀ ਕਿ ਜਾਂ ਕਿਸੇ ਕੋਠੇ ਨੂੰ ਸੁੰਘ ਕੇ ਹੀ ਮੈਂ ਦੱਸ ਸਕਦਾ ਸਾਂ ਕਿ ਇਹ ਮੇਰੀ ਨਾਨੀ ਦਾ ਘਰ ਹੈ। ਮੇਰੇ ਲਈ ਉਹ ਸਭ ਲੋਕ ਇਸ ਤਰ੍ਹਾਂ ਸਨ ਜਿਵੇਂ ਉਹ ਕਾਲੇ ਸਾਗਰ ਉਤੇ ਤਰ ਨਾ ਰਹੇ ਹੋਣ, ਸਗੋਂ ਕਿਸੇ ਘੱਟ ਡੂੰਘੇ ਪਾਣੀ ਦੀ ਰੇਤਲੀ ਘਾਟੀ ਵਿਚ ਫਸੇ ਖੜੇ ਹੋਣ। ਉਨ੍ਹਾਂ ਦੇ ਆਲੇ-ਦੁਆਲੇ ਛੱਲਾਂ ਉਠਦੀਆਂ ਸਨ ਪਰ ਉਹ ਆਪਣੀ ਥਾਂ ਉਤੇ ਅਹਿੱਲ ਜੰਮੇ ਹੋਏ ਸਨ।

ਇਸ ਵਾਰ ਮੈਨੂੰ ਦੁਕਾਨ ਦਾ ਬਹੁਤਾ ਚਾਅ ਨਹੀਂ ਸੀ। ਗਰਮੀਆਂ ਦੇ ਦਿਹਾੜੇ ਹੋਣ ਕਰ ਕੇ ਹੱਟੀ ਉੱਤੇ ਤਪਦੀ ਭੱਠੀ ਦਾ ਸੇਕ ਝੱਲਿਆ ਨਹੀਂ ਸੀ ਜਾਂਦਾ ਤੇ ਨਿਰੀ ਖੰਡ ਦੀਆਂ ਰਿਉੜੀਆਂ, ਪਤਾਸੇ ਵੀ ਅਤਿ-ਮਿੱਠੇ ਤੇ ਚਿਪ-ਚਿਪੇ ਜਿਹੇ ਲਗਦੇ। ਦੋ ਚਾਰ ਦਿਨਾਂ ਵਿਚ ਹੀ ਘਰ ਤੋਂ ਹੱਟ ਤੇ ਹੱਟੋਂ ਘਰ ਆਉਣ ਦਾ ਨਵਾਂ-ਪਣ ਖ਼ਤਮ ਹੋ ਗਿਆ। ਕੋਈ ਅਜਿਹੀ ਗੱਲ ਨਹੀਂ ਸੀ ਜਿਹੜੀ ਮੇਰੀ ਤਵੱਜਾ ਖਿੱਚ ਸਕੇ। ਮੈਂ ਇਕੱਲਾ ਤੇ ਰੁੱਖਾ ਰੁੱਖਾ ਮਹਿਸੂਸ ਕਰਨ ਲੱਗ ਪਿਆ।

ਸਕੂਲ ਦਾ ਕੰਮ ਕੋਈ ਬਹੁਤ ਨਹੀਂ ਸੀ। ਲੰਮੀਆਂ ਲੰਮੀਆਂ ਦੁਪਹਿਰਾਂ

ਦੇ ਕਿਸੇ ਵੇਲੇ ਹੀ ਮੈਂ ਇਕ ਦੋ ਘੰਟੇ ਪੜ੍ਹ ਲਿਆ ਕਰਦਾ। ਦੁਪਹਿਰੇ ਦੀ ਡੂੰਘੀ ਚੁੱਪ ਵਿਚ ਊਂਘ ਆ ਜਾਂਦੀ ਅਤੇ ਮੈਂ ਬਰਸਾਤੀ ਵਿਚ ਸੁਆਲ ਕੱਢਦਾ ਹੋਲਡਰ ਫੜੀ ਖਰੋੜੇ ਹੀ ਮੰਜੀ ਉਤੇ ਸੌਂ ਜਾਂਦਾ। ਜਦ ਤਾਕੀ ਵਿਚੋਂ ਪੱਛਮ ਵੱਲ ਲੱਥਦੇ ਸੂਰਜ ਦੀਆਂ ਤੱਤੀਆਂ ਕਿਰਨਾਂ ਪੈਰਾਂ ਉੱਤੇ ਪੈਂਦੀਆਂ ਤਾਂ ਬੁੱਲਾਂ ਉੱਤੇ ਜੀਭ ਫੇਰਦਾ ਹੋਇਆ ਉਠਦਾ। ਮੇਰੀਆਂ ਗੱਲ੍ਹਾਂ ਉਤੇ ਵਾਣ ਦੇ ਚਖੂੰਟੇ ਨਿਸ਼ਾਨ ਪਏ ਹੁੰਦੇ ਸਨ।

ਇਕ ਦਿਨ ਮੇਰਾ ਉਖੜਿਆ ਉਖੜਿਆ ਜੀਅ ਕਿਤਾਬਾਂ ਵਿਚ ਜੁੜਦਾ ਨਹੀਂ ਸੀ। ਅੱਕੇ ਹੋਏ ਨੇ ਕਿਤਾਬ ਪੀੜ੍ਹੀ ਉਤੇ ਰੱਖ ਦਿੱਤੀ ਤੇ ਬਾਹਰ ਤੱਕਿਆ। ਸਾਹਮਣੇ ਘਰ ਦੇ ਬਨੇਰੇ ਉਤੇ ਲੀੜੇ ਸੁੱਕਣੇ ਪਏ ਸਨ ਤੇ ਵਿਹੜੇ ਦੀ ਬੰਨੀ ਉਤੇ ਕੁੜਤੇ ਘਗਰੇ ਟੰਗੇ ਹੋਏ ਸਨ। ਦੂਰ ਸੂਏ ਦੇ ਕੰਢੇ ਜੱਟ ਕੂਹਣੀਆਂ ਤੀਕਰ ਨੰਗੀਆਂ ਬਾਹਵਾਂ ਧੋਂਦੇ ਸਨ। ਖੇਤਾਂ ਵਿਚ ਡੁੱਬਦੇ ਸੂਰਜ ਦੀ ਸੂਹੀ ਰੋਸ਼ਨੀ ਮੁੱਠੀਆਂ ਭਰ ਭਰ ਗੁਲਾਲ ਖਿੰਡਾਉਂਦੀ ਪੱਛਮ ਵੱਲ ਨਿੱਘਰਦੀ ਜਾਂਦੀ ਸੀ। ਮੈਂ ਇਨ੍ਹਾਂ ਰੁਮਕਦੀਆਂ ਖ਼ੁਸ਼ਬੂਆਂ ਨੂੰ ਸੁੰਘਣ ਲਈ ਲੰਬੇ ਸਾਹ ਲੈਣ ਲੱਗਾ। ਮੈਨੂੰ ਆਪਣਾ ਘਰ ਯਾਦ ਆਇਆ ਜਿਥੇ ਮੀਂਹ ਨਾਲ ਗਿੱਲੇ ਟਿੱਬਿਆਂ ਉੱਤੇ ਬੀਰ-ਵਹੁਟੀਆਂ ਫੜਦਾ ਆਪਣੇ ਪਿਛੇ ਮੋਟੀਆਂ ਕੋਝੀਆਂ ਪੈੜਾਂ ਛੱਡਦਾ ਮੈਂ ਹਾਣੀਆਂ ਨਾਲ ਖੇਡਦਾ ਫਿਰਦਾ ਸਾਂ। ਸਾਰੇ ਗੁਆਂਢ ਦੇ ਮੁੰਡੇ ਕੁੜੀਆਂ ਰਲ ਕੇ ਕੱਕੇ ਰੇਤੇ ਦੇ ਪਿੰਨੇ, ਬੁਰਜ ਤੇ ਘਰੋਂਦੇ ਬਣਾਉਂਦੇ ਤੇ ਢਾਉਂਦੇ। ਚਾਨਣੀ ਰਾਤ ਵਿਚ ਅਸੀਂ ਚੱਕਰ ਬੰਨ੍ਹ ਕੇ 'ਕਾਜ਼ੀ-ਕੋਰੜੇ ਦੀ ਮਾਰ' ਖੇਡਦੇ। ਸੋਭੇ ਤਰਖਾਣ ਦੇ ਘਰ ਉੱਗੀ ਪਿੱਪਲੀ ਨਾਲ ਮੇਰਾ ਬਚਪਨ ਜੁੜਿਆ ਹੋਇਆ ਸੀ। ਚੇਤ ਦੀਆਂ ਰਾਤਾਂ, ਜਦ ਮੈਂ ਮਾਂ ਦੀ ਝੋਲੀ ਵਿਚ ਪਿਆ ਗੀਤ ਸੁਣਦਾ ਰਹਿੰਦਾ। ਉਹ ਗੀਤ ਜਿਨ੍ਹਾਂ ਨਾਲ ਮੇਰਾ ਤਖ਼ੀਅਲ ਗੁੰਦਿਆ ਹੁੰਦਾ, ਅਤੇ ਮੰਦਰ ਦਾ ਪੁਰਾਣਾ ਘਸਿਆ ਟੱਲ ਯਾਦ ਆਉਂਦਾ ਜਿਸ ਨਾਲ ਲਮਕ ਕੇ ਹੂਟੇ ਲੈਣ ਲਈ ਅਸੀਂ ਬੁੱਢੇ ਖੰਘੂ ਪੁਜਾਰੀ ਦੇ ਹਾੜੇ ਕੱਢਦੇ... ਛੇਕੜ ਮੈਂ ਨਾਨੀ ਨੂੰ ਆਖਿਆ, "ਨਾਨੀ, ਮੈਂ ਤਾਂ ਬਠਿੰਡੇ ਵਾਪਸ ਜਾਣਾ ਏ।"

"ਕਿਉਂ?" ਉਸ ਪੁੱਛਿਆ।

"ਜੀ ਨਹੀਂ ਲੱਗਦਾ।"

"ਪਰ ਥੋੜ੍ਹੇ ਦਿਨ ਠਹਿਰ ਜਾ, ਤੀਆਂ ਦੇਖ ਕੇ ਜਾਈਂ। ਹਾਲੇ ਤਾਂ ਛੁੱਟੀਆਂ ਹਨ।"

ਮੈਂ ਫਿਰ ਦਿਲ ਨੂੰ ਪੱਕਿਆਂ ਕਰ ਲਿਆ ਤੇ ਇਸੇ ਤਰ੍ਹਾਂ ਬਹੁਤ ਦਿਹਾੜੇ ਬੀਤ ਗਏ।

ਬੇਸ਼ਕ ਗਰਮੀ ਬਹੁਤ ਸੀ ਪਰ ਹੁਣ ਕਦੇ ਕਦੇ ਅਸਮਾਨ ਵਿਚ ਬੱਦਲ ਖੰਘੂਰਾ ਮਾਰ ਉੱਠਦੇ ਜਿਵੇਂ ਆਉਣ ਤੋਂ ਪਹਿਲਾਂ ਸਾਨੂੰ ਖ਼ਬਰਦਾਰ ਕਰਨਾ ਚਾਹੁੰਦੇ ਹੋਣ। ਸੋਣ ਦੇ ਗੂੜ੍ਹੇ ਸੁਰਮਈ ਬੱਦਲ ਹਵਾ ਵਿਚ ਉੱਡਦੇ ਫਿਰਦੇ ਤੇ ਕਿਸੇ ਵੇਲੇ ਵਰ੍ਹ ਵੀ ਪੈਂਦੇ।

ਮੌਸਮ ਦੀ ਇਸ ਪਰਤੋਂ ਨਾਲ ਮੇਰਾ ਜੀ ਕੁਝ ਕੁਝ ਪਰਚ ਗਿਆ ਸੀ। ਆਂਢ-ਗੁਆਂਢ ਤੇ ਮੁੰਡਿਆਂ ਕੁੜੀਆਂ ਦਾ ਜ਼ਿਆਦਾ ਸਿਆਣੂ ਹੋ ਗਿਆ ਸਾਂ ਤੇ ਕਦੀ ਕਦੀ ਤਾਂ ਅਸੀਂ ਸਾਰਾ ਦਿਨ ਹੀ ਚੌਪੜ,-ਤਾਸ਼ ਵਿਚ ਲੰਘਾ ਛੱਡਦੇ।

ਇਕ ਦਿਨ ਬਰਸਾਤੀ ਵਿਚ ਬੈਠਾ ਮੈਂ ਸਵਾਲ ਕੱਢੀ ਜਾਂਦਾ ਸਾਂ ਕਿ ਇਕ-ਦਮ ਠੰਢੀ ਹਵਾ ਵਗ ਪਈ —ਨੀਲੀ ਠੰਢੀ ਹਵਾ। ਕਾਪੀ ਠੱਪ ਕੇ ਮੈਂ ਬਾਹਰ ਤੱਕਿਆ, ਖਿੜਕੀ ਵਿਚੋਂ ਮੀਂਹ ਦੇ ਤੁਪਕੇ ਕਿਰਦੇ ਸਨ। ਗਿੱਲੀ ਹਵਾ ਵਿਚ ਸਾਹ ਲੈਣ ਲਈ ਮੈਂ ਮੂੰਹ ਖੋਲ੍ਹ ਦਿੱਤਾ। ਅੱਖਾਂ ਜਿਹੜੀਆਂ ਕਿਤਾਬ ਦੇ ਕਾਲੇ ਰੁੱਖੇ ਅੱਖਰਾਂ ਉਤੇ ਝਾਕਦੀਆਂ ਝਾਕਦੀਆਂ ਆਠਰ ਗਈਆਂ ਸਨ, ਠੰਢੀ ਹਵਾ ਦੀ ਟਕੋਰ ਨਾਲ ਸ਼ਾਂਤ ਹੋ ਗਈਆਂ।

ਗਲੀ ਵਿਚ ਨਿੱਕੇ ਨਿਆਣੇ ਨੰਗ-ਧੜੰਗੇ ਕਿੱਕਲੀ ਪਾ ਪਾ ਖੇਡਣ ਲੱਗ ਪਏ। ਵਾਛੜ ਤੇਜ਼ ਹੋ ਗਈ। ਮੀਂਹ ਮੁੱਕਣ ਵਿਚ ਨਹੀਂ ਸੀ ਆਉਂਦਾ, ਜਿਵੇਂ ਅਸਮਾਨ ਹਰਖਿਆ ਹੋਵੇ। ਝੜੀ ਲੱਗ ਗਈ ਤੇ ਕਈ ਦਿਨ ਲੱਗੀ ਰਹੀ। ਰਾਤ ਨੂੰ ਕਦੇ ਕਦੇ ਕਿਸੇ ਕੱਚੇ ਖੋਲੇ ਦੇ ਡਿੱਗਣ ਦੀ ਆਵਾਜ਼ ਮੀਂਹ ਦੀ ਸ਼ਾਂ ਸ਼ਾਂ ਵਿਚ ਗੋਲੇ ਵਾਂਗ ਗੂੰਜ ਉਠਦੀ।

ਇਕ ਤ੍ਰਿਕਾਲ ਬੱਦਲ ਪਾਟ ਗਏ ਤੇ ਅਸਮਾਨ ਨਿੱਖਰ ਗਿਆ। ਨਾਨੀ ਨੇ ਮਾਮੇ ਨੂੰ ਆਖਿਆ, "ਮੁੰਡੇ ਦਾ ਜੀ ਨਹੀਂ ਲੱਗਦਾ। ਅੱਜ ਤੂੰ ਇਸ ਨੂੰ ਆਪਣੀਆਂ ਪੈਲੀਆਂ ਵਿਚ ਹੀ ਤੁਰਾ ਫਿਰਾ ਲਿਆ।"

ਮਾਮੇ ਨੇ ਮੈਨੂੰ ਪੁੱਛਿਆ, "ਚਲੇਂਗਾ ਖੇਤ ?"

ਮੈਂ :—ਹਾਂ।

ਮਾਮਾ—ਤੂੰ ਪਹਿਲਾਂ ਤਾਂ ਕਦੇ ਨਹੀਂ ਗਿਆ ?

ਮੈਂ :—ਕਦੇ ਵੀ ਨਹੀਂ।

ਮਾਮਾ—ਬਸ ਸੂਏ ਦੇ ਪਾਰ ਗੱਜਣ ਦੀਆਂ ਪੈਲੀਆਂ ਨਾਲ ਲਗਦੇ ਆਪਣੇ ਕਿਆਰੇ ਹਨ। ਚਲ ਤੈਨੂੰ ਦਿਖਾ ਕੇ ਲਿਆਵਾਂ। ਹੁਣ ਤਾਂ ਬਾਜਰਾ ਲਕ ਲਕ ਹੋ ਗਿਆ ਹੋਊ।

ਮੈਂ ਤੇ ਮਾਮਾ ਦੁੱਧ ਪੀ ਕੇ ਖੇਤ ਵਲ ਤੁਰ ਪਏ। ਰਸਤੇ ਵਿਚ ਸਾਨੂੰ ਕਈ ਲੋਕ ਆਪਣੀਆਂ ਆਪਣੀਆਂ ਪੈਲੀਆਂ ਨੂੰ ਜਾਂਦੇ ਆਉਂਦੇ ਮਿਲੇ। ਸੂਰਜ ਹਾਲੇ ਡੁੱਬਾ ਨਹੀਂ ਸੀ ਪਰ ਕਿਸੇ ਗਾਹੜੇ ਬੱਦਲ ਹੇਠ ਲੁਕਿਆ ਦਿਖਾਈ ਨਹੀਂ ਸੀ ਦੇਂਦਾ। ਹਵਾ ਵਿਚ ਇਕ ਖ਼ੁਸ਼-ਗੁਆਰ ਮਿਠਾਸ ਸੀ। ਸੂਏ ਦਾ ਪਾਣੀ ਗੇਰੂਰੰਗਾ ਸੀ ਤੇ ਉਸ ਦੇ ਕੰਢੇ ਨਿੱਖਰੀ ਹੋਈ ਘਾਹ ਤੋਤੇ ਦੀ ਹਿੱਕ ਵਾਂਗ ਨਰਮ ਸੀ। ਪਹੇ ਦੀ ਧੂੜ ਨਿਮਰਤਾ ਵਿਚ ਦੱਬੀ ਹੋਈ ਸੀ। ਕਿਤੇ ਕਿਤੇ ਖੁੰਭਾਂ ਸਿਰ ਕੱਢੀ ਖੜੋਤੀਆਂ ਸਨ। ਦੋ ਗਟਾਰਾਂ ਕੱਖ ਦੇ ਦੋ ਤਿਣਕੇ ਚੁੰਝਾਂ ਵਿਚ ਸਾਂਭੀ ਪੂੰਛ ਹਿਲਾਈ ਜਾਂਦੀਆਂ ਸਨ। ਤੇਜ਼ ਉੱਡਦੇ ਬੱਦਲਾਂ ਦੀਆਂ ਧੁੰਧ-ਭਰੀਆਂ ਪੈੜਾਂ ਹਵਾ ਦੀ ਅਛੋਹ ਵਿਸ਼ਾਲਤਾ ਉਤੇ ਰਹਿ ਗਈਆਂ ਸਨ ਤੇ ਤੋਤੇ ਹਰੇ ਖੰਭ ਖਿਲਾਰੀ ਇਨ੍ਹਾਂ ਪੈੜਾਂ ਨੂੰ ਲੱਭਦੇ ਫਿਰਦੇ ਸਨ।

ਮਾਮੇ ਨੇ ਇਕ ਖੇਤ ਵਲ ਸੈਨਤ ਕਰਦੇ ਹੋਏ ਆਖਿਆ, "ਇਹ ਗੱਜਣ ਦੇ ਖੇਤ ਹਨ। ਤਿੰਨ ਚਾਰ ਦਿਨਾਂ ਵਿਚ ਹੀ ਚਰ੍ਹੀਆਂ ਵਧ ਉਠੀਆਂ ਹਨ।"

ਖੇਤਾਂ ਵਿਚ ਚਰ੍ਹੀਂ ਦੇ ਪੱਤੇ ਕਿਸੇ ਅੱਲ੍ਹੜ ਕੁੜੀ ਵਾਂਗ ਅਛੋਹੇ ਤੇ ਲੰਮੇਰੇ ਸਨ। ਥਾਂ ਥਾਂ ਚੱਕੀਰਾਹੇ ਬੈਠੇ ਗਿੱਲੀ ਧਰਤੀ ਨੂੰ ਮੋਰੀਆਂ ਕਰ ਕਰ ਝੂਰਦੇ ਸਨ। ਇਕ ਆਡ ਉਤੇ ਹਰੀਆਂ ਮਿਰਚਾਂ ਸਹੇਲੀਆਂ ਵਾਂਗ ਖੜੀਆਂ ਸਨ। ਇਕ ਆਡ ਉਤੇ ਹਰੀਆਂ ਮਿਰਚਾਂ ਵਿਚ ਇਕ ਅਨਜਾਣੀ ਖ਼ੁਸ਼ੀ ਨੱਚਣ ਲੱਗ ਪਈ ਅਤੇ ਮੈਂ ਆਪਣੇ ਮਾਮੇ ਦਾ ਖੇਤ ਦੇਖਣ ਲਈ ਉਤਾਵਲਾ ਹੋ ਗਿਆ, "ਮਾਮਾ, ਹੁਣ ਆਪਣੇ ਖੇਤ ਕਦ ਆਉਣਗੇ ?"

"ਬਸ ਇਹ ਕਿਆਰੇ ਟੱਪ ਕੇ। ਔਹ ਸਾਹਮਣੇ ਵੱਟ ਕੋਲੋਂ ਆਪਣਾ ਖੇਤ ਸ਼ੁਰੂ ਹੋ ਜਾਊ। ਔਹ ਦੇਖ ਝੁੱਗੀ ਦਿੱਸਦੀ ਹੈ ਨਾ, ਬੱਸ ਉਹ ਰਾਜੂ ਦੀ ਝੁੱਗੀ ਐ।"

"ਰਾਜੂ ਕੌਣ" ਮੈਂ ਪੁੱਛਿਆ।

"ਆਪਣਾ ਸਾਂਝੀ। ਤੂੰ ਨਹੀਂ ਜਾਣਦਾ ? ਉਹ ਖੇਤ ਵਿਚ ਹੀ ਰਹਿੰਦਾ ਏ।"

ਕੋਲ ਦੀ ਕਰਮੂ ਘੁਮਿਆਰ ਖੋਤੇ ਹਿੱਕਦਾ ਲੰਘਿਆ, "ਸ਼ਾਹ ਜੀ ਕਿਧਰ ਚੱਲੇ ਓ ?"

ਮਾਮੇ ਨੇ ਜਵਾਬ ਦਿੱਤਾ, "ਅਸੀਂ ਆਖਿਆ, ਅੱਜ ਜ਼ਰਾ ਪੈਲੀਆਂ ਵਿਚ ਨਰੋਈ ਹਵਾ ਹੀ ਫੱਕ ਆਈਏ। ਤੇ ਨਾਲੇ ਆਪਣਾ ਭਾਣਜਾ ਵੀ ਖੇਤਾਂ ਨੂੰ ਦੇਖਣ ਲਈ ਕਾਹਲਾ ਸੀ।"

ਕਰਮੂ ਨੇ ਇਕ ਅੜ੍ਹਬ ਖੋਤੇ ਨੂੰ, ਜਿਹੜਾ ਵੱਟ ਉਤੇ ਉੱਗੀ ਝਾੜੀ ਦੇ ਪੱਤੇ ਖਾਣ ਲੱਗ ਪਿਆ ਸੀ, ਡੰਡੇ ਨਾਲ ਹਿੱਕਦੇ ਹੋਏ ਆਖਿਆ, ''ਚੰਗਾ, ਚੰਗਾ, ਹੁਣ ਤਾਂ ਰੱਬ ਦੀ ਮਿਹਰ ਨਾਲ ਬਰਖਾ ਵੀ ਤਕੜੀ ਹੋਈ ਏ। ਕਿਆਰਿਆਂ ਨੂੰ ਭਾਗ ਲੱਗੇ ਹੋਏ ਨੇ।''

## ਬਾਰਾਂ

ਅਸੀਂ ਖੇਤ ਪੁੱਜ ਗਏ। ਕਪਾਹਾਂ ਦੇ ਨਿੱਕੇ ਨਿੱਕੇ ਹਰੇ ਬੂਟੇ ਮੀਂਹ ਵਰ੍ਹ ਚੁਕਣ ਪਿਛੋਂ ਨਿੱਸਰੇ ਖੜੇ ਸਨ। ਹੱਥ ਵਿਚ ਕਹੀ ਲਈ ਰਾਜੂ ਇਕ ਖਾਲ ਖੁਰਚ ਰਿਹਾ ਸੀ। ਸਾਨੂੰ ਆਉਂਦਿਆਂ ਦੇਖ ਉਹ ਕਹੀ ਰੱਖ ਕੇ ਦੌੜਦਾ ਹੋਇਆ ਆਇਆ, "ਰਾਮ ਰਾਮ, ਸ਼ਾਹ ਜੀ!"

ਮਾਮੇ ਨੇ "ਰਾਮ ਰਾਮ" ਦਾ ਜਵਾਬ ਦੇ ਕੇ ਪੁਛਿਆ, "ਸੁਣਾ ਬਈ, ਕੀ ਹਾਲ ਹੈ ਫੇਰ ਫ਼ਸਲ ਦਾ ?"

ਰਾਜੂ ਨੇ ਆਪਣੇ ਖੁਰਦਰੇ ਹੱਥ ਮਲਦੇ ਹੋਏ ਨਰਮ ਮੁਸਕਰਾਹਟ ਵਿਚ ਆਖਿਆ, "ਵਾਹਿਗੁਰੂ ਦਾ ਰੰਗ ਲਗਿਆ ਹੋਇਆ ਏ। ਇਸ ਵਾਰ ਤਾਂ ਕਪਾਹ ਦਾ ਟੀਂਡਾ ਭਰ ਕੇ ਫੁਟੂਗਾ, ਤੇ ਬਾਜਰੇ ਵੀ ਸੁਖ ਨਾਲ ਸੰਘਣੇ ਨੇ।"

ਰਾਜ ਪਿਛਲੇ ਸੋਲ੍ਹਾਂ ਵਰ੍ਹਿਆਂ ਤੋਂ ਇਨ੍ਹਾਂ ਪੈਲੀਆਂ ਦਾ ਬਟਾਵਾ ਚਲਿਆ ਆਉਂਦਾ ਸੀ। ਉਸ ਦੀ ਲੰਮੀ ਭੂਸਲੀ ਦਾਹੜੀ ਤੇ ਸਰੀਰ ਉਤੇ ਸਾਰੀ ਉਮਰ ਦੇ ਖੁਰਦਰੇ ਥਕੇਵੇਂ ਦੇ ਨਿਸ਼ਾਨ ਸਨ ਅਤੇ ਕੰਨਾਂ ਦੀਆਂ ਪੇਪੜੀਆਂ ਉਤੇ ਘਸਮੈਲੇ ਵਾਲਾਂ ਦੇ ਦੋ ਛੋਟੇ ਛੋਟੇ ਬੁਝੇ ਲਮਕਦੇ ਸਨ। ਉਸ ਦੀਆਂ ਢਿੱਲੀਆਂ ਮੁੱਛਾਂ ਨੇ ਬੁਲ੍ਹਾਂ ਨੂੰ ਕੱਜਿਆ ਹੋਇਆ ਸੀ। ਉਸ ਦੇ ਮੱਥੇ ਉਤੇ ਉਸ ਡੂੰਘਾਈ ਦੀਆਂ ਲ਼ੀਕਾਂ ਸਨ ਜਿਹੜੀਆਂ ਇਕ ਸਬਰ ਵਾਲੇ ਸੱਚੇ ਆਦਮੀ ਦੀ ਗੰਭੀਰਤਾ ਦਸਦੀਆਂ ਹਨ।

ਉਹ ਇਤਨਾ ਮਿਹਨਤੀ ਤੇ ਈਮਾਨਦਾਰ ਸੀ ਕਿ ਚੋਖਾ ਮਾਲੀਆ ਭਰ ਕੇ ਤੇ ਬਾਕੀ ਸਾਰੇ ਖ਼ਰਚ-ਵਰਚ ਕੱਢ ਕੇ ਵੀ ਫ਼ਸਲ ਦਾ ਤਗੜਾ ਹਿੱਸਾ ਮਾਮੇ ਦੇ ਵੰਡੇ ਆ ਜਾਂਦਾ ਸੀ। ਬੜੀ ਸੰਭਾਲ ਨਾਲ ਉਹ ਖੇਤ ਦੇ ਅਪੱਧਰੇ ਥਾਂ ਇਕ-ਸਾਰ ਕਰਦਾ, ਸੰਝ ਸਵੇਰੇ ਲਾਵਿਆਂ ਦੇ ਨਾਲ ਕੰਮ ਕਰਾਉਂਦਾ, ਭੋਂ ਨੂੰ ਦੂਹਰੀ ਤੀਹਰੀ ਵਾਰ ਹਲ ਚਲਾ ਕ ਵਾਹੁੰਦਾ, ਅੜਬ ਢੇਲਿਆਂ ਨੂੰ ਸੁਹਾਗੇ ਨਾਲ ਭੋਰ ਭੋਰ ਕੇ ਪਧਰਿਆਂ ਕਰ ਦਿੰਦਾ ਤੇ ਰਾਤ ਨੂੰ ਉਠ ਉਠ ਕੇ ਖੇਤ ਨੂੰ ਪਾਣੀ ਲਾਉਂਦਾ। ਸਿਆਲ ਨੂੰ ਗੋਡਿਆਂ ਤੀਕ ਪਾਣੀ ਵਿਚ ਡੁੱਬਿਆ ਹੋਇਆ, ਹੱਥ ਵਿਚ ਕਹੀ ਫੜੀ ਉਹ ਪੱਲ੍ਹਰਦੀ ਖੇਤੀ ਨੂੰ ਤੱਕਦਾ ਤਾਂ ਉਸ ਦੀ ਹਿਕ ਮਾਣ ਤੇ ਖ਼ੁਸ਼ੀ ਨਾਲ ਚੋੜੀ ਹੋ ਜਾਂਦੀ ਅਤੇ ਉਹ ਆਪਣੀ ਨਿੱਕੀ ਬਾਲੜੀ ਦੀਆਂ

ਜਟੂਰੀਆਂ ਟੋਂਹਦਾ ਹੋਇਆ ਆਖਦਾ, "ਰੰਮੀ, ਤੇਰੇ ਸਿਰ ਦੀਆਂ ਇਨ੍ਹਾਂ ਜਟੂਰੀਆਂ ਵਾਂਗ ਹੀ ਨੇ ਇਹ ਕਣਕ ਦੀਆਂ ਬੱਲੀਆਂ।"

ਰੰਮੀ ਮਸਾਂ ਪੰਜ ਸਾਲ ਦੀ ਸੀ ਜਦੋਂ ਉਸ ਦੀ ਮਾਂ ਮਰ ਗਈ। ਉਸ ਪਿਛੋਂ ਰਾਜੂ ਦੇ ਸਾਧੂ ਸੁਭਾਅ ਨੇ ਹੋਰ.ਨਵੇਂ ਵਿਆਹ ਦਾ ਪੁਆੜਾ ਸਹੇੜਨਾ ਆਪਣੀ ਪਰੋਖੋਂ ਤੋਂ ਬਾਹਰ ਸਮਝਿਆ। ਖੇਤ ਦੇ ਇਕ ਖੂੰਜੇ ਵਿਚ ਉਸ ਨੇ ਫੂਸ ਸਿਰਕੀਆਂ ਦੀ ਇਕ ਕੁੱਲੀ ਪਾ ਰੱਖੀ ਸੀ ਤੇ ਹੁਣ ਪਿਛਲੇ ਅੱਠ ਵਰ੍ਹਿਆਂ ਤੋਂ ਉਹ ਪਿਉ ਧੀ ਇਕੱਲੇ ਹੀ ਰਹਿੰਦੇ ਸਨ।

ਮਾਮੇ ਨੇ ਫ਼ਸਲ ਦਾ ਹਾਲ ਪੁੱਛਿਆ। ਰਾਜੂ ਨੇ ਆਖਿਆ,"ਬੈਠੋ ਸ਼ਾਹ ਜੀ" ਤੇ ਫਿਰ ਉੱਚੀ-ਏਣੀ ਹਾਕ ਮਾਰ ਕੇ, "ਪੁੱਤ ਰੰਮੋ, ਸ਼ਾਹ ਜੀ ਆਏ ਨੇ, ਕੋਈ ਮੂੜ੍ਹਾ ਮੰਜੀ ਲਿਆ ਇਨ੍ਹਾਂ ਲਈ!"

"ਆਈ ਬਾਪੂ।"

ਸਾਹਮਣੀ ਕੁੱਲੀ ਵਿਚੋਂ ਉਸੇ ਵੇਲੇ ਉਹ ਸਿਰ ਉਤੇ ਮੰਜਾ ਧਰੀ ਨਿਕਲੀ। ਉਸ ਦੇ ਇਕ ਹੱਥ ਵਿਚ ਮੱਘੀ ਫੜੀ ਹੋਈ ਸੀ। ਰਾਜੂ ਨੇ ਮੰਜੀ ਡਾਹ ਦਿੱਤੀ। ਅਸੀਂ ਦੋਵੇਂ ਬੈਠ ਗਏ। ਉਸ ਨੇ ਰੰਮੀ ਵਲ ਮੁੜ ਕੇ ਆਖਿਆ, "ਪੁਤ ਕੁਝ ਦੁੱਧ ਲੱਸੀ ਲਿਆ ਇਨ੍ਹਾਂ ਲਈ।"

ਸਾਡੇ ਬਹੁਤ ਇਨਕਾਰ ਕਰਨ ਤੇ ਵੀ ਉਹ ਅੜੀ ਕਰਦਾ ਰਿਹਾ।

ਮਾਮਾ ਬੋਲਿਆ, "ਅਸੀਂ ਹੁਣੇ ਦੁੱਧ ਪੀ ਕੇ ਤੁਰੇ ਆਉਂਨੇ ਆਂ, ਐਵੇਂ ਖੇਚਲ ਨਾ ਕਰੀਂ!"

"ਨਹੀਂ ਜੀ, ਖੇਚਲ ਕਾਹਦੀ। ਅੱਜ ਕਲ੍ਹ ਤਾਂ ਦੱਸ ਕਰਮਾਂ ਜਾਓ ਝੱਟ ਤੇਹ ਲੱਗ ਪੈਂਦੀ ਏ।"

"ਚੰਗਾ ਜੇ ਪਲਾਉਣਾ ਈ ਏਂ ਤਾਂ ਪਾਣੀ ਪਿਲਾ ਦੇ।"

ਰਾਜੂ ਨੇ ਮੱਘੀ ਵਿਚੋਂ ਠੰਢਾ ਪਾਣੀ ਉਲਟਾਇਆ ਤੇ ਕਟੋਰਾ ਮਾਮੇ ਅੱਗੇ ਕਰ ਕੇ ਆਖਿਆ, "ਤੁਸੀਂ ਮਸਾਂ ਮਸਾਂ ਤਾਂ ਪੈਰ ਪਾਉਂਨੇ ਓਂ, ਤੇ ਫੇਰ ਕਾਕੇ ਨੇ ਕਦ ਕਦ ਆਉਣਾ ਏ। ਅੱਛਾ, ਜੇ ਕੁਝ ਪੀਂਦੇ ਨਹੀਂ ਤਾਂ ਅੱਜ ਰੋਟੀ ਖਾਧੇ ਬਿਨਾ ਮੈਂ ਨਹੀਂ ਜਾਣ ਦੇਣਾ।"

ਖੇਤ ਦੀਆਂ ਵੱਟਾਂ ਉਤੇ ਨਾਲ ਨਾਲ ਤਾਂਦਲੇ ਤੇ ਚਲਾਈ ਦਾ ਸਾਗ ਉਗਿਆ ਹੋਇਆ ਸੀ। ਮਾਮੇ ਨੇ ਫ਼ਸਲ ਨੂੰ ਤੱਕਦੇ ਹੋਏ ਪੁੱਛਿਆ, "ਇਸ ਵਾਰ ਤਾਂ ਡੰਗਰਾਂ ਲਈ ਪੱਠਾ-ਦੱਥਾ ਹੋ ਗਿਆ ਹੋਊ?"

''ਕੀ ਅੰਤ ਐ'' ਰਾਜੂ ਨੇ ਆਖਿਆ, ''ਇਸ ਵਾਰ ਫ਼ਸਲ ਪਿਛਲੇ ਸਾਲ ਨਾਲੋਂ ਪੂਰੀ ਦੂਣੋ-ਦੂਣ ਐ।''

ਰੰਮੀ ਕੁੱਲੀ ਵਿਚ ਚਲੀ ਗਈ ਤੇ ਉਹ ਦੋਵੇਂ ਦਾਣੇ ਫੱਕੇ ਦੀਆਂ ਗੱਲਾਂ ਕਰਨ ਲੱਗ ਪਏ, ''ਕੱਚੇ ਕੋਠੇ ਦੋ ਹੋਰ ਉਸਾਰਨੇ ਪੈਣਗੇ, ਨਹੀਂ ਤਾਂ ਰੂੰ ਦੀ ਸਾਂਭ ਸੰਭਾਈ ਔਖੀ ਹੋ ਜਾਵੇਗੀ...ਲਾਗਲੇ ਖੇਤਾਂ ਦੀ ਉਪਜ ਕਿੰਨੀ ਏ ?... ਮਾਰੂ ਜ਼ਮੀਨ ਬਹੁਤ ਬੀਜਣ ਵਹਾਉਣ ਨਾਲ ਬੜੀ ਫ਼ਾਇਦੇਮੰਦ ਰਹੀ...।''

ਮੈਂ ਕੁਝ ਚਿਰ ਤਾਂ ਔਖਾ ਸੌਖਾ ਬੈਠਾ ਰਿਹਾ, ਫਿਰ ਉੱਠ ਕੇ ਖੇਤ ਵਿਚ ਟਹਿਲਣ ਲੱਗ ਪਿਆ। ਹੌਲੀ ਹੌਲੀ ਹਨੇਰਾ ਦਰਖ਼ਤਾਂ ਦੀਆਂ ਟਾਹਣੀਆਂ ਹੇਠ ਇਕੱਠਾ ਹੋਣਾ ਸ਼ੁਰੂ ਹੋ ਗਿਆ। ਪੂਰਬ ਪਾਸੇ ਉੱਚਾ ਉਠਦਾ ਚੰਨ ਝਾਕਣ ਲੱਗ ਪਿਆ। ਉਹ ਦੋਵੇਂ ਮੰਜੇ ਉਤੇ ਬੈਠੇ ਗੂਹੜੀਆਂ ਗੱਲਾਂ ਵਿਚ ਰੁਝੇ ਰਹੇ। ਮੈਂ ਰੰਮੀ ਕੋਲ ਚਲਾ ਗਿਆ। ਉਹ ਦੀਵਾ ਬਾਲ ਕੇ ਚੁਲ੍ਹੇ ਉਤੇ ਬੈਠੀ ਸਾਗ ਵਿਚ ਡੋਈ ਫੇਰ ਰਹੀ ਸੀ।

''ਪਾਣੀ ਪੀਣਾ ਏ ਥੋੜ੍ਹਾ ਜਿਹਾ'', ਮੈਂ ਆਖਿਆ!

''ਦੇਨੀਂ ਹਾਂ, ਇਹ ਜਰਾ ਸਾਗ ਘੋਟ ਲਵਾਂ, ਨਹੀਂ ਤਾਂ ਗੰਢਾਂ ਪੈ ਜਾਣਗੀਆਂ।'' ਉਹ ਬੋਲੀ।

''ਮੈਂ ਇਸ ਨੂੰ ਠੀਕ ਕਰਦਾ ਹਾਂ। ਦੇਖਾਂ ਭਲਾ'', ਮੈਂ ਆਖਿਆ।

ਰਿਝਦੇ ਰਿਝਦੇ ਸਾਗ ਵਿਚ ਜਦ ਮੈਂ ਜ਼ੋਰ ਦੀ ਡੋਈ ਫੇਰੀ ਤਾਂ ਤੌੜੀ ਇਕ ਪਾਸਿਓਂ ਹੇਠ ਦਿਤੇ ਠੂਮ੍ਹਣੇ ਤੋਂ ਖਿਸਕ ਗਈ। ਛੇਤੀ ਵਿਚ ਦੂਜੇ ਹੱਥ ਨਾਲ ਉਹਦੀ ਗਰਦਨ ਨੂੰ ਸਹਾਰਾ ਲਾ ਕੇ ਠੀਕ ਕਰਨ ਲੱਗਾ ਤਾਂ ਉਂਗਲਾਂ ਦੇ ਪੋਟੇ ਝੁਲਸੇ ਗਏ। ਮੈਂ ਉਭੜਵਾਹਾ ਚੀਖ਼ ਉਠਿਆ।

ਉਹ ਛੇਤੀ ਦੇਣੀ ਪਾਣੀ ਦਾ ਗਲਾਸ ਲੈ ਕੇ ਮੇਰੇ ਵਲ ਬਹੁੜੀ, ''ਕੀ ਹੋਇਆ ?''

ਮੈਂ ਪਾਣੀ ਦਾ ਗਲਾਸ ਫੜ ਲਿਆ ਤੇ ਝੁਲਸੇ ਹੋਏ ਪੋਟਿਆਂ ਨੂੰ ਬਹੁਤ ਚਿਰ ਫੂਕਾਂ ਮਾਰਦਾ ਰਿਹਾ।

''ਬਹੁਤ ਲੱਗੀ ਕੀ ?'' ਉਸ ਪੁਛਿਆ, ''ਲਿਆ ਮੈਂ ਆਟੇ ਦੀ ਪੱਟੀ ਬੰਨ੍ਹ ਦਵਾਂ, ਇਸ ਨਾਲ ਆਰਾਮ ਆ ਜਾਊਗਾ।''

''ਨਹੀਂ'', ਮੈਂ ਆਖਿਆ, ''ਠੀਕ ਹੈ ਹੁਣ ਤਾਂ।''

ਉਹ ਚੁਲ੍ਹੇ ਅੱਗੇ ਬੈਠ ਗਈ। ਉਸ ਦੀਆਂ ਅੱਖਾਂ, ਜਿਨ੍ਹਾਂ ਵਿਚ ਹਮਦਰਦੀ ਉਛਲ ਪਈ ਸੀ, ਅੱਗ ਦੀ ਪਿਲੱਤਣ ਵਿਚ ਨਰਮ ਤੇ ਮਧੁਰ ਜਾਪਦੀਆਂ ਸਨ!

"ਰੋਟੀ ਖਾਣੀ ਹੈ ਤਾਂ ਪਕਾ ਦੇਵਾਂ ?"

ਮੈਂ ਪੁੱਛਿਆ, "ਪਰ ਮਾਮਾ ਤੇ..."

"ਬਾਪੂ ?" ਉਹ ਆਖਣ ਲੱਗੀ।

"ਹਾਂ"

"ਉਹ ਗੱਲੀਂ ਰੁੱਝੇ ਹੋਏ ਨੇ। ਤੂੰ ਖਾ ਲੈ, ਉਹ ਫੇਰ ਆਪੇ ਖਾ ਲੈਣਗੇ।"

ਉਸ ਬੋਰੀ ਵਿਛਾ ਦਿੱਤੀ ਤੇ ਕਾਂਸੀ ਦੀ ਇਕ ਮੋਟੀ ਜਹੀ ਥਾਲੀ ਵਿਚ ਸਾਗ ਮੱਖਣ ਪਾ ਦਿੱਤਾ। ਕਪਾਹ ਦੀਆਂ ਛਟੀਆਂ ਵਿਚ ਭਾਂਬੜਾਂ ਵਰਗਾ ਸੇਕ ਸੀ ਪਰ ਉਸ ਨੂੰ ਸ਼ਾਇਦ ਗਰਮੀ ਨਹੀਂ ਸੀ ਲਗਦੀ। ਇਕ ਖ਼ਾਲੀ ਉਲਟੀ ਤੋੜੀ ਤੇ, ਜਿਸ ਉਤੇ ਪੋਣਾ ਵਲ੍ਹੇਟਿਆ ਹੋਇਆ ਸੀ, ਉਹ ਰੋਟੀ ਥੱਪਣ ਲੱਗੀ।

ਰੋਟੀ ਪਕਾਉਂਦਿਆਂ ਪਕਾਉਂਦਿਆਂ ਉਸ ਨੇ ਮੈਨੂੰ ਬਹੁਤ ਸਾਰੀਆਂ ਗੱਲਾਂ ਦੱਸੀਆਂ। ਆਪਣੀਆਂ ਸਹੇਲੀਆਂ ਦੀਆਂ, ਖੇਤਾਂ ਦੀਆਂ, ਲਵੇਰੀਆਂ ਤੇ ਬੌਲਦਾਂ ਦੀਆਂ। ਨਾਭੋ ਤੇ ਤੁਲਸਾਂ ਉਸ ਦੀਆਂ ਦੋ ਸਹੇਲੀਆਂ ਸਨ। ਸਾਰੀਆਂ ਗਊਆਂ ਉਸ ਦੀ ਆਵਾਜ਼ ਪਛਾਣਦੀਆਂ ਸਨ। ਤੜਕੇ ਉੱਠਣ-ਸਾਰ ਉਹ ਦੁੱਧ ਰਿੜਕਦੀ ਤੇ ਫੇਰ ਬਾਪੂ ਨਾਲ ਕੰਮ ਕਰਾਉਂਦੀ ਹੋਈ ਖੇਤ ਵਿਚ ਕਈ ਕਈ ਘੰਟੇ ਘੁੰਮਦੀ ਰਹਿੰਦੀ।

ਉਸ ਦੀਆਂ ਇਹ ਨਰੋਈਆਂ ਗੱਲਾਂ ਸੁਣ ਕੇ ਮੇਰਾ ਸੁੰਗੜਿਆ ਹੋਇਆ ਦਿਲ ਖਿੜ ਉਠਿਆ। ਮੈਂ ਵੀ ਉਸ ਨਾਲ ਆਪਣੇ ਸਕੂਲ ਦੇ ਮਾਸਟਰਾਂ ਦੀਆਂ, ਕੁਲਚੇ ਵੇਚਣ ਵਾਲੇ ਅਮੀ ਚੰਦ ਦੀਆਂ ਤੇ ਕਿਤਾਬਾਂ ਦੀਆਂ ਗੱਲਾਂ ਕੀਤੀਆਂ।

ਇਸ ਥੋੜ੍ਹੇ ਚਿਰ ਵਿਚ ਹੀ ਅਸੀਂ ਇਕ ਦੂਜੇ ਦੇ ਕਾਫ਼ੀ ਸਿਆਣੂ ਹੋ ਗਏ। ਛੇਕੜ ਉਸ ਮੈਨੂੰ ਪੁੱਛਿਆ, "ਤੇਰਾ ਏਥੇ ਨਾਨੀ ਕੋਲ ਜੇ ਉੱਕਾ ਜੀ ਨਹੀਂ ਲਗਦਾ ਤਾਂ ਇਥੇ ਆ ਜਾਇਆ ਕਰ।" ਦੀਵੇ ਦੀ ਪੀਲੀ ਰੋਸ਼ਨੀ ਵਿਚ ਉਸ ਦੀਆਂ ਗੱਲ੍ਹਾਂ ਕੰਬ ਉਠੀਆਂ ਤੇ ਵੱਡੀਆਂ ਵੱਡੀਆਂ ਅੱਖਾਂ ਉਤੇ ਝਿੰਮਣੀਆਂ ਦੀ ਝਾਲਰ ਡਿੱਗ ਪਈ।

ਪਹਿਲੀ ਮਿਲਣੀ ਵਿਚ ਹੀ ਅਸੀਂ ਇਕ ਦੂਜੇ ਨਾਲ ਇੰਜ ਘੁਲ-ਮਿਲ ਗਏ ਜਿਵੇਂ ਚਿਰਾਂ ਦੇ ਜਾਣੂ ਸਿਆਣੂ ਹੁੰਦੇ ਹਾਂ।

"ਫਿਰ ਕੀ ਤੜਕੇ ਹੀ ਆਏਂਗਾ ਤੂੰ ? ਆਪਾਂ ਖੇਤ ਦੇ ਪਾਰਲੇ ਕੰਢੇ ਚੱਲਾਂਗੇ।" ਉਸ ਆਖਿਆ।

ਉੱਚੀ ਉੱਚੀ ਖੰਘਣ ਤੇ ਗੱਲਾਂ ਕਰਨ ਦੀ ਆਵਾਜ਼ ਆਈ। ਮੈਂ ਬਾਹਰ ਨਜ਼ਰ ਸੁੱਟੀ। ਥੋੜ੍ਹਾ ਚਿਰ ਪਹਿਲਾਂ ਦਾ ਫਿੱਕਾ ਹਨੇਰਾ ਹੁਣ ਸਫ਼ੇਦ ਚਾਨਣੀ

ਵਿਚ ਬਦਲ ਗਿਆ ਸੀ ਤੇ ਇਸ ਵਿਚ ਮਾਮਾ ਤੇ ਰਾਜੂ ਦੋਵੇਂ ਗੱਲਾਂ ਕਰਦੇ ਤੁਰੇ ਆਉਂਦੇ ਸਨ।

ਮੈਂ ਰੋਟੀ ਖਾ ਹਟਣ ਪਿਛੋਂ ਹਾਲੇ ਹੱਥ ਵੀ ਨਹੀਂ ਸਨ ਧੋਤੇ। ਉਸੇ ਤਰ੍ਹਾਂ ਬੈਠਾ ਰੰਮੀ ਨਾਲ ਗੱਲਾਂ ਕਰਨ ਲੱਗ ਪਿਆ ਸਾਂ। ਉਸ ਨੇ ਕੌਲ ਵਿਚ ਪਾਣੀ ਭਰਿਆ ਤੇ ਹੱਥ ਧੁਆਉਣ ਲੱਗੀ। ਉਸ ਦੇ ਮੂੰਹੋਂ ਨਿਕਲਿਆ, "ਆਏਂਗਾ ਨਾ ?"

ਇਤਨੇ ਵਿਚ ਮਾਮਾ ਤੇ ਰਾਜੂ ਦੋਵੇਂ ਆ ਗਏ।

ਜਦੋਂ ਮਾਮਾ ਰੋਟੀ ਖਾ ਹਟਿਆ ਤੇ ਅਸੀਂ ਘਰ ਵਾਪਸ ਆਉਣ ਲਈ ਤੁਰੇ ਤਾਂ ਦੂਰ ਤੀਕ ਰਾਜੂ ਸਾਨੂੰ ਛੱਡਣ ਲਈ ਆਇਆ।

ਅਸਮਾਨ ਨਿਖਰਿਆ ਨਿਖਰਿਆ ਸੀ। ਚੰਦ ਦੇ ਕੂਲੇ ਚਾਨਣ ਨਾਲ ਪਹੇ ਪਗਡੰਡੀਆਂ ਇਕ-ਸਾਰ ਹੋਈਆਂ ਪਈਆਂ ਸਨ। ਹਰੀਆਂ ਮਿਰਚਾਂ ਚਾਂਦਨੀ ਰਾਤ ਵਿਚ ਸੁਫ਼ਨੇ ਤੱਕ ਰਹੀਆਂ ਸਨ।

ਸੂਏ ਦਾ ਪਾਣੀ ਉੱਚੇ ਉੱਚੇ ਟਿੱਬਿਆਂ ਦੇ ਆਲੇ-ਦੁਆਲੇ ਇੰਜ ਕੁੰਡਲੀ ਮਾਰੀ ਪਿਆ ਸੀ ਜਿਵੇਂ ਕਿਸੇ ਮਖ਼ਮਲੀ ਘੱਗਰੇ ਨੂੰ ਚਾਂਦੀ ਦੇ ਫ਼ੀਤੇ ਨਾਲ ਟਾਂਕ ਦਿੱਤਾ ਹੋਏ। ਪਹੇ ਦੇ ਦੋਹੀਂ ਪਾਸੀਂ ਉਗੀਆਂ ਝਾੜੀਆਂ ਉਤੇ ਕਰੇਲੇ ਦੀਆਂ ਵੇਲਾਂ ਉਛਲ ਕੇ ਵਿਛੀਆਂ ਪਈਆਂ ਸਨ। ਕਿਤੇ ਕਿਤੇ ਸਤਿਆਨਾਸੀ ਦੇ ਪੀਲੇ ਫੁੱਲ ਤੇ ਲਿਹ ਦੇ ਗੋਲ ਹਲਕੇ ਹਰੇ ਟੀਂਡੇ ਚਮਕਦੇ ਦਿਖਾਈ ਦੇਂਦੇ ਸਨ।

ਸੂਆ ਟੱਪਣ ਪਿਛੋਂ ਸਾਨੂੰ ਭਿਕਸ਼ੂਆਂ ਦਾ ਮੱਠ ਦਿਸਿਆ ਜਿਸ ਦਾ ਅੰਡੇ ਵਰਗਾ ਗੁੰਬਜ਼ ਚਾਨਣ ਦੇ ਦੂਧੀਆ ਛਿੱਟਿਆਂ ਨਾਲ ਨ੍ਹਾਤਾ ਪਿਆ ਸੀ। ਰਾਹ ਵਿਚ ਹੋਰ ਕੋਈ ਨਹੀਂ ਮਿਲਿਆ। ਬਾਜਰੇ ਦੇ ਖੇਤ ਵਿਚ ਗਿੱਦੜ ਵਾਰ ਵਾਰ ਬੋਲ ਉਠਦੇ।

ਮਾਮੇ ਆਖਿਆ, "ਬਹੁਤ ਅਵੇਰ ਹੋ ਗਈ ਆਪਾਂ ਨੂੰ।"

ਮੈਂ ਕਿਹਾ, "ਹਾਂ"।

ਸਾਡੇ ਪਿਛਾੜੀ ਉਭਰਦੇ ਕਰੀਰ ਦੇ ਮਲ੍ਹਿਆਂ ਤੇ ਝਾੜਾਂ ਵਿਚ ਹੁਣ ਰਾਜੂ ਦੀ ਝੁੱਗੀ ਲੁਕ ਚੁਕੀ ਸੀ।

ਜਦ ਮੈਂ ਬਰਸਾਤੀ ਵਿਚ ਇਕੱਲਾ ਸੁੱਤਾ, ਬਹੁਤ ਚਿਰ ਤਕ ਨੀਂਦ ਨਾ ਪਈ। ਮਾਮਾ ਨਾਲ ਦੀ ਛੱਤ ਉਤੇ ਜਲਦੀ ਹੀ ਸੌਂ ਗਿਆ। ਉਸ ਦੇ ਉੱਚੇ ਘੁਰਾੜੇ ਸਾਫ਼ ਸੁਣਦੇ ਸਨ। ਇਸ ਤਰ੍ਹਾਂ ਸੁੱਤ-ਜਗਰੇਵੇਂ ਵਿਚ ਮੈਨੂੰ ਕਈ

ਰੁੱਖੇ-ਮਿੱਸੇ ਸੁਫ਼ਨੇ ਆਏ । ਇਕ ਵਾਰ ਮੈਂ ਘਬਰਾ ਕੇ ਉੱਠਿਆ, ਮੇਰਾ ਸੰਘ ਸੁੱਕਿਆ ਹੋਇਆ ਸੀ । ਪੀਣ ਲਈ ਗ਼ਲਕ ਗਲਕ ਕਰਦੀ ਝੱਜਰ ਵਿਚੋਂ ਪਾਣੀ ਉਲਟਾਇਆ ਅਤੇ ਸਰ੍ਹਾਂਦੀ ਤਾਕੀ ਨੂੰ ਚੰਗੀ ਤਰ੍ਹਾਂ ਖੋਲ੍ਹ ਦਿੱਤਾ ।

ਦੂਰ ਗਲੀ ਵਿਚ ਕੁੱਤਿਆਂ ਦੀ ਭੌਂਕ ਸੁਣਦੀ ਸੀ । ਮਾਮਾ, ਨਾਨੀ ਦੇ ਤੇਜ਼ ਡੂੰਘੇ ਸਾਹਾਂ ਵਿਚ ਵਾਰ ਵਾਰ ਮੈਨੂੰ ਇਹ ਸ਼ਬਦ ਸੁਣਦੇ ਸਨ, "ਕਲ੍ਹ ਤੜਕੇ ਆਵੀਂ, ਆਪਾਂ ਖੇਤ ਦੇ ਪਾਰਲੇ ਕੰਢੇ ਚਲਾਂਗੇ । ਆਏਂਗਾ ਨਾ ?"

# ਤੇਰ੍ਹਾਂ

ਹਾਲੇ ਨਾਨੀ ਮੰਜੀ ਉਤੇ ਬੈਠੀ ਨਸਵਾਰ ਸੁੰਘਦੀ ਸੀ ਜਦੋਂ ਮੈਂ ਉਠ ਖੜਾ ਹੋਇਆ। ਹੇਠਾਂ ਮਾਮੀ ਨੇ ਚੱਕੀ ਝੋਈ ਹੋਈ ਸੀ। ਲਾਗਲੇ ਖੂਹ ਤੋਂ ਪਾਣੀ ਭਰਨ ਦੀ ਆਵਾਜ਼ ਭੌਣੀ ਦੀ ਗੜ ਗੜ ਤੇ ਤੀਵੀਆਂ ਦਾ ਰੌਲਾ ਸੁਣਾਈ ਦੇ ਰਿਹਾ ਸੀ। ਮੈਂ ਮੰਜੀਓਂ ਥਲੇ ਉਤਰ ਕੇ ਜੁੱਤੀ ਟੋਲਣ ਲਗਿਆ। "ਕਿਉਂ ?" ਨਾਨੀ ਨੇ ਨਸਵਾਰ ਦੀ ਚੂੰਢੀ ਭਰ ਕੇ ਆਖਿਆ, "ਅੱਜ ਐਨੀ ਸਵੇਰੇ ਉੱਠ ਬੈਠਾ ?"

"ਸੈਰ ਕਰਨ ਜਾਣਾ ਏ।" ਮੈਂ ਕਿਹਾ ਤੇ ਜੁੱਤੀ ਝਾੜਦਾ ਕਾਹਲੀ ਕਾਹਲੀ ਬਾਹਰ ਨੂੰ ਤੁਰ ਪਿਆ।

ਹਵਾ ਦੇ ਠੰਢੇ ਬੁਲ੍ਹਿਆਂ ਨਾਲ ਸੀਂਗਰੇ ਦੀਆਂ ਫਲੀਆਂ ਟੁੱਟ ਟੁੱਟ ਡਿੱਗਦੀਆਂ ਸਨ। ਤੇਜ਼ ਤੇਜ਼ ਪਲਾਂਘਾਂ ਭਰਦਾ ਜਦ ਮੈਂ ਖੇਤ ਲੰਘ ਕੇ ਉਸ ਦੀ ਕੁੱਲੀ ਪੁੱਜਿਆ ਤਾਂ ਹਰ ਪਾਸੇ ਦੁਧੀਆ ਸਵੇਰ ਦਾ ਠੰਢਾ ਚਾਨਣਾ ਫੈਲ ਗਿਆ ਸੀ। ਰਾਜੂ ਤੜਕੇ ਹੀ ਕਹੀ ਲੈ ਕੇ ਨਿਕਲ ਗਿਆ ਸੀ ਤੇ ਵਾੜੇ ਵਿਚੋਂ ਮਹਿੰ ਚੋ ਕੇ ਦੁੱਧ ਲਈ ਆਉਂਦੀ ਰੰਮੀ ਨੇ ਮੈਨੂੰ ਆਖਿਆ — "ਬਹੁਤ ਚਿਰ ਕਰ ਕੇ ਆਇਆ ਏਂ ਤੂੰ ?"

"ਐਨਾ ਤਾਂ ਸਵੇਰਾ ਏ ਹਾਲੇ। ਹੋਰ ਕੀ ਮੂੰਹ ਹਨੇਰੇ ਆ ਜਾਂਦਾ ?"

ਉਹ ਆਖਣ ਲੱਗੀ, "ਹੁਣ ਤਾਂ ਚਿਰ ਹੋ ਗਿਆ ਏ।" ਉਸ ਨੇ ਖੜਕਾ ਚੰਗੀ ਤਰ੍ਹਾਂ ਖੋਲ੍ਹ ਦਿਤਾ ਤੇ ਅਸੀਂ ਦੋਵੇਂ ਅੰਦਰ ਚਲੇ ਗਏ। ਸੂਰਜ ਦੀਆਂ ਪਹਿਲੀਆਂ ਕਿਰਨਾਂ ਲਿੱਪੇ ਪੋਚੇ ਫਰਸ਼ ਉਤੇ ਡਿੱਗਦੀਆਂ ਸਨ। ਕੋਈ ਐਟਲੀ ਕਿਰਨ ਖੂੰਜੇ ਵਿਚ ਪਏ ਪਟਿਆਰ ਦੇ ਕੂਲੇ ਘਸੇ ਹੋਏ ਕੁੰਡੇ ਉਤੇ ਟੁਟ ਕੇ ਖਿੰਡ ਜਾਂਦੀ। ਹਾਰੇ ਵਿਚ ਪਈ ਕਾੜ੍ਹਨੀ ਧੂੰ ਦੀ ਕੁੜੱਤਣ ਨਾਲ ਕੱਜੀ ਹੋਈ ਸੀ। ਉੱਡੀ ਹੋਈ ਸੁਆਹ ਦੀ ਰਹਿੰਦ-ਖੂੰਹਦ ਜਿਹੜੀ ਹਾਰੇ ਉਤੇ ਜੰਮ ਗਈ ਸੀ, ਇਨ੍ਹਾਂ ਨਰਮ ਕਿਰਨਾਂ ਦੇ ਨਿੱਘ ਵਿਚ ਮਖ਼ਮਲ ਦਾ ਬੂਰ ਜਾਪਦੀ ਸੀ।

ਬਾਹਰ ਇਕ ਕੁਕੜੀ ਚੂਚਿਆਂ ਨੂੰ ਸਾਂਭੀ ਦਾਣਾ ਟੋਲਦੀ ਫਿਰਦੀ ਸੀ। ਖੁੱਲ੍ਹੇ ਦਰਵਾਜ਼ਿਓਂ ਉਸ ਦੀ ਕੁੜ ਕੁੜ ਸਾਫ਼ ਸੁਣਦੀ ਸੀ। ਹਾਰੇ ਵਿਚ ਉਬਲੇ ਹੋਏ ਦੁੱਧ ਦੀ ਹਵਾੜ, ਖੁਰਲੀ ਕੋਲ ਪਏ ਅਣ-ਪੱਥੇ ਗੋਹੇ ਕੂੜੇ ਦੀ ਬਾਸ ਤੇ

ਦੂਰ ਇੱਖ ਦੇ ਖੇਤਾਂ ਵਿਚੋਂ ਮੇਲ੍ਹਦੀ ਆਉਂਦੀ ਗਿੱਲੀ ਹਵਾ ਸਾਡੇ ਕੋਲ ਪੁਜ ਰਹੀਆਂ ਸਨ।

ਉਸ ਪੁੱਛਿਆ — "ਦੁੱਧ ਪੀਏਂਗਾ?"

"ਹਾਂ"।

ਉਸ ਕਾੜ੍ਹਨੀ ਵਿਚੋਂ ਉਲਟ ਕੇ ਦੁੱਧ ਦੇ ਦੋ ਕੋਲੇ ਭਰੇ। ਇਕ ਮੇਰੇ ਵਲ ਸਰਕਾ ਦਿਤਾ ਤੇ ਦੂਜਾ ਆਪਣੇ ਬੁੱਲ੍ਹਾਂ ਨੂੰ ਲਾ ਲਿਆ। ਦੋ ਘੁਟ ਭਰ ਕੇ ਉਸ ਮੇਰੇ ਵਲ ਤੱਕਿਆ। ਉਸ ਦੇ ਬੁੱਲ੍ਹ ਦੁੱਧ ਦੀ ਸਫ਼ੇਦ ਪਤਲੀ ਝਗ ਨਾਲ ਲਿਸ਼ਕਦੇ ਸਨ।

ਅਸੀਂ ਇਧਰ ਉਧਰ ਦੀਆਂ ਗੱਲਾਂ ਛੇੜ ਬੈਠੇ। ਇਸ ਤਰ੍ਹਾਂ ਬੈਠਿਆਂ ਸਾਨੂੰ ਕਾਫ਼ੀ ਚਿਰ ਹੋ ਗਿਆ। ਮੈਂ ਆਖਿਆ, "ਮੈਂ ਹੁਣ ਚਲਦਾ ਆਂ।"

"ਫੇਰ ਕਦੋਂ ਆਏਂਗਾ?"

"ਤ੍ਰਿਕਾਲੀਂ।"

"ਹਾਂ...ਤੇ ਅੱਜ ਆਪਾਂ ਟੋਭੇ ਤੇ ਚੱਲਾਂਗੇ।"

ਉਹ ਸ਼ਾਮ ਮੈਂ ਰੋਟੀ ਉਨ੍ਹਾਂ ਦੇ ਹੀ ਖਾਧੀ। ਰਾਜੂ ਸਾਨੂੰ ਦੋਹਾਂ ਨੂੰ ਬਹੁਤ ਚਿਰ ਗੱਲਾਂ ਸੁਣਾਉਂਦਾ ਰਿਹਾ। ਦਿਨ ਭਰ ਦਾ ਥੱਕਿਆ ਹੰਭਿਆ ਉਹ ਸੌਂ ਗਿਆ।

"ਚੱਲ ਹੁਣ ਆਪਾਂ ਟੋਭੇ ਤੇ ਚਲੀਏ" ਰੰਮੀ ਨੇ ਆਖਿਆ। ਉਹ ਅੰਦਰੋਂ ਇਕ ਛੋਟੀ ਜਿਹੀ ਸੋਟੀ ਕੱਢ ਲਿਆਈ ਅਤੇ ਅਸੀਂ ਦੋਵੇਂ ਤੁਰ ਪਏ।

ਮੀਂਹ ਵਰ੍ਹ ਚੁਕਣ ਪਿਛੋਂ ਥਾਂ ਥਾਂ ਚਿੱਕੜ ਨਾਲ ਭਰੇ ਹੋਏ ਪਾਣੀ ਦੇ ਛੋਟੇ ਛੋਟੇ ਚੋਏ ਸਨ। ਇਕ ਬਰੀਕ ਡੰਡੀ ਉਤੇ ਅਸੀਂ ਬੋਚ ਬੋਚ ਪੈਰ ਪਾਉਂਦੇ ਤੁਰੇ ਜਾਂਦੇ ਸਾਂ ਮਤੇ ਤਿਲਕ ਕੇ ਇਧਰ ਉਧਰ ਘਾਹ ਹੇਠਾਂ ਲੁਕੇ ਗਾਰੇ ਵਿਚ ਨਾ ਜਾ ਪਈਏ। ਲਾਂਭੇ ਚਾਂਭੇ ਝਾੜੀਆਂ ਵਿਚ ਕਈ ਫੁੱਲ ਉੱਗ ਆਏ ਸਨ। ਤੁਰਦੇ ਤੁਰਦੇ ਕਈ ਵਾਰੀ ਉਹ ਹਥਲੀ ਸੋਟੀ ਦੀ ਚੁੰਝ ਨਾਲ ਉਨ੍ਹਾਂ ਨੂੰ ਭੋਰ ਕੇ ਪੀਲੀ ਚਟਨੀ ਬਣਾ ਦੇਂਦੀ। ਕਈ ਪੱਤੀਆਂ ਭੁਰ ਕੇ ਉਸ ਦੇ ਵਾਲਾਂ ਉਤੇ ਤਰਬੂਜ਼ੀ ਗਰਦੇ ਵਾਂਗ ਖਿੰਡ ਜਾਂਦੀਆਂ। ਕਿਤੇ ਕਿਤੇ ਕਿਸੇ ਲਮਕਦੀ ਵੇਲ ਦੀ ਡੰਡੀ ਉਸ ਦੀ ਚੁੰਨੀ ਦੇ ਪੱਲੇ ਵਿਚ ਗਸ ਜਾਂਦੀ ਤੇ ਟੁੱਟ ਕੇ ਚੁੰਨੀ ਦੀ ਵਲਗਣ ਵਿਚ ਅੜੀ ਹੋਈ ਥੋੜ੍ਹੀ ਦੂਰ ਤਕ ਨਾਲ ਨਾਲ ਘਿਸੜਦੀ ਜਾਂਦੀ। ਰਸਤੇ ਵਿਚ ਪਏ ਕਿਸੇ ਖਿੰਘਰ ਜਾਂ ਰੋੜੇ ਨਾਲ ਉਸਦਾ ਠੇਡਾ ਲੱਗਦਾ। ਹਵਾ ਵਿਚ ਉੱਡਦੇ ਮੱਛਰਾਂ ਦਾ ਦਲ ਸਾਡੇ ਮੂੰਹ ਉਤੇ ਵੱਗਦਾ। ਝਾੜ ਵਿਚ ਲੁਕਿਆ ਕੋਈ ਜਨੌਰ

ਐਵੇਂ ਈ ਹੁਭਕ ਉਠਦਾ। ਸਾਡੀਆਂ ਅੱਖਾਂ ਗੰਭੀਰ ਬੋਲਾਂ ਨਾਲ ਭਰੀਆਂ ਹੋਈਆਂ ਸਨ। ਅੰਦਰ ਉਲਰਦੀ ਖ਼ੁਸ਼ੀ ਉਨ੍ਹਾਂ ਠੰਢਿਆਂ ਬੁੱਲਿਆਂ ਵਾਂਗ ਸੀ ਜਿਹੜੇ ਧਰਤੀ ਹੇਠ ਕੱਜੇ ਅਸਮਾਨ ਨੂੰ ਚੁੰਮਣ ਖ਼ਾਤਰ, ਸੁਗੰਧਤ ਹਵਾ ਦੀ ਹਿੱਕ ਅੰਦਰ ਲੁਕੀ ਨਰਮ ਲੋਰੀ ਦੇ ਗੀਤ ਨਾਲ ਬੇਹੋਸ਼ ਹੋਏ ਆਪ-ਮੁਹਾਰੇ ਤੁਰੇ ਆਉਂਦੇ ਹਨ।

ਅਸੀਂ ਟੋਭੇ ਦੇ ਕੰਢੇ ਉੱਤੇ ਆ ਕੇ ਖੜੇ ਹੋ ਗਏ। ਰਾਤ ਦੇ ਬੇਅੰਤ ਨਿੱਕੇ ਨਿੱਕੇ ਕੀੜੇ ਮਕੌੜਿਆਂ ਦਾ ਰੌਲਾ, ਜਿਹੜਾ ਮਿਲ-ਜੁਲ ਕੇ ਭੇਤਾਂ ਭਰਿਆ ਸੁਨੇਹਾ ਬਣ ਜਾਂਦਾ ਹੈ, ਸਾਡੇ ਹਰ ਪਾਸਿਉਂ ਉੱਠਦਾ ਸੀ। ਕੋਈ ਪੰਛੀ ਛੋਟੀਆਂ ਛੋਟੀਆਂ ਚੀਕ਼ਾਂ ਮਾਰਦਾ ਹਵਾ ਨੂੰ ਆਪਣੇ ਖੰਭਾਂ ਦੀ ਨੁੱਕਰ ਨਾਲ ਚੀਰਦਾ ਹੋਇਆ ਸਾਡੇ ਸਿਰਾਂ ਉਤੋਂ ਉੱਡ ਪੈਂਦਾ। ਸਾਡੇ ਪੈਰਾਂ ਦਾ ਖੜਕਾ ਸੁਣ ਕੇ ਡੱਡੂ ਪਾਣੀ ਵਿਚ ਚੁੱਭੀ ਮਾਰ ਗਏ ਅਤੇ ਬੀਂਡੇ ਤੇ ਟਿੱਡੇ ਸਹਿਮ ਕੇ ਝਾੜਾਂ ਵਿਚ ਲੁਕ ਗਏ।

ਢਾਬ ਤਾਰੀਂ ਬੋਲਦੀ ਸੀ ਅਤੇ ਤਿਲਕਣ ਨਾਲ ਲਿੱਬੜੇ ਹੋਏ ਕੰਢਿਆਂ ਵੱਲ ਆਪਣੇ ਬੁੱਲ੍ਹਾਂ ਦੀ ਝੱਗ ਸੁੱਟਦੀ। ਇਕ ਖੁੰਢ ਉੱਤੇ ਜਿਹੜਾ ਅੱਧਾ ਪਾਣੀ 'ਚ ਡੁੱਬਿਆ ਤੇ ਅੱਧਾ ਬਾਹਰ ਸੀ, ਅਸੀਂ ਦੋਵੇਂ ਬੈਠ ਗਏ। ਟਾਹਲੀ ਹੇਠ ਉੱਗੀ ਘਾਹ ਉਤੇ ਭੂਰੀ ਰੋਸ਼ਨੀ ਸਲ੍ਹਾਬੇ ਪੁਲਾੜ ਵਿਚੋਂ ਛਣ ਛਣ ਕੇ ਬੇਹੋਸ਼ ਡਿੱਗੀ ਪਈ ਸੀ। ਅਸਮਾਨ ਦਾ ਪੂਰਬ ਪੱਖ ਗਾਹੜਾ ਨੀਲਾ ਸੀ ਤੇ ਚੰਨ ਦੀ ਇਕ ਫਾੜ ਪੱਛਮ ਵੱਲ ਨਿੱਘਰਦੀ ਜਾਂਦੀ ਸੀ।

ਉਹ ਖੁੰਢ ਉਤੇ ਬੈਠੀ ਆਪਣੇ ਪੈਰ ਦੇ ਅੰਗੂਠੇ ਨਾਲ ਪੋਲੀ ਭੋਂ ਖੁਰਚਦੀ ਹੋਈ ਜਦ ਆਪਣਾ ਮੂੰਹ ਉਤਾਂਹ ਚੁੱਕਦੀ ਤਾਂ ਉਸ ਦੇ ਗਿੱਲੇ ਬੁੱਲ੍ਹਾਂ ਉਤੇ ਇਕ ਅੱਲੀ ਹਾਸੀ ਦਾ ਤਰਲਾ ਹੁੰਦਾ। ਚਾਅ ਵਿਚ ਭਰੀ ਹੋਈ ਮੈਨੂੰ ਉਹ ਆਪਣੀਆਂ ਸਹੇਲੀਆਂ ਦੀਆਂ ਗੱਲਾਂ ਸੁਣਾਂਦੀ ਰਹੀ, "ਤੁਲਸਾਂ ਤੇ ਨਾਭੋ ਵਿਆਹੀਆਂ ਗਈਆਂ...ਮੌੜ ਪਿੰਡ ਦੀਆਂ ਉਠਣੀਆਂ ਜਿਨ੍ਹਾਂ ਦੇ ਗੋਡੀਂ ਬੰਨ੍ਹੀਆਂ ਝਾਂਜਰਾਂ ਛਣਛਣ ਕਰਦੀਆਂ ਹਨ, ਕਿੰਨੀਆਂ ਤਿੱਖੀਆਂ ਤੁਰਦੀਆਂ ਹਨ...ਉਸ ਦਾ ਬਾਪੂ ਐਤਕੀਂ ਦੇ ਮੇਲੇ ਵਿਚੋਂ ਜ਼ਰੂਰ ਕੋਈ ਬੋਤੀ ਮੁੱਲ ਲਿਆਊਗਾ...ਉਸ ਦੀ ਨਵੀਂ ਕੱਢੀ ਫੁਲਕਾਰੀ ਵਿਚ ਕੇਸਰੀ ਬੂਟੀਆਂ ਤੇ ਫੁੱਲ ਹਨ, ਉਹ ਇਹ ਫੁਲਕਾਰੀ ਤੁਲਸਾਂ ਨੂੰ ਘੱਲੇਗੀ...ਛੱਪੋ ਕੱਤਦੀ ਦਾ ਉਹਦਾ ਤੰਦ ਸਭ ਤੋਂ ਬਰੀਕ ਹੁੰਦਾ ਹੈ।"

ਛੇਕੜ ਮੈਂ ਆਖਿਆ, "ਗੱਲਾਂ ਦੇ ਰੁਝੇਵੇਂ ਵਿਚ ਤੈਨੂੰ ਸਭ ਕੁਝ ਭੁਲ

ਜਾਂਦਾ ਏ ਰੰਮੀ...ਹੁਣ ਵਾਪਸ ਨਹੀਂ ਪਰਤਣਾ ?''

ਉਸ ਵੰਗਾਂ ਨਾਲ ਛਣਕਦੀ ਬਾਂਹ ਨਾਲ ਮੇਰਾ ਗੁੱਟ ਫੜ ਕੇ ਆਖਿਆ — ''ਅੜਿਆ ਕੀ ਹੋਇਆ, ਥੋੜ੍ਹਾ ਚਿਰ ਹੋਰ ਠਹਿਰ ਕੇ, ਜਦੋਂ ਚੰਨ ਬਰੋਟੇ ਪਿੱਛੇ ਲੱਥ ਗਿਆ ਤਾਂ ਆਪਾਂ ਚੱਲਾਂਗੇ ।''

ਉਸ ਦੇ ਖੁੰਢ ਉੱਤੇ ਰੱਖੇ ਹੱਥ ਕੰਬਦੇ ਸਨ ਤੇ ਚੂੜੀਆਂ ਦਾ ਮੱਧਮ ਛਣਾਕਾ ਸੁਣਦਾ ਸੀ ।

ਮੈਂ ਖੁੰਢ ਹਲੂਣ ਕੇ ਪਾਣੀ ਵਿਚ ਠੇਲ੍ਹ ਦਿੱਤਾ ਅਤੇ ਅਸੀਂ ਦੋਵੇਂ ਰਿੜ੍ਹਦੇ ਖੁੰਢ ਉਤੇ ਡਕੋ-ਡੋਲੇ ਖਾਣ ਲੱਗ ਪਏ ।

ਟੋਭਾ ਬਹੁਤਾ ਪਾਣੀ ਪੈਣ ਕਰਕੇ ਡੱਕੋ-ਡੱਕ ਭਰਿਆ ਹੋਇਆ ਸੀ । ਕੰਢੇ ਦੇ ਛੋਟੇ ਛੋਟੇ ਡਲੇ ਭੁਰ ਕੇ ਉਸ ਵਿਚ ਡਿੱਗ ਪੈਂਦੇ ਸਨ । ਪਾਣੀ ਵਾਰ ਵਾਰ ਬਰੋਟੇ ਦੀਆਂ ਜੜ੍ਹਾਂ ਨੂੰ ਲਗਦਾ ਸੀ । ਹਰੀ ਕਾਈ ਤੇ ਫੂਸ ਝੱਗ ਵਾਂਗ ਤਰਦੇ ਫਿਰਦੇ ਸਨ ਤੇ ਸਰਕੰਡਿਆਂ ਵਿਚ ਕੁਮਲਾਈਆਂ ਹੋਈਆਂ ਪਾਣੀ-ਪੱਤੀਆਂ ਚੁੱਪ-ਚੁਪੀਤੀਆਂ ਪਈਆਂ ਸਨ । ਹਵਾ ਜਿਵੇਂ ਘਾਹ ਉਤੇ ਸੌਂ ਗਈ ਹੋਵੇ ।

ਖੁੰਢ ਦੇ ਹਟਕੋਰਿਆਂ ਨਾਲ ਸਲੇਟੀ ਪਾਣੀ ਉਤੇ ਸੁੱਤੀ ਪਈ ਬੋਹੜ ਦੀ ਛਾਂ ਹਿੱਲਣ ਲੱਗ ਪਈ । ਮੈਂ ਆਪਣੀਆਂ ਟੰਗਾ ਪਾਣੀ ਵਿਚ ਲਮਕਾ ਦਿੱਤੀਆਂ । ਮੇਰੀਆਂ ਤਲੀਆਂ ਵਿਚ ਲਹਿਰਾਂ ਵਾਰ ਵਾਰ ਕੁਤਕੁਤਾੜੀਆਂ ਕਰਦੀਆਂ ਸਨ । ਦੂਰ ਇਕ ਪਤਲੀ ਜਿਹੀ ਚੀਜ਼ ਨੂੰ ਸਰਕਦੀ ਦੇਖ ਕੇ ਉਸ ਆਖਿਆ, ''ਔਹ ਸੱਪ ਆਇਆ !'' ਮੈਂ ਬੌਂਦਲ ਕੇ ਝਟ ਆਪਣੀਆਂ ਲੱਤਾਂ ਉਤਾਂਹ ਖਿਚ ਲਈਆਂ ।

ਉਹ ਖਿੜ ਖਿੜ ਹੱਸ ਪਈ, ''ਬੱਸ ਡਰ ਗਿਆਂ ਏਂ ? ਇਹ ਤਾਂ ਕੋਈ ਟੁੱਟੀ ਡਾਹਣੀ ਏਂ ।''

ਖੁੰਢ ਆਪਣੇ ਆਪ ਠਿੱਲ੍ਹਦਾ ਵੱਡੀ ਢਾਬ ਦੇ ਵਿਚਕਾਰ ਇਕ ਟਾਪੂ ਵੱਲ ਜਾ ਰਿਹਾ ਸੀ । ਰੰਮੀ ਦੀ ਗਰਦਨ ਉਤੇ ਦੋਧਾ ਛੱਲੀ ਦੀ ਲੂੰ ਵਾਂਗ ਵਾਲ ਖਿਲਰੇ ਹੋਏ ਸਨ । ਰਾਤ ਦੀ ਛਾਂ ਨੇ ਚੰਨ ਦੀਆਂ ਮਲੂਕ ਕਿਰਨਾਂ ਨੂੰ ਕੱਜ ਲਿਆ । ਸੁਰਮਈ ਪਾਣੀ ਕਾਂ ਡੋਡ ਦੀ ਅੱਖ ਵਰਗਾ ਕਾਲਾ ਨਜ਼ਰ ਆਉਂਦਾ ਸੀ । ਚਾਰ ਚੁਫੇਰੇ ਨੀਂਦ ਨੇ ਸੁਫ਼ਨਿਆਂ-ਭਰੀ ਛੂਹ ਨਾਲ ਸਭ ਕਾਸੇ ਉਤੇ ਟੂਣਾ ਕਰ ਦਿੱਤਾ ਸੀ । ਛੇਕੜ ਖੁੰਢ ਪੱਤਣ ਜਾ ਲਗਿਆ । ਖੁੰਢ ਨਾਲ ਢਾਸਣਾ ਲਾਈ ਮੈਂ ਅੱਧ ਸੁੱਤਾ ਬੈਠਾ ਰਿਹਾ ਤੇ ਰੰਮੀ ਮੇਰੇ ਗੋਡਿਆਂ ਉਤੇ ਸਿਰ ਰਖ ਕੇ ਸੌਂ ਗਈ । ਉਸ ਪਿਛੋਂ ਮੇਰੀਆਂ ਝਿੰਮਣੀਆਂ ਦੀ ਸਿਤਾਰ ਉਤੇ ਰੁਮਕਦੀ ਹਵਾ ਨੇ ਹੌਲੀ ਹੌਲੀ

ਨੱਚਣਾ ਸ਼ੁਰੂ ਕਰ ਦਿੱਤਾ। ਮੇਰੀਆਂ ਪਲਕਾਂ ਭਾਰੀ ਹੋ ਗਈਆਂ ਤੇ ਮੈਨੂੰ ਪਤਾ ਨਹੀਂ ਮੈਂ ਕਦੋਂ ਸੌਂ ਗਿਆ।

ਜਦ ਮੇਰੀ ਅੱਖ ਖੁੱਲ੍ਹੀ ਤਾਂ ਪਹੁ-ਫੁਟਾਲੇ ਦੀ ਲਾਲੀ ਦਰਖ਼ਤਾਂ ਦੀ ਝਾਲਰ ਵਿਚੋਂ ਝਾਕਦੀ ਸੀ ਅਤੇ ਅਸਮਾਨ ਉਤੇ ਛੋਟੇ ਛੋਟੇ ਬੱਦਲਾਂ ਦੇ ਟੁਕੜੇ ਖਿੰਡੇ ਪਏ ਸਨ ਜਿਵੇਂ ਰਾਤ ਉੱਡਦੀ ਉੱਡਦੀ ਕਈ ਖੰਭ ਕੇਰ ਕੇ ਸੁਟ ਗਈ ਹੋਵੇ। ਰੰਮੀ ਹਾਲੇ ਵੀ ਸੁੱਤੀ ਪਈ ਸੀ। ਉਸ ਦੇ ਬੁੱਲ੍ਹ ਦੋ ਨਵੇਂ ਚੰਦਾਂ ਵਾਂਗ ਇਕ ਦੂਜੇ ਨੂੰ ਗਲਵੱਕੜੀ ਪਾਈ ਸੁੱਤੇ ਪਏ ਸਨ।

# ਚੌਦਾਂ

ਬਹੁਤ ਪਾਣੀ ਚੂਸ ਕੇ ਧਰਤੀ ਸ਼ੱਕਰ-ਰੰਗੀ ਹੋ ਗਈ ਸੀ। ਹਲ ਦਾ ਫਾਲਾ ਧਰਤੀ ਨੂੰ ਚੀਰਦਾ, ਮੋਟੇ ਗਿੱਲੇ ਡਲੇ ਉਥੱਲਦਾ ਤੁਰਿਆ ਜਾਂਦਾ ਸੀ ਤੇ ਸਿਆੜਾਂ ਹਬਸ਼ਨ ਦੇ ਬੁੱਲ੍ਹਾਂ ਵਾਂਗ ਖੁੱਲ੍ਹੀਆਂ ਤੇ ਮੋਟੀਆਂ ਮੋਟੀਆਂ ਸਨ।

ਝੁੱਗੀ ਅੰਦਰ ਬੈਠੀ ਰੰਮੀ ਫੁਲਕਾਰੀ ਕਢ ਰਹੀ ਸੀ ਤੇ ਪੀੜ੍ਹੀ ਉੱਤੇ ਕੋਲ ਹੀ ਬੈਠਾ ਮੈਂ ਉਸ ਦੇ ਨਾਲ ਗੱਲਾਂ ਮਾਰ ਰਿਹਾ ਸਾਂ। ਬਾਹਰ ਉਸ ਦਾ ਪਿਉ ਖ਼ੁਸ਼ੀ ਨਾਲ ਉੱਖੜੀ ਆਵਾਜ਼ ਵਿਚ ਗਾਉਂਦਾ ਤੇ ਬੈਲਦਾਂ ਨੂੰ ਟਚਕਾਰੀ ਮਾਰਦਾ ਸੁਣਾਈ ਦਿੰਦਾ ਸੀ।

ਉਹ ਫੁਲਕਾਰੀ ਵਿਚ ਬੂਟੇ ਪਾਉਂਦੀ ਰਹੀ। ਉਸ ਦੀਆਂ ਕੁਕੜੀਆਂ ਦੌੜ ਦੌੜ ਦਾਣੇ ਤੇ ਕੀੜੇ ਚੁਗਦੀਆਂ ਸਨ। ਇਕ ਮੋਟੀ ਕੁਕੜੀ ਬਾਂਸ ਦੇ ਖਿੜਕੇ ਦੀਆਂ ਸੀਖਾਂ ਵਿਚੋਂ ਆਪਣੀ ਗ਼ਰਦਨ ਅੰਦਰ ਕੱਢੀ ਖੜੀ ਸੀ ਜਿਵੇਂ ਸੁਣਦੀ ਹੋਵੇ ਕਿ ਅਸੀਂ ਕੀ ਗੱਲਾਂ ਕਰ ਰਹੇ ਹੁੰਦੇ ਹਾਂ। ਰਸੋਈ ਵਿਚੋਂ ਹੁਣ ਵੀ ਉਬਲੇ ਹੋਏ ਦੁੱਧ ਤੇ ਕਾੜ੍ਹਨੀ ਦੀ ਖੁਰਚਨ ਦੀ ਬੂ, ਜਿਸ ਵਿਚ ਲਾਗਲੇ ਖੇਤਾਂ ਦੀ ਤਾਜ਼ਾ ਰਿਹ ਦੀ ਸਲ੍ਹਾਭ ਮਿਲੀ ਹੋਈ ਸੀ, ਆਉਂਦੀ ਸੀ।

ਮੈਂ ਪੁੱਛਿਆ, "ਥੱਕਦੀ ਨਹੀਂ ਤੂੰ ਇਸ ਤਰ੍ਹਾਂ ਬੇਲ ਬੂਟੇ ਕੱਢਦੀ ?"

"ਤੂੰ ਪੜ੍ਹਨ ਲੱਗੇ ਕੀ ਥੱਕ ਜਾਨਾ ਏਂ ?"

"ਮੈਨੂੰ ਤਾਂ ਹੁਣ ਪੜ੍ਹਾਈ ਉੱਕਾ ਹੀ ਨਹੀਂ ਚੰਗੀ ਲੱਗਦੀ।"

"ਕਦੋਂ ਤੋਂ ?" ਉਹ ਹੱਸ ਕੇ ਬੋਲੀ।

"ਤੈਨੂੰ ਨਹੀਂ ਪਤਾ ਰੰਮੀ ?" ਮੈਂ ਆਖਿਆ, "ਹੁਣ ਤੇ ਤੱਪੇ ਹੀ ਰਹਿਣ ਦੀ ਸਲਾਹ ਕਰ ਲਿਤੀ ਹੈ। ਪੜ੍ਹਨਾ ਵੀ ਜੋ ਕੁਝ ਹੋਵੇ, ਉਹ ਇਥੇ ਹੀ ਪੜ੍ਹਾਂਗਾ। ਜੇ ਮਾਮਾ ਮੰਨ ਗਿਆ ਤਾਂ ਸ਼ਾਇਦ ਮੈਂ ਇਥੇ ਹੀ ਰਹਿ ਜਾਵਾਂ।"

"ਸੱਚ ?"

"ਹਾਂ।"

ਉਸ ਦੀਆਂ ਭੂਰੀਆਂ ਅੱਖਾਂ ਜਿਹੜੀਆਂ ਕ਼ਾਲੀਆਂ ਝਿੰਮਣੀਆਂ ਦੀ ਝਾਲਰ ਹੋਣ ਕਰ ਕੇ ਦਾਖੀ ਜਾਪਦੀਆਂ ਸਨ, ਭਖ਼ ਉਠੀਆਂ।

ਇਕ-ਦਮ ਉਹ ਚੀਖ਼ ਪਈ। ਮੇਰੇ ਨਾਲ ਗੱਲਾਂ ਕਰਨ ਵਿਚ ਰੁੱਝੀ ਹੋਣ ਕਰ ਕੇ ਸਹਿ-ਸਭਾਤ ਸੂਈ ਉਸ ਦੇ ਪੋਟੇ ਵਿਚ ਖੁੱਭ ਗਈ ਸੀ।

ਮੈਂ ਛੇਤੀ ਨਾਲ ਉਸ ਦੀ ਉਂਗਲ ਆਪਣੇ ਹੱਥ ਵਿਚ ਘੁੱਟ ਲਈ ਤੇ ਉਸ ਦਾ ਪੱਟਾ ਬੁਲ੍ਹਾਂ ਵਿਚ ਨੱਪ ਕੇ ਚੂਸ ਲਿਆ।

ਉਸ ਦੀਆਂ ਨਾਸਾਂ ਵਿਚਕਾਰ ਇਕ ਲਾਲ ਰਗ ਝਰੀਟ ਵਾਂਗ ਉੱਘੜ ਆਈ ਤੇ ਉਸ ਦੀਆਂ ਪੁੜਪੁੜੀਆਂ ਜਿਹੜੀਆਂ ਵਾਲਾਂ ਦੀਆਂ ਤੈਹਾਂ ਵਿਚੋਂ ਝਾਕਦੀਆਂ ਸਨ, ਲਾਲ ਸੂਹੀਆਂ ਹੋ ਗਈਆਂ।

"ਹਾਏ—! ਛੱਡ ਮੇਰੀ ਉਂਗਲ!" ਉਸ ਆਖਿਆ, "ਕਿਸੇ ਦਾ ਲਹੂ ਨਹੀਂ ਚੂਸੀਦਾ।"

"ਕਿਉਂ?"

"ਆਪਸ ਵਿਚ ਵਿਛੋੜਾ ਪੈ ਜਾਂਦਾ ਏ।"

ਉਸੇ ਵੇਲੇ ਬਾਹਰੋਂ ਰਾਜੂ ਚਾਰੇ ਦਾ ਭਰਾ ਚੁੱਕੀ ਅੰਦਰ ਆਇਆ। ਉਸ ਦੇ ਹੱਥ ਕੂਹਣੀਆਂ ਤੀਕ ਲਿੱਬੜੇ ਹੋਏ ਸਨ ਤੇ ਸਾਫ਼ੇ ਵਿਚ ਕੁਝ ਹਰੇ ਹਰੇ ਕੱਖ ਚੰਬੜੇ ਹੋਏ ਸਨ।

"ਲਿਆ ਪੁੱਤ, ਜੇ ਕੁਝ ਪਾਣੀ ਸ਼ਰਬਤ ਹੈ, ਤਾਂ ਦਵੀਂ, ਸੌਣ ਭਾਦੋਂ ਦੀ ਹੁੰਮਸ ਵਿਚ ਦੇਹ ਫੂਕੀ ਜਾਂਦੀ ਏ —" ਰਾਜੂ ਨੇ ਚਾਰੇ ਦਾ ਭਰਾ ਇਕ ਖੂੰਜੇ ਵਿਚ ਸੁੱਟ ਕੇ ਆਖਿਆ।

ਉਸ ਸ਼ਾਮ ਮੈਂ ਬਹੁਤ ਚਿਰ ਮਗਰੋਂ ਵਾਪਸ ਮੁੜਿਆ। ਇਸ ਪਿਛੋਂ ਮੇਰੀਆਂ ਤਰਕਾਲਾਂ ਬਹੁਤੀਆਂ ਖੇਤ ਵਿਚ ਹੀ ਲੰਘਦੀਆਂ। ਕਈ ਵਾਰ ਮੈਂ ਹਿਸਾਬ ਦੀ ਕਿਤਾਬ ਤੇ ਸਲੇਟ ਵੀ ਨਾਲ ਹੀ ਲੈ ਜਾਂਦਾ ਤੇ ਸਾਰਾ ਸਾਰਾ ਦਿਨ ਘਰ ਨਾ ਆਉਂਦਾ। ਮੈਂ ਤੇ ਰੰਮੀ ਦੋਵੇਂ ਪਾਣੀ ਦਿੱਤੇ ਖੇਤ ਵਿਚ ਦੌੜ ਪੈਂਦੇ, ਤੇ ਸਾਡੇ ਛਿੱਤਰ ਖਲੱਪ ਖਲੱਪ ਕਰਨ ਲੱਗ ਜਾਂਦੇ। ਚਿੱਕੜ ਵਿਚ ਉਸ ਦੇ ਪੈਰ ਖੁਭ ਜਾਂਦੇ ਤੇ ਉਸ ਦੀ ਜੁੱਤੀ ਅੱਡੀਆਂ ਵਿਚੋਂ ਨਿਕਲ ਨਿਕਲ ਭਜਦੀ। ਜਦ ਵੱਟਾਂ ਟੱਪਦੀ, ਖਾਲ ਲੰਘ ਕੇ ਉਹ ਜੰਡੀ ਹੇਠ ਆ ਖੜੀ ਹੁੰਦੀ ਤੇ ਮੈਂ ਤਿਰਛੀਆਂ ਪਲਾਂਘਾਂ ਭਰਦਾ ਹੋਇਆ ਉਸ ਦੇ ਕੋਲ ਆਉਂਦਾ, ਤਾਂ ਮੈਨੂੰ ਉਸ ਦੇ ਤੇਜ਼ ਵਗਦੇ ਸਾਹ ਵਿਚੋਂ ਖੇਤਾਂ ਦੀ ਸੱਜਰੀ ਹਵਾ ਤੇ ਇਸ ਦੀ ਮਿਠਾਸ ਆਉਂਦੀ ਭਾਸਦੀ।

ਹੌਲੀ ਹੌਲੀ ਪਿੰਡ ਵਿਚ ਮੇਰੀਆਂ ਹੋਰ ਵੀ ਦਿਲਚਸਪੀਆਂ ਹੋ ਗਈਆਂ। ਮਹੱਲੇ ਵਿਚ ਮੰਗਤ ਮੇਰਾ ਬਹੁਤ ਸਿਆਣੂ ਹੋ ਗਿਆ। ਅਸੀਂ ਇਕੱਠੇ ਟੋਭੇ ਉਤੇ ਨਹਾਉਣ ਜਾਂਦੇ ਤੇ ਇਕੱਠੇ ਹੀ ਜ਼ਿਦ ਜ਼ਿਦ ਕੇ ਛਾਲਾਂ ਮਾਰਦੇ।

ਟੋਭੇ ਉੱਤੇ ਤੀਆਂ ਦਾ ਮੇਲਾ ਭੀ ਭਰਦਾ ਜਾਂਦਾ ਸੀ। ਪਿੰਡ ਦੇ ਪ੍ਰਬੰਧਕਾਂ

ਨੇ ਇਸ ਵਾਰ ਦੋ ਨਟ ਤੇ ਕਈ ਬਾਜ਼ੀਗਰ ਸੱਦੇ ਸਨ। ਮੈਂ ਤੇ ਮੰਗਤ ਇਸ ਮੇਲੇ ਵਿਚ ਕਈ ਦਿਨ ਲਗਾਤਾਰ ਜਾਂਦੇ ਰਹੇ। ਮੇਲੇ ਵਿਚ ਜੱਟ ਬੋਲੀਆਂ ਪਾਉਂਦੇ ਫਿਰਦੇ ਰਹਿੰਦੇ, ਬਾਜੀਗਰਾਂ ਦੀਆਂ ਛਾਲ਼ਾਂ ਕੋਲ ਹੀ ਇਕ ਸੁਥਰਾ ਟੱਲ ਬੰਨ੍ਹੀ ਨੱਚਦਾ ਰਹਿੰਦਾ ਤੇ ਅਸੀਂ ਬਹੁਤ ਸਾਰੇ ਮੁੰਡਿਆਂ ਦਾ ਜੱਥਾ ਤਾੜੀਆਂ ਮਾਰਦਾ। ਮੇਰੀ ਮਾਂ ਦੋ ਵਾਰ ਸੁਨੇਹਾ ਘੱਲ ਚੁੱਕੀ ਸੀ ਕਿ ਹੁਣ ਮੇਰੀਆਂ ਛੁੱਟੀਆਂ ਵਿਚ ਥੋੜ੍ਹੇ ਦਿਨ ਰਹਿ ਗਏ ਹਨ ਤੇ ਮੈਂ ਬਠਿੰਡੇ ਆ ਜਾਵਾਂ, ਪਰ ਮੇਰਾ ਵਾਪਸ ਜਾਣ ਨੂੰ ਜੀ ਨਹੀਂ ਸੀ ਕਰਦਾ।

ਮੇਲੇ ਦੇ ਦਿਨਾਂ ਵਿਚ ਮੈਂ ਏਨਾ ਰੁਝਿਆ ਰਿਹਾ ਕਿ ਕਈ ਦਿਨ ਰੰਮੀ ਕੋਲ ਨਾ ਜਾ ਸਕਿਆ।

ਇਕ ਦਿਨ ਮੈਂ ਰੰਮੀ ਕੋਲ ਆਥਣ ਨੂੰ ਗਿਆ। ਉਹ ਸਿਰ ਮੂੰਹ ਵਲ੍ਹੇਟੀ ਸਬਾਤ ਵਿਚ ਮੰਜੀ ਉਤੇ ਪਈ ਸੀ।

ਮੇਰੇ ਪੈਰਾਂ ਦਾ ਖੜਕਾ ਸੁਣ ਕੇ ਉਸ ਨੇ ਮੂੰਹ ਤੋਂ ਪੱਲਾ ਹਟਾਇਆ ਤੇ ਥੱਕੀਆਂ ਅੱਖੀਆਂ ਮੇਰੇ ਵੱਲ ਭਵਾ ਕੇ ਝਾਕੀ।

ਮੈਂ ਉਸ ਕੋਲ ਗਿਆ। ਉਹ ਉਸੇ ਤਰ੍ਹਾਂ ਪਈ ਰਹੀ।

''ਰੰਮੀ'' ਮੈਂ ਆਖਿਆ।

ਉਸ ਦਾ ਮੱਥਾ ਭਖ਼ਿਆ ਹੋਇਆ ਸੀ ਤੇ ਅੱਖਾਂ ਲਾਲ ਸਨ। ਮੁੜ੍ਹਕੇ ਨਾਲ ਭਿੱਜੇ ਹੋਏ ਵਾਲਾਂ ਦੀਆਂ ਮੀਢੀਆਂ ਉਸ ਦੀ ਗੱਲ੍ਹ ਨਾਲ ਚਿਪੀਆਂ ਪਈਆਂ ਸਨ, ਤੇ ਢਿੱਲੀ ਬਾਂਹ ਬਾਹੀ ਉਤੇ ਐਵੇਂ ਹੀ ਲਮਕਦੀ ਸੀ।

''ਬੀਮਾਰ ਐਂ ਕੀ ?'' ਮੈਂ ਫ਼ਿਕਰ ਨਾਲ ਪੁੱਛਿਆ।

''ਹਾਂ'' ਉਸ ਨੇ ਸਿਰ ਹਿਲਾ ਕੇ ਆਖਿਆ।

ਮੈਂ ਉਸ ਦੀ ਬਾਂਹ ਫੜ ਕੇ ਬੁਖ਼ਾਰ ਜਾਚਣ ਲੱਗਾ।

''ਤੂੰ ਆਇਆ ਨਹੀਂ ਐਨੇ ਦਿਨ ?'' ਉਸ ਫੇਰ ਅੱਖਾਂ ਭਵਾ ਕੇ ਪੁੱਛਿਆ, ''ਮੈਂ ਤੈਨੂੰ ਉਡੀਕਦੀ ਰਹੀ।''

ਮੈਂ ਇਕ ਮਿੰਟ ਸੋਚਦਾ ਰਿਹਾ। ਫਿਰ ਛੇਤੀ ਨਾਲ ਆਪਣੀ ਚੁੱਪ ਨੂੰ ਤੋੜ ਕੇ ਆਖਿਆ ''ਮੈਂ ਸਕੂਲ ਦੇ ਕੰਮ ਵਿਚ ਰੁਝਿਆ ਰਿਹਾ। ਤੈਨੂੰ ਸ਼ਾਇਦ ਪਤਾ ਨਹੀਂ, ਘਰੋਂ ਮੈਨੂੰ ਦੋ ਚਿੱਠੀਆਂ ਆ ਚੁਕੀਆਂ ਹਨ। ਸਕੂਲ ਖੁੱਲ੍ਹਣ ਵਿਚ ਥੋੜ੍ਹੇ ਹੀ ਦਿਨ ਹਨ, ਤੇ ਮੈਨੂੰ ਛੇਤੀ ਹੀ ਜਾਣਾ ਹੋਵੇਗਾ।''

''ਛੇਤੀ ?''

''ਹਾਂ।''

"ਤੂੰ ਤਾਂ ਆਖਦਾ ਸੀ ਕਿ ਹੁਣ ਇਥੇ ਹੀ ਰਵ੍ਹੇਂਗਾ —"

"ਹਾਂ, ਪਰ ਮਾਮਾ ਨਹੀਂ ਮੰਨਿਆ ਤੇ ਨਾ ਹੀ ਮੇਰੀ ਮਾਂ —"

ਮੈਂ ਬਹੁਤ ਚਿਰ ਬੈਠਾ ਰਿਹਾ ਤੇ ਉਹ ਚੁੱਪ ਰਹੀ।

"ਤੂੰ ਚੁੱਪ ਐਂ ?" ਮੈਂ ਪੁੱਛਿਆ।

"ਹਾਂ", ਉਸ ਨੇ ਅੱਖਾਂ ਮੀਚ ਕੇ ਆਖਿਆ।

"ਸਿਰ ਵਿਚ ਪੀੜ ਐ ?"

"ਨਹੀਂ।"

ਅਸੀਂ ਫਿਰ ਚੁੱਪ ਹੋ ਗਏ।

ਮੈਂ ਉਸ ਕੋਲ ਬਹੁਤ ਚਿਰ ਬੈਠਾ ਰਿਹਾ ਪਰ ਉਹ ਉਸੇ ਤਰ੍ਹਾਂ ਪਈ ਰਹੀ — ਬਗ਼ੈਰ ਬੋਲੇ, ਬਗ਼ੈਰ ਕੁਝ ਆਖੇ।

ਛੇਕੜ ਮੈਂ ਪੁੱਛਿਆ, "ਮੈਥੋਂ ਨਾਰਾਜ਼ ਐਂ ?"

"ਨਹੀਂ।"

ਉਸ ਸ਼ਾਮ ਮੈਂ ਬਹੁਤ ਉਦਾਸ ਘਰ ਵਾਪਸ ਆਇਆ। ਮੇਰੇ ਜਾਣ ਵਿਚ ਹੁਣ ਥੋੜ੍ਹੇ ਦਿਨ ਹੀ ਰਹਿ ਗਏ ਸਨ। ਦਿਨ ਲੰਘਦੇ ਜਾਂਦੇ ਸਨ ਅਤੇ ਮੇਰਾ ਜੀ ਡੁੱਬਦਾ ਜਾਂਦਾ ਸੀ।

ਛੇਕੜ ਵਕਤ ਆ ਗਿਆ ਜਦ ਮੇਰੇ ਜਾਣ ਵਿਚ ਇਕ ਦਿਨ ਹੀ ਰਹਿ ਗਿਆ।

ਪਿੱਪਲ ਦੇ ਤਣੇ ਕੋਲ ਖੜੀ ਹੋਈ ਰੰਮੀ ਨੇ ਮੈਨੂੰ ਪੁੱਛਿਆ, "ਤੂੰ ਜਾਏਂਗਾ ਕਲ੍ਹ ਨੂੰ ?"

ਮੈਂ ਆਖਿਆ, "ਹਾਂ, ਮੇਰੀਆਂ ਛੁੱਟੀਆਂ ਮੁੱਕ ਗਈਆਂ ਹਨ।"

ਸੰਝ ਦਾ ਵੇਲਾ ਖੇਤਾਂ ਵਿਚ ਹੌਲੀ ਹੌਲੀ ਊਂਘਦਾ ਤੁਰਿਆ ਆਉਂਦਾ ਸੀ।

ਟੁੱਟਦੀ ਹੋਈ ਸਿੱਕ ਨਾਲ ਅੰਬੜ ਕੇ ਉਸ ਲੰਮਾ ਸਾਹ ਖਿੱਚਿਆ, "ਕੀ ਫੇਰ ਨਹੀਂ ਆਏਂਗਾ ਤੂੰ ?"

ਮੇਰਾ ਕਾਲਜਾ ਧੱਕ ਧੱਕ ਕਰਨ ਲੱਗ ਪਿਆ, ਤੇ ਮੈਨੂੰ ਇੰਜ ਭਾਸਿਆ ਜਿਵੇਂ ਲਹੂ ਦੀ ਨਦੀ ਮੇਰੀਆਂ ਨਸਾਂ ਵਿਚ ਡੱਕੋ-ਡੱਕ ਉਛਾਲੇ ਮਾਰਦੀ ਵਗਦੀ ਹੋਵੇ। ਦੂਰ ਉੱਚੇ ਟਿੱਬੇ ਦੇ ਪਿਛਾੜੀ ਇਕ ਤਿੱਖੀ ਸਨਸਨਾਉਂਦੀ ਹੋਈ ਚੀਖ਼ ਗੂੰਜੀ ਤੇ ਬਹੁਤ ਚਿਰ ਤੀਕ ਬਰੜਾਉਂਦੀ ਹੋਈ ਮੇਰੇ ਧੱਕ ਧੱਕ ਕਰਦੇ ਕਾਲਜੇ ਦੀਆਂ ਹੁਮਕਾਂ ਵਿਚ ਮਿਲ ਗਈ। ਉਸੇ ਵੇਲੇ ਗਿਰਝਾਂ ਦੀ ਇਕ ਡਾਰ ਮੇਰੇ ਸਿਰ ਉੱਤੋਂ ਦੀ ਉੱਡੀ ਤੇ ਮੈਂ ਕੰਬ ਗਿਆ।

ਮੈਨੂੰ ਗੁੰਮ ਸੁੰਮ ਦੇਖ ਕੇ ਉਸ ਨੇ ਫਿਰ ਪੁੱਛਿਆ, "ਤੂੰ ਜ਼ਰੂਰ ਚਲਿਆ ਜਾਏਂਗਾ ।"

ਮੈਂ ਆਖਿਆ, "ਹਾਂ" ।

ਉਸ ਨੇ ਖੀਸੇ ਵਿਚੋਂ ਚਾਕੂ ਕੱਢ ਕੇ ਪਿੱਪਲ ਦੇ ਤਣੇ ਉਤੇ ਵੱਡੇ ਵੱਡੇ ਅੱਖਰਾਂ ਵਿਚ ਆਪਣਾ ਨਾਂ ਖੁਰਚ ਦਿੱਤਾ ।

ਉਸ ਦੇ ਹੇਠ ਹੀ ਮੈਂ ਵੀ ਲੀਕ ਵਾਹ ਕੇ ਆਪਣਾ ਨਾਂ ਉਘੇੜ ਦਿੱਤਾ ।

"ਚਲੀਏ ਘਰ ਵਾਪਸ ?" ਉਸ ਨੇ ਪੁੱਛਿਆ ।

ਮੈਨੂੰ ਪਤਾ ਨਹੀਂ ਕਿਉਂ ਇਕ-ਦਮ ਮੇਰੀਆਂ ਅੱਖਾਂ ਵਿਚ ਪਾਣੀ ਆ ਗਿਆ, ਤੇ ਮੈਂ ਆਖਿਆ, "ਰੰਮੀ, ਮੈਂ ਤੈਨੂੰ ਕਦੀ ਵੀ ਨਹੀਂ ਭੁੱਲਾਂਗਾ ।"

ਦੋ ਚਾਰ ਸੁੱਕੇ ਹੋਏ ਪੱਤੇ ਕਿਰ ਪਏ ਸਨ, ਤੇ ਹਵਾ ਉਨ੍ਹਾਂ ਨੂੰ ਹੋਲੀ ਹੋਲੀ ਹਿੱਕਦੀ ਹੋਈ ਕਿਧਰੇ ਲਈ ਜਾਂਦੀ ਸੀ । ਤਰਕਾਲ ਹਿਚਕੀਆਂ ਭਰਦੀ ਹੋਈ ਪੱਛਮ ਵਿਚ ਚਲੀ ਗਈ ਤੇ ਉਸ ਦੀ ਅੱਖ ਵਿਚੋਂ ਇਕ ਵੱਡਾ ਹੰਝੂ ਢਲਕ ਕੇ ਆਸਮਾਨ ਦੀ ਨੀਲੀ ਚਾਦਰ ਉਤੇ ਤਾਰੇ ਦੇ ਰੂਪ ਵਿਚ ਲਿਸ਼ਕਣ ਲੱਗ ਪਿਆ ।

ਅਸੀਂ ਭਿੱਜੀ ਹੋਈ ਜ਼ਮੀਨ ਉੱਤੇ ਤੁਰਦੇ ਘਰ ਨੂੰ ਚਲ ਪਏ ।

ਸਾਡੇ ਦੋਹਾਂ ਦੀਆਂ ਪੈੜਾਂ ਚਿੱਕੜ ਵਿਚ ਉਘੜ ਕੇ ਇਕ ਥਾਂ ਦੋ ਬੇਸੁਰਤੀਆਂ ਅੱਖਾਂ ਵਾਂਗ ਹਵਾ ਵਿਚ ਝਾਕਦੀਆਂ ਸਨ ।

# ਪੰਦਰਾਂ

ਮੈਂ ਬਠਿੰਡੇ ਵਾਪਸ ਆ ਗਿਆ। ਸਕੂਲ ਖੁਲ੍ਹ ਚੁਕੇ ਸਨ। ਮੈਂ ਹੁਣ ਨੌਵੀਂ ਜਮਾਤ ਵਿਚ ਹੋ ਗਿਆ ਸੀ। ਕੱਤਕ ਦੀ ਰੁੱਤ ਖ਼ੁਸ਼ਬੂ ਨਾਲ ਭਰੀ ਹੋਈ ਸੀ। ਦੁਸਹਿਰੇ ਦੇ ਦਿਨ ਨੇੜੇ ਨੇੜੇ ਸਰਕਦੇ ਆਉਂਦੇ ਸਨ, ਤੇ ਰਾਮ ਲ਼ੀਲ੍ਹਾ ਦੀਆਂ ਰਾਤਾਂ, ਜਦੋਂ ਪਿੰਡ ਦੇ ਸਾਰੇ ਤੀਵੀਆਂ ਆਦਮੀ ਇਕੱਠੇ ਹੁੰਦੇ ਸਨ, ਸੁਪਨਿਆਂ ਦੀਆਂ ਲੋਰੀਆਂ ਲਈ ਉਂਘਦੀਆਂ ਤੁਰੀਆਂ ਆਉਂਦੀਆਂ ਸਨ।

ਰਾਮ ਲੀਲ੍ਹਾ ਹਰ ਸਾਲ ਵੱਡੇ ਕਿਲ੍ਹੇ ਦੀਆਂ ਢਲਵਾਨਾਂ ਦੇ ਹੇਠ ਹੁੰਦੀ ਸੀ। ਗੈਸ ਦੇ ਚਾਨਣੇ ਵਿਚ ਜਦ ਪਰਸਰਾਮ ਪਰਸ਼ਾ ਹਿਲਾਉਂਦਾ, ਤੇ ਲਛਮਣ ਜੀ ਉਸ ਦੇ ਸਵਾਲਾਂ ਦਾ ਜਵਾਬ ਦੇਂਦੇ ਤਾਂ ਸਾਡੇ ਸਭਨਾਂ ਹਾਣੀਆਂ ਦੇ ਜਿਸਮ ਵਿਚ ਸੂਰਬੀਰਤਾ ਦੀ ਝਰੀਟ ਵੱਜ ਜਾਂਦੀ। ਖੇਲ੍ਹ ਖ਼ਤਮ ਹੋਣ ਪਿਛੋਂ ਬਾਹਰ ਨਿਕਲ ਕੇ ਅਸੀਂ ਸਾਰੇ ਜਣੇ ਕੱਕੇ ਰੇਤੇ ਵਿਚ ਯੁਧ ਲੜਨ ਲੱਗ ਪੈਂਦੇ। ਲੜਨ ਘੁਲਣ ਨਾਲ ਸਾਡੇ ਕਪੜੇ ਠੰਢੇ ਰੇਤੇ ਦੀ ਕਿਰਚ ਨਾਲ ਭਰ ਜਾਂਦੇ। ਖ਼ਸ਼ਖ਼ਸ਼ ਦੇ ਦਾਣਿਆਂ ਵਰਗਾ ਇਹ ਰੇਤਾ ਸਾਡੇ ਵਾਲਾਂ ਵਿਚ ਵੀ ਪੈ ਜਾਂਦਾ।

ਸਕੂਲ ਦੇ ਆਲੇ-ਦੁਆਲੇ ਕੱਕੇ ਰੇਤੇ ਦੇ ਟਿੱਬੇ ਵਿਛੇ ਪਏ ਹੁੰਦੇ। ਇਨ੍ਹਾਂ ਟਿੱਬਿਆਂ ਉਤੇ ਖੇਡਦੀ ਆਉਂਦੀ ਹਵਾ ਵਿਚ ਸੁਤੰਤਰਤਾ ਸੀ ਜਿਹੜੀ ਕਿਸੇ ਰੇਗਿਸਤਾਨ ਦੀ ਕੁੜੀ ਵਿਚ ਹੀ ਹੋ ਸਕਦੀ ਹੈ।

ਚੰਦ ਦੇ ਪਿਛਲੇ ਪੱਖ ਅਸੀਂ ਤੜਕੇ ਹੀ ਉੱਠ ਕੇ ਇਨ੍ਹਾਂ ਟਿੱਬਿਆਂ ਉਤੇ ਕਬੱਡੀ ਖੇਡਣ ਜਾਂਦੇ। ਬੀਮਾਰ ਚੰਦ ਦੀਆਂ ਨਿੱਘਰਦੀਆਂ ਕਿਰਨਾਂ ਵਿਚ ਅਸੀਂ ਹਾਣੀ ਮਿਥ ਕੇ ਖੇਡ ਸ਼ੁਰੂ ਕਰ ਦੇਂਦੇ। ਕੱਕੇ ਰੇਤੇ ਵਿਚ ਸਾਡੇ ਪੈਰ ਧੱਸ ਜਾਂਦੇ। 'ਕੌਡੀ ਕਬਾਡੀ' 'ਕੌਡੀ ਕਬਾਡੀ' ਕਰਦੇ ਜਦ ਕਿਸੇ ਮੁੰਡੇ ਦਾ ਸਾਹ ਟੁੱਟਦਾ ਜਾਪਦਾ ਤਾ ਸਾਰੇ ਉਸ ਨੂੰ ਘੇਰ ਲੈਂਦੇ। ਉਸ ਨੂੰ ਭਵਾਟਣੀ ਦੇ ਕੇ ਉਸ ਉਤੇ ਚੜ੍ਹ ਬੈਠਦੇ ਤੇ ਤਦ ਤੀਕ ਨਾ ਛੱਡਦੇ ਜਦ ਤੀਕ ਉਹ 'ਸਾਹ ਟੁੱਟਿਆ' ਨਾ ਮੰਨ ਲੈਂਦਾ।

ਪਰ ਰੇਤੇ ਦੀ ਡੂੰਘੀ ਨਰਮ ਸੇਜ ਉਤੇ ਕਿਸੇ ਨੂੰ ਵੀ ਸੱਟ ਫੇਟ ਨਾ ਲੱਗਦੀ, ਸਗੋਂ ਕੁਦਾੜੀਆਂ ਮਾਰ ਮਾਰ ਅਸੀਂ ਡਿੱਗਣ ਦਾ ਬਹਾਨਾ ਲੱਭਦੇ ਜਿਵੇਂ ਢਾਹ ਲੈਣ ਤੇ ਢਹਿ ਜਾਣ ਵਿਚ ਕੋਈ ਫ਼ਰਕ ਨਾ ਹੁੰਦਾ ਹੋਵੇ, ਜਿਵੇਂ ਹਾਰ ਤੇ ਜਿੱਤ

ਇਕੋ ਖੇਡ ਦੇ ਦੋ ਪਾਸੇ ਹੋਣ। ਐਤਵਾਰ ਨੂੰ ਸਾਰੇ ਹਾਣੀ ਮਿਲ ਕੇ ਨਹਿਰ ਦੇ ਕੰਢੇ ਦੋ ਪਿੱਪਲਾਂ ਦੇ ਵਿਚਕਾਰਲੇ ਥੜ੍ਹੇ ਉਤੇ ਜਾ ਡੇਰਾ ਲਾਉਂਦੇ। ਇਸ ਪੱਕੇ ਥੜ੍ਹੇ ਕੋਲ ਇਕ ਕੱਚਾ ਬਿਨ-ਪੌੜੀਉਂ ਘਰ ਸੀ ਜਿਸ ਦੇ ਉਤੇ ਪਿੱਪਲ ਦੇ ਦੋ ਨਰੋਏ ਡਾਹਣੇ ਉੱਲਰੇ ਹੁੰਦੇ। ਮੈਂ, ਜੱਗੂ, ਤੇ ਨਧਾਨਾ ਪਿੱਪਲ ਉਤੇ ਅੱਧਾ ਘੰਟਾ ਪੀਲ-ਪਲਾਂਘੜੇ ਖੇਡਦੇ ਰਹਿੰਦੇ। ਓੜਕ ਥੱਕ ਹੰਭ ਕੇ ਵੱਖੋ ਵੱਖ ਡਾਹਣਿਆਂ ਉਤੇ ਢਾਸਣਾ ਲਾ ਕੇ ਬੈਠ ਜਾਂਦੇ, ਜਾਂ ਉਸ ਕੱਚੇ ਘਰ ਦੀ ਛੱਤ ਦੇ ਬਨੇਰੇ ਉਤੇ ਟੰਗਾਂ ਲਮਕਾ ਕੇ ਹਿਸਾਬ ਦੇ ਸਵਾਲ ਕੱਢਦੇ। ਕੰਮ ਕਰਦੇ ਹੋਏ ਨਧਾਨਾ ਘੜੀ ਘੜੀ ਸਾਨੂੰ ਉਕਾ ਦੇਂਦਾ। ਉਹ ਕੰਮ-ਚੋਰ ਤੇ ਖਲੰਦੜਾ ਸੀ। ਮੁੜ ਮੁੜ ਪੁੱਛਦਾ, 'ਬੇਰ ਕਦ ਖਾਣ ਚੱਲਾਂਗੇ ?'

ਨੇੜੇ ਬਾਗ ਵਿਚ ਅਮਰੂਦਾਂ ਤੇ ਅਨਾਰਾਂ ਦੀ ਮਿੱਠੀ ਤਿੱਖੀ ਖ਼ੁਸ਼ਬੂ ਵਾਰ ਵਾਰ ਸਾਡੇ ਮਨ ਨੂੰ ਲਲਚਾ ਦੇਂਦੀ। ਨਧਾਨਾ ਕਾਪੀ ਠੱਪ ਕੇ ਇਕ ਛੋਟੀ ਡਾਹਣੀ ਨੂੰ ਫੜ ਕੇ ਹੇਠਾਂ ਉਤਰਨ ਦੀ ਪਹਿਲ ਕਰਦਾ। ਅਸੀਂ ਵੀ ਉਹਦੇ ਮਗਰ ਮਗਰ ਆਪਣੀਆਂ ਕਾਪੀਆਂ ਠੱਪ ਕੇ ਧਰਤੀ ਉਤੇ ਛਾਲਾਂ ਮਾਰਦੇ।

ਉਹ ਬੇਰੀ ਉਤੇ ਚੜ੍ਹਨ ਨੂੰ ਸ਼ੇਰ ਸੀ। ਪਰ ਉਹ ਇਸ ਸ਼ਰਤ ਤੇ ਬੇਰੀ ਉਤੇ ਚੜ੍ਹਦਾ ਜੇ ਸਾਡੇ ਵਿਚੋਂ ਉਸ ਦੇ ਹੇਠਾਂ ਉਤਰਨ ਤਾਈਂ ਕੋਈ ਵੀ ਬੇਰ ਨਾ ਚੁਗੇ। ਅਸੀਂ ਉਸ ਨੂੰ ਪੂਰੀ ਨਿਸ਼ਾ ਕਰਾ ਕੇ ਉਤਾਂਹ ਚੜ੍ਹਾ ਦੇਂਦੇ।

ਉਹ ਹਲੂਣ ਕੇ ਸਾਰੇ ਪੱਕੇ ਪੱਕੇ ਬੇਰਾਂ ਦਾ ਮੀਂਹ ਪਾ ਦੇਂਦਾ। ਸੂਹੇ ਬੇਰ ਤੱਕਣ-ਸਾਰ ਸਭਨਾਂ ਨੂੰ ਆਪੋ-ਧਾਪੀ ਪੈ ਜਾਂਦੀ। ਰਸ ਨਾਲ ਛਲਕਦੇ ਬੇਰਾਂ ਦੀ ਲੋਟੀ ਨੂੰ ਸਭ ਆਪਣੀਆਂ ਆਪਣੀਆਂ ਝੋਲੀਆਂ, ਜੇਬਾਂ, ਖੀਸਿਆਂ ਵਿਚ ਸਾਂਭ ਲੈਂਦੇ। ਨਧਾਨਾ ਇਹ ਲੁੱਟ ਦੇਖ ਕੇ ਕਾਹਲੀ ਕਾਹਲੀ ਟੀਸੀ ਵਾਲੇ ਡਾਹਣੇ ਤੋਂ ਹੇਠਾਂ ਉਤਰਦਾ। ਉਸ ਦਾ ਟਾਕੀਆਂ ਵਾਲਾ ਝੱਗਾ ਕਿਸੇ ਸੂਲ ਖੁੰਦਰ ਵਿਚ ਫਸ ਜਾਂਦਾ, ਰੁਲੀ ਖੁੱਥੀ ਪੱਗ ਪੱਤਿਆਂ ਵਿਚ ਉਲਝ ਪੈਂਦੀ, ਤੇ ਭਖ਼ਿਆ ਭਖ਼ਿਆ ਸਾਡੇ ਪਿਛੇ ਦੌੜਦਾ। ਅਸੀਂ ਚੁੰਘੀਆਂ ਮਾਰਦੇ, ਬਾਘੀ ਪਾਉਂਦੇ ਲਾਂਭ ਦੇ. ਦਰਖ਼ਤਾਂ ਉਤੇ ਜਾ ਚੜ੍ਹਦੇ । ਉਸ ਨੂੰ ਚਘਾਉਂਦੇ ਹੋਏ ਦਿਖਾ ਦਿਖਾ ਬੇਰ ਖਾਂਦੇ, ਤੇ ਫੇਰ ਇਕ ਨਵੀਂ ਖੇਡ ਸ਼ੁਰੂ ਹੋ ਜਾਂਦੀ। ਉਹ ਸਾਨੂੰ ਫੜਨ ਲਈ ਤਰਲੇ ਲੈਂਦਾ, ਛੇਤੀ ਛੇਤੀ ਦਰੱਖ਼ਤਾਂ ਦੇ ਮੁੱਢ ਵਿਚਲੀਆਂ ਖੋਹਾਂ ਵਿਚ ਪੈਰ ਫਸਾ ਕੇ ਉਤਾਂਹ ਚੜ੍ਹਦਾ, ਪਰ ਸੱਭੇ ਵਖੋ ਵੱਖ ਡਾਹਣਿਆਂ ਨੂੰ ਮੱਲੀ, ਸੰਘਣੇ ਪੱਤਿਆਂ ਵਿਚ ਠਹਿਰਦੇ, ਖਹਿੰਦੇ ਦੌੜਦੇ ਫਿਰਦੇ ਰਹਿੰਦੇ, ਤੇ ਉਸ ਨੂੰ ਕੋਈ ਘੱਟ ਹੀ ਫੜਾਈ ਦੇਂਦਾ।

ਸਾਨੂੰ ਕਿਤਾਬਾਂ ਭੁੱਲ ਜਾਂਦੀਆਂ, ਮਾਸਟਰ ਭੁੱਲ ਜਾਂਦੇ, ਸਕੂਲ ਤੇ ਉਥੋਂ ਦੇ ਅਸੂਲ ਭੁੱਲ ਜਾਂਦੇ। ਆਲੇ-ਦੁਆਲੇ ਦੇ ਦਰੱਖ਼ਤ ਸਭਨਾਂ ਦੇ ਟੱਲੀ ਵਰਗੇ ਹਾਸੇ ਨਾਲ ਟੁਣਕ ਉਠਦੇ।

ਨੌਵੀਂ ਜਮਾਤ ਕਾਫ਼ੀ ਵਿਹਲ ਤੇ ਬੇਪਰਵਾਹੀ ਵਿਚ ਲੰਘੀ, ਪਰ ਜਦ ਅਸੀਂ ਦਸਵੀਂ ਵਿਚ ਚੜ੍ਹੇ ਤਾਂ ਇਕ-ਦਮ ਕੰਮ ਦਾ ਹੜ੍ਹ ਆ ਗਿਆ।

ਹਾਲੇ ਗਰਮੀਆਂ ਦਾ ਸ਼ੁਰੂ ਹੀ ਸੀ ਕਿ ਮਾਸਟਰਾਂ ਨੇ ਪੜ੍ਹਾਈ ਉਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਘਰ ਜਾ ਕੇ ਬਹੁਤਾ ਕੰਮ ਕਰਨ ਲਈ ਦਸਦੇ। ਮਾਸਟਰ ਰਤਨ ਚੰਦ ਤੂਤ ਦੀ ਛਟੀ ਹਿਲਾਉਂਦਾ ਹੋਇਆ ਆਖਦਾ — "ਪੂਰੀ ਨੰਬਰੀ ਦੁਹਰਾ ਕੇ ਲਿਆਓ। ਇਹ ਹਾਈ ਕਲਾਸ ਐ — ਮਖ਼ੌਲ ਨਹੀਂ ! ਸਮਝੇ ?"

ਸਕੂਲ ਦਾ ਨਤੀਜਾ ਪਿਛਲੇ ਸਾਲ ਖ਼ਰਾਬ ਸੀ, ਇਸ ਲਈ ਹੈਡ ਮਾਸਟਰ ਸਾਹਿਬ ਆਪਣੀ ਬੈਂਤ ਹਲਾ ਕੇ ਕਈ ਵਾਰ ਸਾਨੂੰ ਜਮਾਤ ਵਿਚ ਖ਼ਬਰਦਾਰ ਕਰ ਚੁਕੇ ਸਨ, "ਮਿਹਨਤ ਨਾਲ ਕੰਮ ਕਰਨਾ ਹੋਵੇਗਾ, ਸਮਝੇ ? ਫ਼ਜ਼ੂਲ ਵਕਤ ਨਹੀਂ ਗੰਵਾਣਾ, ਇਹ ਹਾਈ ਕਲਾਸ ਹੈ...!"

ਸਾਰੇ ਮੁੰਡੇ ਚੂਹੇ ਬਣੇ ਬੈਠੇ ਰਹਿੰਦੇ। ਇਸ ਹੈਡ ਮਾਸਟਰ ਤੋਂ ਅਸੀਂ ਬਹੁਤ ਡਰਦੇ ਸਾਂ। ਕਈ ਮੁੰਡਿਆਂ ਦਾ ਖ਼ਿਆਲ ਸੀ ਕਿ ਉਸ ਦੀ ਬੈਂਤ ਅੰਦਰ ਰਬੜ ਲਗੀ ਹੋਈ ਹੈ।

ਬਹੁਤੀ ਮਿਹਨਤ ਦੇ ਖ਼ਿਆਲ ਨਾਲ ਅਸੀਂ ਪੰਜ ਛੇ ਹਾਣੀਆਂ ਨੇ ਮਾਸਟਰ ਮਲਾਵਾ ਰਾਮ ਦੀ ਟਿਊਸ਼ਨ ਰੱਖ ਲਈ। ਸਕੂਲ ਛੁੱਟੀ ਹੋਣ ਪਿਛੋਂ ਘਰ ਮਸਾਂ ਰੋਟੀ ਖਾਣ ਦੀ ਵਿਹਲ ਮਿਲਦੀ ਕਿ ਬਸਤੇ ਚੁਕ ਕੇ ਫਿਰ ਮਾਸਟਰ ਮਲਾਵਾ ਰਾਮ ਦੇ ਘਰ ਜਾ ਬਹੁੜਦੇ।

ਮਾਸਟਰ ਜੀ ਰੋਟੀ ਖਾ ਕੇ ਮੰਜੀ ਉਤੇ ਪਏ ਅਰਾਮ ਕਰਦੇ ਹੁੰਦੇ ਸਨ। ਉਨ੍ਹਾਂ ਦੇ ਤੇੜ ਇਕ ਛੋਟੀ ਜਿਹੀ ਧੋਤੀ ਹੁੰਦੀ। ਸਿਲਕ ਦੀ ਲੰਮੀ ਵੱਡੀ ਅਚਕਨ, ਘੁਟਵਾਂ ਪਜਾਮਾ ਤੇ ਦੋ ਮੰਜਲਾਂ ਸਾਫ਼ਾ ਉਹ ਲਾਹ ਕੇ ਅੰਦਰ ਰੱਖ ਆਉਂਦੇ — ਮਾਸਟਰ-ਪੁਣੇ ਦੇ ਸਾਰੇ ਚਿੰਨ੍ਹ, ਜਿਨ੍ਹਾਂ ਕਰ ਕੇ ਉਹ ਸਾਡੇ ਲਈ ਮਾਸਟਰ ਸਨ। ਜਦ ਮੈਂ ਪਹਿਲਾਂ ਪਹਿਲਾਂ ਉਨ੍ਹਾਂ ਨੂੰ ਦੇਖਿਆ ਤਾਂ ਮੈਨੂੰ ਯਕੀਨ ਨਹੀਂ ਸੀ ਆਉਂਦਾ ਕਿ ਇਸ ਤਰ੍ਹਾਂ ਨੰਗ-ਧੜੰਗ, ਬਿਨ ਸਾਫ਼ੇ, ਬਿਨ ਪਜਾਮੇ ਉਹ ਮਾਸਟਰ ਮਲਾਵਾ ਰਾਮ ਹੀ ਹਨ।

ਸਾਡੇ ਵਿਚੋਂ ਕਿਸੇ ਇਕ ਤੋਂ ਹੁੱਕਾ ਭਰਾ ਕੇ ਮੰਜੀ ਉਤੇ ਟੇਕ ਲਾ ਕੇ ਪੈ

ਜਾਂਦੇ। ਉਨ੍ਹਾਂ ਦੀ ਮੋਟੀ ਗੋਗੜ ਵਿਚ ਡੂੰਘੀ ਧੁੰਨੀ ਕਾਲੀ ਦਵਾਤ ਵਾਂਗ ਗੱਡੀ ਹੋਈ ਸੀ ਤੇ ਇਸ ਗੋਗੜ ਉਤੇ ਛਾਤੀਆਂ ਦੇ ਦੋਹਰੇ ਤਿਹਰੇ ਮਾਸ ਦੀਆਂ ਤਹਿਆਂ ਲਮਕਦੀਆਂ ਸਨ, ਜਿਵੇਂ ਕਿਸੇ ਮੋਟੀ ਬੇਬੇ ਦੀਆਂ ਛਾਤੀਆਂ ਹੋਣ।

ਗਰਮੀ ਵਿਚ ਮਾਸਟਰ ਜੀ ਸਾਨੂੰ ਪੜ੍ਹਾਉਂਦੇ ਪੜ੍ਹਾਉਂਦੇ ਮੰਜੀ ਉਤੇ ਊਂਘ ਜਾਂਦੇ। ਨੜੀ ਉਨ੍ਹਾਂ ਦੇ ਮੂੰਹ ਵਿਚੋਂ ਖਿਸਕ ਕੇ ਬਾਹੀ ਉਤੇ ਡਿੱਗ ਪੈਂਦੀ ਅਤੇ ਉਨ੍ਹਾਂ ਦੇ ਮੋਟੇ ਲਮਕਦੇ ਬੁੱਲ੍ਹ ਤੇ ਦੰਦਰਾਲ ਖੁੱਲ੍ਹ ਜਾਂਦੇ। ਘੁਰਾੜਿਆਂ ਨਾਲ ਉਨ੍ਹਾਂ ਦੀਆਂ ਮੁੱਛਾਂ ਦੇ ਵਾਲ ਹਿਲਦੇ, ਕੁ-ਢਬੇ ਦੰਦਾਂ ਦੇ ਸਵਾਹ-ਰੰਗੇ ਮਸੂੜ੍ਹਿਆਂ ਵਿਚੋਂ ਥੁਕ ਚੋ ਚੋ ਬੁਲ੍ਹਾਂ ਦੇ ਖੂੰਜਿਆਂ ਵਿਚੋਂ ਡਿਗਣ ਲੱਗ ਪੈਂਦਾ। ਅਸੀਂ ਜੁਗਰਾਫ਼ੀਆ ਛੱਡ ਕੇ ਸਲੇਟ ਉਤੇ ਚੂਹੇ ਤੇ ਬਿੱਲੀਆਂ ਦੀਆਂ ਤਸਵੀਰਾਂ ਵਾਹੁਣ ਲੱਗ ਪੈਂਦੇ, ਤੇ ਸ਼ਰਤਾਂ ਬਿਦਦੇ ਕਿ ਉਨ੍ਹਾਂ ਦੇ ਖੁੱਲ੍ਹੇ ਬੁੱਲ੍ਹਾਂ ਦੇ ਆਲੇ-ਦੁਆਲੇ ਭਿਣਕਦੀ ਮੱਖੀ ਮੂੰਹ ਵਿਚ ਡਿਗਦੀ ਹੈ ਕਿ ਨਹੀਂ।

ਨਧਾਨਾ ਕਈ ਵੇਰ ਕਲਮ ਦੇ ਸਿਰੇ ਨਾਲ ਮਾਸਟਰ ਜੀ ਦੇ ਨੱਕ ਦੀ ਚੁੰਝ ਨੂੰ ਛੇੜ ਦੇਂਦਾ ਜਾਂ ਉਨ੍ਹਾਂ ਦੇ ਕਾਲੀਆਂ ਨਾਸਾਂ ਵਿਚ ਉਲਝੇ ਪਏ ਵਾਲਾਂ ਨੂੰ ਹਿਲਾ ਦੇਂਦਾ। ਮਾਸਟਰ ਜੀ ਨਿੱਛ ਮਾਰ ਕੇ ਨਾਸਾਂ ਨੂੰ ਮਲਦੇ ਹੋਏ ਉਠਦੇ ਅਤੇ ਇਕ ਅੱਖ ਨਾਲ ਜਿਹੜੀ ਗਰਮੀ ਤੇ ਨੀਂਦ ਨਾਲ ਲਾਲ ਗੇਰੂ ਹੁੰਦੀ, ਝਾਕਦੇ। ਅਸੀਂ ਝਟ ਉੱਚੀ ਉੱਚੀ ਜੁਗਰਾਫ਼ੀਆ ਯਾਦ ਕਰਨ ਲੱਗ ਜਾਂਦੇ। ਉਹ ਨੜੀ ਨੂੰ ਟੋਂਹਦੇ ਹੋਏ ਊਂਘ ਵਿਚ ਆਖਦੇ, "ਰੌਲਾ ਨਾ ਪਾਓ, ਹੌਲੀ ਹੌਲੀ ਯਾਦ ਕਰੋ!" ਉਨ੍ਹਾਂ ਦੀ ਅੱਖ ਜਿਹੜੀ ਇਕ ਖੁੱਲ੍ਹੇ ਜ਼ਖ਼ਮ ਵਾਂਗ ਭਰੀ ਹੁੰਦੀ, ਮੀਚ ਲੈਂਦੇ। ਕਈ ਵਾਰ ਉਹ ਉਬਾਸੀਆਂ ਲੈਂਦੇ ਹੋਏ ਉੱਠਦੇ। ਉਨ੍ਹਾਂ ਦਾ ਮੂੰਹ ਐਨਾ ਖੁੱਲ੍ਹਦਾ ਤੇ ਖਾਖਾਂ ਇਤਨੀਆਂ ਅੱਡੀਆਂ ਜਾਂਦੀਆਂ ਕਿ ਉਨ੍ਹਾਂ ਦੇ ਸੰਘ ਵਿਚਲਾ ਧੁਵਾਂਕਲਾ ਗਾਜਰ-ਰੰਗਾ ਕਾਂ ਫੜਫੜਾਉਂਦਾ ਹੋਇਆ ਸਾਫ਼ ਵਿਖਾਈ ਦੇਂਦਾ!

ਪਰ ਕਿਸੇ ਕਿਸੇ ਦਿਨ ਮਾਸਟਰ ਜੀ ਜਦ ਸਾਡੇ ਸਵਾਲ ਦੇਖਣ ਲੱਗਦੇ ਤੇ ਕਿਸੇ ਨੇ ਕੋਈ ਸਵਾਲ ਗ਼ਲਤ ਕੱਢਿਆ ਹੁੰਦਾ ਤਾਂ ਉਸੇ ਨੜੀ ਨਾਲ ਜਿਸ ਨਾਲ ਉਹ ਹੁੱਕਾ ਪੀਂਦੇ ਹੁੰਦੇ, ਆਪਣੇ ਹੱਥ ਫੜ ਕੇ ਦੋਸ਼ੀ ਮੁੰਡੇ ਦੇ ਹੱਥ ਉਤੇ ਕੱਸ ਕੱਸ ਕੇ ਮਾਰਦੇ। ਗੁੱਸੇ ਵਿਚ ਉਨ੍ਹਾਂ ਤੋਂ ਸਵਾਲ ਵੀ ਨਾ ਸਮਝਾਏ ਜਾਂਦੇ। ਜਦ ਕੋਈ ਮੁੰਡਾ ਪੁੱਛਦਾ ਤਾਂ ਉਹ ਆਪਣੇ ਉਸ ਖ਼ੁਲਾਸੇ ਜਾਂ ਕੁੰਜੀ ਦਾ ਹਵਾਲਾ ਦੇਂਦੇ ਜਿਹੜੀ ਉਨ੍ਹਾਂ ਅੱਠ ਸਾਲ ਹੋਏ, ਮਾਸਟਰ ਦੌਲਤ ਰਾਮ ਨਾਲ ਰਲ ਕੇ ਦਸਵੀਂ ਜਮਾਤ ਦੇ ਮੁੰਡਿਆਂ ਲਈ ਤਿਆਰ ਕੀਤੀ ਸੀ। ਉਸ ਕੁੰਜੀ ਵਿਚ ਸੱਭੇ

ਤਰੀਕੇ ਦੱਸੇ ਹੋਏ ਸਨ ਜਿਹੜੇ ਦਸਵੀਂ ਜਮਾਤ ਵਿਚ ਪਾਸ ਹੋਣ ਲਈ ਲੋੜੀਂਦੇ ਹਨ । ਇਹ ਕੁੰਜੀ ਉਨ੍ਹਾਂ ਦੀ ਸਾਰੀ ਉਮਰ ਦੀ ਕਮਾਈ ਸੀ ਜਿਹੜੀ ਉਹ ਆਏ ਸਾਲ ਆਪਣੇ ਸ਼ਾਗਿਰਦਾਂ ਨੂੰ ਥੋੜ੍ਹੀ ਜਿਹੀ ਸੇਵਾ ਦੇ ਬਦਲੇ ਦੇ ਦਿੰਦੇ ।

ਉਹ ਸਕੂਲ ਤੇ ਕਾਲਿਜ ਵਿਚਕਾਰ ਵਗਦੀ ਨਦੀ ਦੇ ਇਸ ਕੰਢੇ ਉਤੇ ਖੜੇ ਸਨ । ਹਰ ਸਾਲ ਮੱਲਾਹ ਵਾਂਗ ਉਹ ਆਪਣੀ ਬੇੜੀ ਵਿਚ ਮੁੰਡਿਆਂ ਦਾ ਪੂਰ ਭਰ ਕੇ ਦੂਜੇ ਕਿਨਾਰੇ ਛੱਡ ਆਉਂਦੇ। ਮੁਸਾਫ਼ਰ ਦੂਜੇ ਕੰਢੇ ਉਤਰ ਕੇ ਵਖੋ ਵੱਖ ਦੇਸਾਂ ਨੂੰ ਤੁਰ ਗਏ । ਕਈ ਸਮੁੰਦਰੋਂ ਪਾਰ ਵੀ ਚਲੇ ਗਏ, ਪਰ ਮਾਸਟਰ ਜੀ ਉਸੇ ਘਾਟ ਉਤੇ ਆਪਣੀ ਨਿੱਕੀ ਜਿਹੀ ਬੇੜੀ ਵਿਚ ਇਕੋ ਥਾਂ ਉਤੇ ਖੜੇ ਰਹੇ ।

# ਸੋਲ੍ਹਾਂ

ਨਤੀਜਾ ਨਿਕਲਣ ਪਿਛੋਂ ਜਦ ਪਤਾ ਚਲਿਆ ਕਿ ਮੈਂ ਸਾਰੀ ਜਮਾਤ ਵਿਚ ਅੱਵਲ ਰਿਹਾ ਤਾਂ ਮਾਂ ਨੇ ਸਾਰੇ ਕਬੀਲੇ ਵਿਚ ਲੱਡੂ ਵੰਡੇ। ਬਹੁਤ ਦਿਨਾਂ ਤੀਕ ਇਹ ਬਹਿਸ ਹੁੰਦੀ ਰਹੀ ਕਿ ਮੈਂ ਹੁਣ ਅੱਗੇ ਕਿੱਥੇ ਪੜ੍ਹਨਾ ਹੈ। ਮੈਂ ਲਾਹੌਰ ਲਈ ਆਖਦਾ ਸਾਂ ਤੇ ਮਾਂ ਘਰ ਰਹਿਣ ਲਈ ਖਿੱਚਦੀ ਸੀ। ਛੇਕੜ ਘਰ-ਦਿਆਂ ਨੇ ਸਲਾਹ ਕਰ ਕੇ ਪਟਿਆਲੇ ਦਾਖ਼ਿਲ ਕਰਾਉਣ ਦਾ ਫ਼ੈਸਲਾ ਕੀਤਾ।

ਓੜਕ ਉਹ ਦਿਨ ਆਇਆ ਜਦ ਮੈਂ ਤੁਰਨਾ ਸੀ। ਵਿਦਾ ਹੋਣ ਲੱਗੇ ਮੈਂ ਬਹੁਤ ਦਰਿਆ-ਦਿਲ ਸਾਂ। ਸਕੂਲ ਦੀਆਂ ਸਾਰੀਆਂ ਚੀਜ਼ਾਂ ਮੈਂ ਆਪਣੇ ਛੋਟੇ ਭਰਾਵਾਂ ਵਿਚ ਵੰਡ ਦਿੱਤੀਆਂ। ਗੀਠੇ ਕੌਡੀਆਂ ਜਿਹੜੇ ਹੁਣ ਤੀਕ ਮੈਂ ਬੜੇ ਸਾਂਭ ਸਾਂਭ ਰੱਖੇ ਸਨ, ਛੋਟੀ ਭੈਣ ਨੂੰ ਦੇ ਦਿਤੇ, ਤੇ ਲੁੱਟੀਆਂ ਹੋਈਆਂ ਗੁੱਡੀਆਂ, ਡੋਰਾਂ, ਆਪਣੇ ਚਾਚੇ ਦੇ ਪੁੱਤ ਨੂੰ, ਜਿਹੜਾ ਮੇਰੇ ਨਾਲ ਸਦਾ ਲੜਦਾ ਰਹਿੰਦਾ ਸੀ।

ਮੇਰੇ ਹਾਣੀ, ਮੇਰੇ ਗੁਆਂਢੀ, ਤੇ ਮੇਰੀ ਮਾਂ ਸੱਭੇ ਮੈਨੂੰ ਛੱਡਣ ਆਏ। ਮੇਰੀ ਮਾਂ ਦੇ ਹੱਥ ਵਿਚ ਪਾਣੀ ਦਾ ਗੜਵਾ ਸੀ। ਉਹ ਚਿਰ ਤੀਕ ਮੈਨੂੰ ਸਮਝਾਉਂਦੀ ਰਹੀ, "ਵੇਖੀਂ ਮੇਰਾ ਪੁੱਤ ! ਰਸਤੇ ਵਿਚ ਕਿਤੇ ਨਾ ਉਤਰੀਂ। ਤਪੇ ਟੇਸ਼ਨ 'ਤੇ ਤੇਰਾ ਮਾਮਾ ਹੋਵੇਗਾ। ਉਹਦੀਆਂ ਤਿੰਨ ਚਿੱਠੀਆਂ ਆ ਚੁਕੀਆਂ ਨੇ। ਬਸ ਉਸ ਕੋਲ ਇਕ ਦਿਨ ਠਹਿਰ ਜਾਵੀਂ — ਸਮਝਿਆ ?" ਤੇ ਫਿਰ ਉਸ ਮੇਰਾ ਸਿਰ ਪਲੋਸਿਆ।

ਗੱਡੀ ਚੱਲੀ ਤੇ ਅਸੀਂ ਵੱਖ ਵੱਖ ਹੋਏ। ਪਲੇਟ ਫ਼ਾਰਮ ਉਤੇ ਵਿਛੀ ਹੋਈ ਲਾਲ ਰੋੜੀ ਸਾਡੇ ਨਾਲ ਨਾਲ ਦੌੜ ਰਹੀ ਸੀ। ਇਕ-ਦਮ ਮੇਰਾ ਕਾਲਜਾ ਬਾਹਰ ਨੂੰ ਉੱਲਰ ਆਇਆ। ਜੀ ਕੀਤਾ ਕਿ ਗੱਡੀ ਖੜੀ ਹੋ ਜਾਵੇ ਤੇ ਮੈਂ ਧਰਤੀ ਨੂੰ ਜੱਫੀ ਪਾ ਲਵਾਂ। ਇੰਜਣ ਦੀ ਛੱਕ ਛੱਕ ਤਿਖੇਰੀ ਹੋ ਗਈ। ਤਾਕੀ ਵਿਚੋਂ ਮੈਂ ਸਿਰ ਬਾਹਰ ਕੱਢ ਕੇ ਦੇਖਿਆ, ਦੂਰ ਬਹੁਤ ਸਾਰੇ ਆਦਮੀ ਤੀਵੀਆਂ ਇਕ ਥਾਂ ਉਤੇ ਖੜੇ ਜਾਂਦੀ ਗੱਡੀ ਨੂੰ ਤੱਕ ਰਹੇ ਸਨ ਤੇ ਉਨ੍ਹਾਂ ਵਿਚੋਂ ਇਕ ਹੱਥ ਨੂੰ ਉਤਾਂਹ ਚੁੱਕੀ ਪਾਣੀ ਦੀ ਧਾਰ ਛੱਡ ਰਿਹਾ ਸੀ। ਇਕ ਇਕ ਕਰ ਕੇ ਸਭ ਚੀਜ਼ਾਂ ਪਿਛਾਂਹ ਰਹਿ ਗਈਆਂ — ਘਰ, ਖੇਤ, ਸੂਆ, ਪੁਲ — ਸਭੇ। ਓੜਕ ਵੱਡਾ ਗੋਲ

ਕਿਲ੍ਹਾ ਵੀ ਚੱਕਰ ਖਾਂਦਾ ਖਾਂਦਾ ਵਿੱਥ ਦੇ ਕੰਢੇ-ਹੀਨ ਸਾਗਰ ਵਿਚ ਇਕ ਬੁਲਬੁਲੇ ਵਾਂਗ ਗੁੰਮ ਹੋ ਗਿਆ।

ਖਿੜਕੀ ਉਤੇ ਸਿਰ ਰੱਖ ਕੇ ਮੈਂ ਬਾਹਰ ਤੱਕਿਆ। ਗੱਡੀ ਦੇ ਨਾਲ ਕੱਕਾ ਰੇਤਾ ਨੱਸ ਰਿਹਾ ਸੀ। ਟਿੱਬੇ ਚੱਕਰ ਖਾਂਦੇ ਹੋਏ ਇਕ ਦੂਜੇ ਵਿਚ ਗੁਆਚ ਜਾਂਦੇ ਸਨ, ਤੇ ਰੇਤੇ ਦੇ ,ਅਣਗਿਣਤ ਪ੍ਰਮਾਣੂੰ — ਸੁਨਹਿਰੀ ਖੂੰਝਿਆਂ ਵਾਲੇ ਪ੍ਰਮਾਣੂੰ — ਵਿੱਥ ਦੇ ਝੌਲੇ ਵਿਚ ਡੁੱਬਦੇ ਜਾਂਦੇ ਸਨ। ਪਿੰਡ ਦੀਆਂ ਸਾਰੀਆਂ ਚੀਜ਼ਾਂ ਨਜ਼ਰਾਂ ਤੋਂ ਉਹਲੇ ਹੋ ਗਈਆਂ ਪਰ ਕੱਕਾ ਰੇਤਾ ਜਿਵੇਂ ਇਸ ਨੇ ਧੁਰ ਤੀਕ ਮੇਰੇ ਨਾਲ ਜਾਣਾ ਹੁੰਦਾ ਹੋਵੇ, ਹੁਣ ਵੀ ਨਾਲੋ-ਨਾਲ ਦੌੜ ਰਿਹਾ ਸੀ।

ਮੈਂ ਹੁਣ ਸੰਭਲ ਕੇ ਆਪਣੀ ਥਾਂ ਉਤੇ ਬਹਿ ਗਿਆ ਤੇ ਰਾਹ ਦੀਆਂ ਗੱਲਾਂ ਸੋਚਣ ਲਗਿਆ। ਗੱਡੀ ਦੀ ਇਕ-ਸੁਰ ਛਕ ਛਕ ਨਾਲ ਮੇਰੇ ਖ਼ਿਆਲਾਂ ਵਿਚ ਵੀ ਇਕ-ਸੁਰਤਾ ਜਿਹੀ ਆ ਗਈ। ਤਪੇ ਸਟੇਸ਼ਨ ਉਤੇ ਮੇਰਾ ਮਾਮਾ ਜ਼ਰੂਰ ਖੜਾ ਹੋਵੇਗਾ। ਫਿਰ ਮੈਨੂੰ ਨਾਨੀ, ਮਾਮੀ, ਮਹੱਲੇ ਦੀਆਂ ਤੀਵੀਆਂ, ਕੁੜੀਆਂ ਦਾ ਖ਼ਿਆਲ ਆਇਆਂ। ਇਨ੍ਹਾਂ ਮੱਧਮ ਧੁੰਦਲੇ ਖ਼ਿਆਲਾਂ ਦੇ ਰੇਤੇ ਵਿਚ ਇਕ-ਦਮ ਰੰਮੀ ਦਾ ਖ਼ਿਆਲ ਇਕ ਡੂੰਘੀ ਲੀਕ ਵਾਂਗ ਉਘੜ ਆਇਆ।

ਰੰਮੀ...ਮੈਂ ਸੋਚਣ ਲਗਿਆ। ਮੈਂ ਤਾਂ ਦੋ ਸਾਲ ਦਾ ਗਿਆ ਹੀ ਨਹੀਂ ਸਾਂ। ਮੈਨੂੰ ਹੌਲੀ ਹੌਲੀ ਇਕ ਇਕ ਕਰ ਕੇ ਸਾਰੀਆਂ ਗੱਲਾਂ ਯਾਦ ਆਈਆਂ... ਅਸੀਂ ਇਕੱਠੇ ਬੇਰ ਖਾਣ ਜਾਂਦੇ, ਪਾਣੀ ਦਿਤੇ ਖੇਤਾਂ ਵਿਚ ਦੌੜਦੇ, ਸਾਡੇ ਛਿੱਤਰ ਖਲੱਪ ਖਲੱਪ ਕਰਨ ਲੱਗ ਜਾਂਦੇ ਤੇ ਚਿੱਕੜ ਵਿਚ ਪੈਰ ਖੁਭ ਜਾਂਦੇ। ਰੰਮੀ ਵੱਟਾਂ ਟੱਪਦੀ ਖਾਲ ਨੂੰ ਲੰਘ ਕੇ ਜੰਡੀ ਹੇਠ ਆ ਖੜੀ ਹੁੰਦੀ ਜਿਸ ਦੀਆਂ ਦੋ ਸੁੱਕੀਆਂ ਟਾਹਣਾਂ ਤੰਗਲੀ ਵਾਂਗ ਹਵਾ ਵਿਚ ਉਠੀਆਂ ਹੋਈਆਂ ਸਨ। ਮੈਂ ਲੰਮੀਆਂ ਲੰਮੀਆਂ ਪਲਾਂਘਾਂ ਭਰਦਾ ਉਸ ਕੋਲ ਆਉਂਦਾ ਤਾਂ ਮੈਨੂੰ ਉਸ ਦੇ ਤੇਜ਼ ਵਗਦੇ ਸਾਹ ਵਿਚੋਂ ਖੇਤਾਂ ਦੀ ਸੱਜਰੀ ਵਾ ਤੇ ਇੱਖ ਦੀ ਮਿਠਾਸ ਆਉਂਦੀ ਭਾਸਦੀ। ਉਹ ਫਿਰ ਨੱਸ ਉਠਦੀ ਤੇ ਉਸ ਦੇ ਛਿੱਤਰ ਚਿੱਕੜ ਵਿਚ ਖਲੱਪ ਖਲੱਪ ਕਰਦੇ।

ਮੈਂ ਉਭੜਵਾਹੇ ਤਾਕੀ ਤੋਂ ਸਿਰ ਉਤਾਂਹ ਚੁਕਿਆ। ਗੱਡੀ ਦੀ ਛਕ ਛਕ ਧੀਮੀ ਪੈ ਗਈ ਸੀ, ਤੇ ਬਾਹਰ ਦੀ ਗਰਮ ਧੂੜ ਤੇ ਬਰੀਕ ਕੋਲਿਆਂ ਦੀਆਂ ਕੰਕਰੀਆਂ ਨੇ ਮੇਰਾ ਸਿਰ ਤੇ ਝੱਗਾ ਭਰ ਦਿੱਤਾ ਸੀ। ਮੈਂ ਸਿਰ ਬਾਹਰ ਕੱਢਿਆ। ਤਪੇ ਦਾ ਸਟੇਸ਼ਨ ਸੀ। ਮੈਂ ਵੇਖਿਆ ਇਕ ਖੂੰਜੇ ਵਿਚ ਮੇਰਾ ਮਾਮਾ ਛਤਰੀ ਲਈ ਖੜਾ ਸੀ। ਮੈਨੂੰ ਦੇਖਣ-ਸਾਰ ਦੌੜਦਾ ਹੋਇਆ ਆਇਆ ਤੇ ਮੈਨੂੰ

ਛਾਤੀ ਨਾਲ ਲਾ ਲਿਆ । ਇਸ ਖ਼ਿਆਲ ਨਾਲ ਕਿ ਉਸ ਦਾ ਆਪਣਾ ਭਾਣਜਾ ਦੱਸਵੀਂ ਪਾਸ ਕਰ ਕੇ ਕਾਲਜ ਪੜ੍ਹਨ ਜਾ ਰਿਹਾ ਹੈ, ਉਸ ਦੀ ਹਿੱਕ ਤਣ ਗਈ । ਉਹ ਬੜੇ ਮਾਣ ਨਾਲ ਮੇਰੀ ਗਰਦਨ ਦੁਆਲੇ ਬਾਂਹ ਪਾਈ ਮੈਨੂੰ ਸਟੇਸ਼ਨ ਤੋਂ ਬਾਹਰ ਲੈ ਆਇਆ ।

ਘਰ ਪੁੱਜਾ ਤਾਂ ਮਾਮੇ ਦੀ ਆਵਾਜ਼ ਸੁਣਦਿਆਂ ਹੀ ਨਾਨੀ ਸੋਟੀ ਟੇਕਦੀ ਬਾਹਰ ਆਈ । ਉਹ ਦੋ ਸਾਲਾਂ ਵਿਚ ਹੀ ਬੁੱਢੀ ਹੋ ਗਈ ਸੀ । ਉਸ ਦੀਆਂ ਅੱਖਾਂ ਬਹੁਤ ਅੰਦਰ ਨੂੰ ਵੜ ਗਈਆਂ ਸਨ ਤੇ ਉਹ ਵਾਰ ਵਾਰ ਉਨ੍ਹਾਂ ਨੂੰ ਝਪਕਦੀ ਸੀ । ਸਿਆਲ ਵਿਚ ਠੰਢ ਲਗਣ ਕਰ ਕੇ ਉਸ ਦੇ ਗੋਡਿਆਂ ਵਿਚ ਪੀੜ ਹੋਣ ਲੱਗ ਪਈ ਸੀ । ਫਿਰ ਉਸ ਨੂੰ ਖੰਘ ਤਾਪ ਹੋ ਗਿਆ ਤੇ ਉਹ ਦੋ ਮਹੀਨੇ ਮੰਜੀ ਉਤੇ ਪਈ ਰਹੀ । ਛੋਕੜਲੀ ਅਵਸਥਾ ਵਿਚ ਉਹ ਬੁਖ਼ਾਰ ਦਾ ਇਕ ਹੱਲਾ ਵੀ ਨਾ ਸਹਾਰ ਸਕੀ ।

ਜਦ ਉਸ ਮੈਨੂੰ ਆਪਣੀ ਨਿੱਘੀ ਕੰਬਦੀ ਗਲਵੱਕੜੀ ਵਿਚ ਲਿਆ ਤਾਂ ਮੈਂ ਅਭਿਮਾਨ ਨਾਲ ਏਧਰ ਉਧਰ ਤੱਕਣ ਲੱਗਾ ਕਿਉਂਕਿ ਹੁਣ ਮੇਰਾ ਕੱਦ ਨਾਨੀ ਨਾਲੋਂ ਵੀ ਵੱਡਾ ਸੀ ਤੇ ਮੈਂ ਉਸ ਦੇ ਮੋਢਿਆਂ ਉਤੋਂ ਦੀ ਝਾਕ ਸਕਦਾ ਸਾਂ ।

ਨਾਨੀ ਦੇ ਘਰੇਲੂ ਸਵਾਲਾਂ ਦੀ ਪੁੱਛ-ਗਿੱਛ ਪਿਛੋਂ ਮੈਂ ਉਸ ਨੂੰ ਤਪੇ ਦੀਆਂ ਗੱਲਾਂ ਪੁੱਛਣੀਆਂ ਸ਼ੁਰੂ ਕੀਤੀਆਂ ਤੇ ਓੜਕ ਰੰਮੀ ਬਾਰੇ ਪੁੱਛਿਆ ।

"ਰੰਮੀ...ਰੰਮੀ ਕੌਣ ?" ਉਸ ਅੱਖਾਂ ਝਪਕਾ ਕੇ ਪੁੱਛਿਆ ।

"ਉਹੀ ਆਪਣੇ ਸਾਂਝੀ ਰਾਜੂ ਦੀ ਧੀ" ਮੈਂ ਆਖਿਆ ।

"ਹੱਛਾ...ਰੰਮੋ । ਹਾਂ, ਉਹ ਤਾਂ ਇਸ ਪੋਹ ਦੇ ਪਿਛਲੇ ਪੱਖ ਵਿਆਹੀ ਗਈ ਤੇ ਹੁਣ ਸ਼ਾਇਦ ਆਪਣੇ ਸੋਹਰੀਂ ਗਈ ਹੋਵੇ । ਤੈਨੂੰ ਕੀ ਦੱਸਾਂ ਪੁੱਤ, ਕਹਿਣ ਨੂੰ ਰਾਜੂ ਗ਼ਰੀਬ ਸੀ ਪਰ ਧੀ ਦੇ ਵਿਆਹ ਉੱਤੇ ਅੰਤਾਂ ਦਾ ਖ਼ਰਚ ਕੀਤਾ । ਪ੍ਰਾਹੁਣੇ ਨੂੰ ਵਧੀਆ ਬੋਤੀ ਲੈ ਕੇ ਦਿੱਤੀ, ਇਕ ਘੋੜੀ ਤੇ ਦਾਜ ਦਾ ਕੀ ਲੇਖਾ ਸੀ, ਨਿਰੀਆਂ ਹੀ ਘੱਗਰੀਆਂ ਤੇ ਚੁੰਨੀਆਂ ਤੇ ਫੁਲਕਾਰੀਆਂ ਜਿਹੜੀਆਂ ਰੰਮੋ ਨੇ ਆਪ ਕੱਢੀਆਂ ਸਨ । ਹੋਰ ਰਾਜੂ ਵਿਚਾਰੇ ਪਿੱਛੇ ਕਿਸ ਲਈ ਰੱਖਣਾ ਸੀ । ਮਠਿਆਈ ਵੀ ਵਧੀਆ ਸੀ, ਸਾਰੀ ਆਪਣੀ ਦੁਕਾਨ ਤੋਂ..."

ਨਾਨੀ ਦੇ ਤੇਜ਼ ਬਿਆਨ ਵਿਚ ਮੈਨੂੰ ਕਈ ਗੱਲਾਂ ਸੁਫ਼ਨੇ ਵਾਂਗ ਜਾਪੀਆਂ... ਬੀਤੇ ਸਮੇਂ ਦਾ ਇਕ ਭੁਲੇਖਾ । ਮਨ ਦੀ ਅੱਡੋ-ਪਾਟੀ ਤੇ ਖ਼ਿਆਲਾਂ ਵਿਚ ਘਿਰਿਆ ਹੋਇਆ ਮੈਂ ਕੋਈ ਸਾਫ਼ ਚੀਜ਼ ਨਹੀਂ ਸੀ ਦੇਖ ਸਕਦਾ ।

ਸੂਰਜ ਟਿੱਬਿਆਂ ਉੱਤੇ ਸ਼ਿਵਾਲੇ ਦੀਆਂ ਬੁਰਜੀਆਂ ਪਿਛਾੜੀ, ਬੋਹੜ ਤੇ ਪਿੱਪਲ ਦੇ ਪੱਤਿਆਂ ਉਤੇ ਖੜਾ ਝਾਕਦਾ ਸੀ।

ਨਾਨਕਿਆਂ ਦੀਆਂ ਪਹਿਲੀਆਂ ਘੜੀਆਂ ਛੇਤੀ ਨਾਲ ਲੰਘ ਗਈਆਂ ਸਨ ਪਰ ਹੁਣ ਦੁਪਹਿਰ ਮੁੱਕਣ ਵਿਚ ਨਹੀਂ ਸੀ ਆਉਂਦੀ। ਆਰਾਮ ਕਰਨ ਲਈ ਮੈਂ ਮੰਜੀ ਉੱਤੇ ਪਿਆ। ਕਾਫ਼ੀ ਚਿਰ ਪਿਆ ਰਿਹਾ। ਛੇਕੜ ਦੁਪਹਿਰਾਂ ਦੀਆਂ ਆਲਸੀ ਘੜੀਆਂ ਤੇ ਮੁੜ੍ਹਕੇ ਵਿਚ ਭਿੱਜਿਆ ਹੋਇਆ ਮੈਂ ਸੌਂ ਗਿਆ।

ਜਦ ਉੱਠਿਆ, ਦਿਨ ਕਾਫ਼ੀ ਢਲ ਚੁੱਕਾ ਸੀ। ਮੇਰਾ ਜੀ ਕੁਝ ਕੁਸੈਲਾ ਤੇ ਘਿਰਿਆ ਹੋਇਆ ਸੀ। ਹੱਥ-ਮੂੰਹ ਧੋ ਕੇ ਚੁੱਪ-ਚਾਪ ਸੈਰ ਕਰਨ ਲਈ ਇਕੱਲਾ ਹੀ ਬਾਹਰ ਚਲਿਆ ਗਿਆ।

ਦਰੱਖ਼ਤਾਂ ਦਾ ਪਰਛਾਵਾਂ ਲੰਬਾ ਲੰਬਾ ਹੋ ਗਿਆ। ਦੂਰ ਦੇ ਟਿੱਬੇ ਵੀ ਇਸ ਦੀ ਪਤਲੀ ਛਾਂ ਹੇਠਾਂ ਆ ਗਏ ਸਨ, ਪਰ ਹਵਾ ਵਿਚ ਹਾਲੇ ਵੀ ਤਪਸ਼ ਸੀ।

ਭਿਕਸ਼ੂਆਂ ਦਾ ਮੱਠ ਟੱਪ ਕੇ ਮੈਂ ਸੂਆ ਵੀ ਲੰਘ ਆਇਆ। ਪੁਲ ਉਤੇ ਖੜੋਤੇ ਅੱਡੀਆਂ ਚੁੱਕ ਕੇ ਤੱਕਿਆ ਤਾਂ ਰਾਜੂ ਦੀ ਝੁੱਗੀ ਸਾਫ਼ ਦਿਸਦੀ ਸੀ। ਪਹੇ ਦੀ ਪੀਲੀ ਧੂੜ ਜਿਹੜੀ ਹਵਾ ਵਿਚ ਲਮਕਦੀ ਫਿਰਦੀ ਸੀ, ਸੂਰਜ ਦੀ ਰੋਸ਼ਨੀ ਨਾਲ ਗਹਿਰੀ ਤੇ ਗਰਮ ਨਜ਼ਰ ਆਉਂਦੀ ਸੀ। ਕੁਝ ਕੁਝ ਪੱਤੇ ਦਰੱਖ਼ਤਾਂ ਉਤੇ ਸਨ ਪਰ ਮੈਲੇ ਪੀਲੇ ਰੰਗ ਦੇ, ਜਿਵੇਂ ਖਿਝੇ ਹੋਏ ਹਾੜ੍ਹ ਨੇ ਇਨ੍ਹਾਂ ਸਭਨਾਂ ਨੂੰ ਆਪਣੀ ਮੁੱਠੀ ਵਿਚ ਲੈ ਕੇ ਮਰੋੜ ਦਿੱਤਾ ਹੋਵੇ।

ਜਦ ਖੇਤ ਲੰਘ ਕੇ ਮੈਂ ਰਾਜੂ ਦੀ ਝੁੱਗੀ ਕੋਲ ਆਇਆ, ਤਾਂ ਮੈਨੂੰ ਉਥੇ ਕੋਈ ਵੀ ਨਾ ਦਿਸਿਆ, ਨਾ ਬੌਲਦ, ਨਾ ਬੁੱਢਾ ਕੁੱਤਾ, ਨਾ ਕੁਕੜੀਆਂ, ਤੇ ਨਾ ਰੰਮੀ। ਫਿਰ ਮੈਨੂੰ ਯਾਦ ਆਇਆ ਕਿ ਰਾਜੂ ਤਾਂ ਵਾਢੀ ਪਿਛੋਂ ਆਪਣੇ ਵੱਡੇ ਭਰਾ ਨੂੰ ਮਿਲਣ ਕਿਸੇ ਦੂਜੇ ਪਿੰਡ ਗਿਆ ਹੋਇਆ ਸੀ।

ਨਿਰਾਸ ਉਥੋਂ ਵਾਪਸ ਪਰਤਿਆ। ਖ਼ਬਰੇ ਹੁਣ ਰੰਮੀ ਕਦ ਆਉਗੀ। ਮੈਂ ਉਸ ਨੂੰ ਮਿਲ ਵੀ ਸਕਾਂਗਾ ਕਿ ਨਾ? ਮੈਨੂੰ ਉਹ ਦਿਨ ਯਾਦ ਆਏ ਜਦੋਂ ਅਸੀਂ ਰਾਤ ਨੂੰ ਧੁੰਦ ਉਤੇ ਬੈਠੇ ਟੋਭੇ ਵਿਚਕਾਰ ਜਾ ਬੈਠੇ ਸਾਂ।

ਮੈਂ ਮਨ ਵਿਚ ਤਰ੍ਹਾਂ ਤਰ੍ਹਾਂ ਦੀਆਂ ਦਲੀਲਾਂ ਮਿੱਥਦਾ ਟੋਭੇ ਵੱਲ ਮੁੜਿਆ।

ਸ਼ਾਮ ਉਤਨੀ ਹੀ ਗਰਮ ਤੇ ਰੁੱਖੀ ਸੀ ਜਿਤਨਾ ਕਿ ਦਿਨ। ਕਿਤੇ ਕਿਤੇ ਕੰਡਹਿਲੀ ਦੇ ਪੀਲੇ ਪੀਲੇ ਫੁੱਲ ਜਾਂ ਉਲਝੀ ਹੋਈ ਪੋਹਲੀ ਦੇ ਕੰਡਿਆਂ ਵਾਲੇ ਪੱਤੇ ਸਨ। ਹੋਰ ਇਸ ਬਾਝੋਂ ਕੁਝ ਨਹੀਂ ਸੀ। ਸਾਰੇ ਖੇਤ ਰੋੜੇ ਰੋੜੇ ਦਿਖਾਈ ਦਿੰਦੇ ਸਨ।

ਵੱਡਾ ਟੋਭਾ ਸੁੱਕ ਕੇ ਹੁਣ ਛੋਟਾ ਜਿਹਾ ਚੋਆ ਰਹਿ ਗਿਆ ਸੀ। ਉਸ ਦੇ ਕੰਢਿਆਂ ਉਤਲੀ ਧਰਤੀ ਪਾਟ ਕੇ ਇੰਜ ਭੁਰਦਾਂ ਸੀ ਜਿਵੇਂ ਪੁਰਾਣੀਆਂ ਹੱਡੀਆਂ ਨਾਲੋਂ ਮਾਸ ਲੱਥ ਰਿਹਾ ਹੋਵੇ। ਭੱਸਰੇ ਦਾ ਇਕ ਅਣਹੋਇਆ ਬੂਟਾ ਧਰਤੀ ਦੀਆਂ ਪਾਟੀਆਂ ਤੇੜਾਂ ਵਿਚ ਉੱਗਿਆ ਖੜਾ ਸੀ। ਮੈਂ ਸੋਚਿਆ, ਇਸ ਮੌਸਮ ਵਿਚ ਭੱਸਰੇ ਬਾਝੋਂ ਹੋਰ ਕਿਹੜੀ ਚੀਜ਼ ਫਲ ਫੁਲ ਸਕਦੀ ਹੈ? ਪਾਣੀ ਦਾ ਪਹਿਲਾ ਛਿੱਟਾ ਪੈਣ ਸਾਰ ਇਹ ਮਨਹੂਸ ਪੌਦਾ ਮਰ ਜਾਂਦਾ ਹੈ। ਉਸ ਦੇ ਸਫ਼ੈਦ ਫੁੱਲ ਖ਼ਾਲੀ ਡੇਲਿਆਂ ਵਾਂਗ ਝਾਕ ਰਹੇ ਸਨ।

ਮੈਂ ਇਕ ਫੁੱਲ ਤੋੜ ਲਿਆ। ਉਸੇ ਵੇਲੇ ਇਕ ਮੋਟੀ ਗਿਰਝ ਆਪਣੇ ਘਸਮੈਲੇ ਖੰਭ ਫੜਫੜਾਉਂਦੀ ਹੋਈ ਸਿਵਿਆਂ ਵੱਲ ਉੱਡ ਪਈ।

ਔੜ ਖਾਧੀ ਧਰਤ ਉੱਤੇ ਤੁਰਦਾ ਤੁਰਦਾ ਛੇਕੜ ਮੈਂ ਉਸ ਪਿੱਪਲ ਕੋਲ ਆਇਆ ਜਿਥੇ ਦੋ ਸਾਲ ਪਹਿਲਾਂ ਮੈਂ ਤੇ ਰੰਮੀ ਮਿਲੇ ਸਾਂ।

ਸੂਰਜ ਹੁਣ ਪੱਛਮ ਵਿਚ ਲੱਥ ਚੁੱਕਾ ਸੀ ਤੇ ਹਨੇਰਾ ਕੋਲਿਆਂ ਖੂੰਜਿਆਂ ਵਿਚੋਂ ਨਿਕਲ ਕੇ ਧਰਤੀ ਉੱਤੇ ਵਿਛਦਾ ਜਾਂਦਾ ਸੀ।

ਮੈਂ ਪਿੱਪਲ ਦੇ ਮੁੱਢ ਉੱਤੇ ਹੱਥ ਫੇਰਦੇ ਹੋਏ ਆਪਣਾ ਨਾਂ ਟੋਲਣ ਲੱਗਾ। ਇਕ ਥਾਂ ਲਕੀਰ ਹੇਠਾਂ ਮੇਰਾ ਨਾਂ ਚੌੜੇ ਚੌੜੇ ਅੱਖਰਾਂ ਵਿਚ ਖੁਰਚਿਆ ਹੋਇਆ ਸੀ ਤੇ ਉਸ ਦੇ ਉੱਤੇ ਰੰਮੀ ਦਾ ਨਾਂ ਕੁਝ ਅਜੀਬ ਤਰ੍ਹਾਂ ਪਾਟ ਕੇ ਖਿੰਡਿਆ ਪਿਆ ਸੀ।

□

